ਤਮਾਮ ਹੱਕ ਮਹਿਫ਼ੂਜ਼ ਹੈਂ

ਆਦਿਗੁਰਏਨਮਹ ਜੁਗਾਦਿਗੁਰਏਨਮਹ ਸਤਿਗੁਰਏਨਮਹ ਸ੍ਰੀਗੁਰਦੇਵਏਨਮਹ

ਸਿਮਰਉ ਸਿਮਰ ਸਿਮਰ ਸੁਖਪਾਵੋਂ। ਕਲਿਕਲੇਸ਼ ਤਨਮਾਹਿ ਮਿਟਾਵੋਂ

ੴ ਸਤਿਗੁਰ ਪ੍ਰਸਾਦਿ

# ਗੁਰ ਗਿਰਾ

# ਰਾਗਮਾਲਾ ਮੰਡਨ ਪ੍ਰਬੋਧ ਗ੍ਰੰਥ

## ਅਰਥਾਤ

## ਮੁਸ਼ਕਲ ਨੰਬਰ ੨ ਦਾ ਉਤ੍ਰ

ਸ੍ਰੀਮਾਨਜ ਪੰਡਿਤ ਵਰਯ ਗੁਰਮੁਖ ਸਿੰਘ ਜੀ

ਮਹੰਤ ਲੰਮੇਂ ਜਾਗੀਰ ॥

## ਚਰਣ ਸਿਖਜਤ ਸੰਤ ਟੈਹਿਲ ਸਿੰਘ

ਵਿਰੱਚਿਤ

ਸ੍ਰਾਵਣ ਸੁਦੀ ੧੫ ਸੰ: ਸ੍ਰੀ ਗੁਰੂ ਨਾ: ਸ਼ਾ: ੪੪੦ ਸੰ: ਬਿ:
੧੯੬੫ ਸੰਨ ਈ: ੧੯੦੮ ਨੂੰ ਦਰਬਾਰ ਸ੍ਰੀਅੰਮ੍ਰਿਤਸਰ
ਜੀ ਦਰਸਨੀ ਦ੍ਵਾਜੇ ਉਪ੍ਰ ਸ਼ੋਧਕਰ ਅਤੇ ਹੋਰ ਪੰਥ
ਮੁਖੀ ਵਿਦ੍ਵਾਨਾਂ ਦੀ ਸੰਮਤੀ ਸੇ ਪ੍ਰਕਾਸ਼ਤ ਹੂਆ

ਪਹਿਲੀ ਵਾਰ ੨,੦੦੦

ਸ੍ਰੀ ਗੁਰਬਖਸ਼ ਪ੍ਰੇਸ ਲਾਹੌਰ ਮੇਂ ਭਾਈ ਹੇਮ ਸਿੰਘ ਕੇ ਪ੍ਰਬੰਧ ਸੇ ਛਪਾ ॥

1533

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਸ੍ਰੀ ਵਾਹਿਗੁਰੂ ਜੀ ਕਾ ਖ਼ਾਲਸਾ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ ॥

੧ੴ ਸਤਿਗੁਰ ਪ੍ਰਸਾਦਿ ॥

# ਪ੍ਰਾਰਥਨਾ

ਪਜਾਰੇ ਖ਼ਾਲਸਾ ਜੀ !

## "ਰਾਗਮਾਲਾ ਮੰਡਨ ਪ੍ਰਬੋਧ ਗ੍ਰੰਥ"

ਮੇਂ ਬਾਰਾਂ ਸ੍ਵਾਲ ਜੋ ਖ਼ਾਲਸਾ ਰਹਿਤ ਪ੍ਰਕਾਸ਼ ਕੇ ਮੁਸ਼ਕਲ ਨੰ: ੨ ਦੇ ਸ੍ਵਾਲ ਮੇਂ ਹੈਂ ਉਨਕਾ ਉਤ੍ਰ ਇਸ ਗ੍ਰੰਥ ਮੇਂ ਵਿਦ੍ਵਾਨਾਂ ਦੇ ਵਿਚਾਰ ਅਰਥ ਪ੍ਰਕਾਸ਼ਤ ਕੀਆ ਹੈ ਪਹਿਲੇ ਭੀ ਬਹੁਤ ਪੰਥ ਮੁਖੀ ਵਿਦ੍ਵਾਨਾਂ ਦੀ ਸੰਮਤੀ ਲੈ ਕੇ ਛਪਵਾਯਾ ਹੈ ਅਤੇ ਉਮੈਦ ਹੈ ਜੋ ਸਾਰ ਗ੍ਰਾਹੀ ਅਤੇ ਗੁਰੂ ਕੇ.ਖ਼ੈਰਖ੍ਵਾਹੀ ਪੰਥਕ ਵਿਚਾਰਵਾਨ ਅਪਨੇ ਵਿਚਾਰ ਰੂਪ ਤਰਾਜ਼ੂ ਸੇ ਵਜ਼ਨ ਕਰਕੇ ਜਲਦੀ ਅਪਣੀ ਸੰਮਤੀ ਭਾਵ ਗ੍ਰਹਿਣ ਪਤ੍ਰ ਜੋ ਇਸ ਗ੍ਰੰਥ ਦੇ ਅੰਤ ਪਰ ਹੈ ਤਿਸ ਮੇਂ ਲਿਖ ਕਰ ਭੇਜ ਕੇ ਸੇਵਕ ਨੂੰ ਕ੍ਰਿਤਾਰਥ ਕਰੇਂਗੇ:—

ਦੂਸਰਾ ਜਿਹ ਭੀ ਪੰਥ ਮੇਂ ਪ੍ਰਸਿਧ ਹੈ ਕਿ ਇਨ੍ਹਾਂ ਸ੍ਵਾਲਾਂ ਦੇ ਛੇੜਨੇ ਦੀ ਕੋਈ ਇਤਨੀ ਜ਼ਰੂਰਤ ਭੀ ਨਹੀਂ ਸੀ ਕਿਉਂਕਿ ਐਸੇ ੨ ਸ੍ਵਾਲਾਂ ਦੀ ਕ੍ਰਿਪਾ ਕਰ ਹੀ ਪੰਥ ਮੇਂ ਫੁਟ ਸਾਹਿਬ ਨੇ ਦਰਸ਼ਨ ਦੇ ਕੇ ਤੇ ਪੰਥ ਨੂੰ ਅਠੀ ਖੰਡ ਔਰ ਖੇਰੂ ਬੇਰੂ ਕਰ ਦਿਤਾ ਹੈ, ਪੰਥ ਨੂੰ ਯਾਦ ਹੈ ਕਿ ਪੰਥ ਦੀ ਨਮਾਨੀ ਟ੍ਰੈਕਟ ਸੁਸਾਇਟੀ ਅਤੇ ਖਾਲਸਾ ਸਮਾਚਾਰ ਨੇ ਕਿਤਨੇ ਪੰਥ ਰੂਪ ਸੁੰਦ੍ਰ ਫੂਲਾਂ ਨੂੰ ਇਕਠਾ ਕਰ ਗ਼ੁਲਦਸਤਾ ਬਾਂਧ ਏਕ ਗਿਲਾਸ ਮੇਂ ਰਖ ਦਿਖਾਯਾ, ਪ੍ਰੰਤੂ ਦੋ ਕੁ ਸਾਲ ਦੇ ਐਸੇ ੨ ਸ੍ਵਾਲ ਛਿੜੇ ਜੋ ਆਹਿਸਤਾ ੨ ਉਸ ਕੋਂਦ੍ਰ ਯਾਨੇ ਉਸ ਗ਼ੁਲਦਸਤੇ ਨੂੰ ਖੰਡਨ ਕਰਨੇ ਮੇਂ ਕੁਛ ਫਰਕ ਨਹੀਂ ਛੱਡਿਆ, ਸੁ ਇਸ ਵਾਸਤੇ ਪੰਥ ਰਤਨੋਂ ਜਲਦੀ ਇਸ ਸਮੇ ਨੂੰ ਨਿਜਿਠ ਲਵੋ ॥ ਅਤੇ ਜਿਨ ਸ੍ਵਾਲੋਂ ਨੇ ਪੈਦਾ ਹੁੰਦਿਆਂ ਪੰਥ ਮੇਂ ਖਲਬਲੀ ਮਚਾ ਦਿਤੀ ਹੈ ਜਬ ਬੜੇ ਹੋ ਜਾਨਗੇ ਤੋ ਫਿਰ ਨਾ ਮਾਲੂਮ ਜੁ ਕਿਆ ੨ ਦਿਕਤਾਂ ਪੈਦਾ ਕਰੇਂ ॥

ਇਸਤੇ ਬੇਨਤੀ ਹੈ ਜੋ ਜਲਦੀ ਹੀ ਇਨਕੋ ਵਿਚਾਰ ਰੂਪ ਤਰਾਜ਼ੂ ਸੇ ਕਢਕੇ ਫੈਸਲਾ ਕਰ ਲੋਂ ॥

ਪ੍ਰੰਤੂ ਅਬ ਏਹ ਗ੍ਰੰਥ ਜੋ ਆਪ ਦੀ ਸੇਵਾ ਵਾਸਤੇ ਹਾਜਰ ਹੂਆ ਹੈ ਇਸਨੂੰ ਜਲਦੀ ਵਿਚਾਰ ਕਰ ਸੰਮਤੀ ਗ੍ਰਹਿਣ ਪਤ੍ਰ ਮੇਂ ਲਿਖ ਭੇਜੋ ਅਤੇ ਉਮੈਦ ਹੈ ਜੋ ਸੇਵਕ ਬਾਕੀ ਸ੍ਵਾਲ ੪੯ ਜੋ ਰਹਿਤ ਪ੍ਰਕਾਸ਼ ਮੇਂ ਹੈਂ ਉਨਕਾ ਵੀਚਾਰ ਭੀ ਕਰੇਗਾ ਪ੍ਰੰਚੇ ਜੋ ਸਜਨ ਇਸ ਗ੍ਰੰਥ ਨੂੰ ਵੀਚਾਰਕੇ ਹਾਂ ਨਾਂਹ ਦੀ ਕੁਛ ਸੰਮਤੀ ਨਹੀਂ ਦੇਂਗੇ ਯਾ ਲਿਹਾਜ਼ਨ ਪੱਖਜਪਾਤ ਸੇ ਦੇਗਾ ਵਹਿਗੁਰੂ ਮਾਰਿਆ ਹੋਗਾ ॥

ਖਾਲਸੇ ਦਾ ਪ੍ਰਾਰਥਕ

**ਸੰਤ ਟੈਹਿਲ ਸਿੰਘ**



Sri Satguru Jagjit Singh Ji eLibrary NamdhariElibrary@gmail.com

# ਰਾਗਮਾਲਾ ਮੰਡਨ ਪ੍ਰਬੋਧ ਮਨਜ਼ੂਰੀ ਮੇਂ ਸੰਮਤੀ ਦੀ ਚਿਠੀਆਂ ਤਥਾ ਦਸ੍ਤਖ਼ਤ

੧ਓ ਸਤਿਗੁਰ ਪ੍ਰਸਾਦਿ ॥

ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ ॥ ਸਤਿ ਸ੍ਰੀ ਮਹਾਰਾਜ ਕਰੁਣਾ ਭੰਡਾਰ ਸਚੁ ਖੰਡ ਵਸੈ ਨਿਰੰਕਾਰ ॥ ਸੋ ਐਸਾ ਤਖਤ ਸ੍ਰੀ ਕੇਸ਼ਗੜ ਸਾਹਿਬ ਤਿਸ ਸਥਾਨ ਕੇ ਨਿਵਾਸੀ ਸ੍ਰਬਤ ਖਾਲ਼ਸੇ ਜੀ ਕੀ ਸ੍ਰੀ ਵਾਹਿਗੁਰੂ ਜੀ ਕੀ ਫਤੇ ਬੋਲੀ ਹੈ ਤੇ ਬੁਲਾਵਣੀ ਜੀ ॥ ਬੜੀ ਖੁਸੀ ਹੋਈ ਜੋ ਰਾਗਮਾਲਾ ਮੰਡਨ ਪ੍ਰਬੋਧ ਗ੍ਰੰਥ ਤਜਾਰ ਕੀਆ ਪਰਉਪਕਾਰ ਕੀਆ ॥ ਹਮ ਸਭ ਸਿੰਘਾਂ ਕੋ ਪ੍ਰਵਾਨ ਹੈ ਜੀ ॥ ਰਾਗਮਾਲਾ ਮੰਡਨ ਪ੍ਰਬੋਧ ਸ੍ਰੀ ੧੦੧ ਸ੍ਰੀ ਕਲਗੀਧਰ ਦਸਮੇ ਪਾਤਸ਼ਾਹ ਨੇ ਭੀ ਪ੍ਰਵਾਨ ਕਰੀ ਹੈ ਰਾਗਮਾਲਾ ਕਰਤਾਰਪੁਰ ਜੀ ਵਾਲੇ ਅਸਵਾਰੇ ਪਰ ਭੀ ਹੈ ਜੋ ਦਸਮ ਗੁਰੂ ਜੀ ਨੇ ਪਟਨੇ ਮੈ ਸੰਗਤ ਕੋ ਬਖਸਿਆ ਹੈ ਆਪ ਉਚਾਰ ਕੇ ਉਸ ਪਰ ਭੀ ਹੈ ॥ ਰਾਗਮਾਲਾ ਕੋ ਕੌਣ ਹੈ ਜੋ ਨਾ ਪ੍ਰਵਾਨ ਕਰੇ ॥ ਮੋਹਰ ਇਸ ਕਰਕੇ ਨਹੀਂ ਲੁਆਈ ਗਈ ਜੁ ਪੁਜਾਰੀ ਕੋਈ ਕਿਤੇ ਕੋਈ ਕਿਤੇ ਹੈ ਸਭ ਕਾ ਇਕੱਤ੍ਰ ਹੋਣਾ ਮੁਸ਼ਕਲ ਹੈ ॥

੧ —ਮਹੰਤ ਨਥਾ ਸਿੰਘ ਗਜਾਨੀ ਤਖਤ ਕੇਸ਼ਗੜ੍ਹ ਆਨੰਦਪੁਰ
੨ —ਬਰਿਆਮ ਸਿੰਘ ਕੇ: ਆਨੰਦਪੁਰ
੩ —ਸਪੂਰਨ ਸਿੰਘ ਕੇ: ਆਨੰਦਪੁਰ
੪ —ਸੰਤ ਸਿੰਘ ਕੇ: ਆਨੰਦਪੁਰ
੫ —ਲੈਹਣਾ ਸਿੰਘ ਕੇ: ਆਨੰਦਪੁਰ
੬ —ਸਾਉਣ ਸਿੰਘ ਕੇ: ਆਨੰਦਪੁਰ
੭ —ਜੀਵਣ ਸਿੰਘ ਪੁਜਾਰੀ ਕੇ: ਆਨੰਦਪੁਰ
੮ —ਗੰਗਾ ਸਿੰਘ ਕੇ: ਆਨੰਦਪੁਰ
੯ —ਪੁ: ਕਰਤਾਰ ਸਿੰਘ ਗੁਰੂ ਤੇਗ ਬਹਾਦ੍ਰ ਜੀ ਆਨੰਦਪੁਰ
੧੦ —ਕਾਨ ਸਿੰਘ ਕੇ: ਆਨੰਦਪੁਰ
੧੧ —ਸੇਰ ਸਿੰਘ ਕੇ: ਆਨੰਦਪੁਰ
੧੨ —ਛਜਾ ਸਿੰਘ ਰਾਗੀ ਕੇ: ਆਨੰਦਪੁਰ
੧੩ —ਅਮਰ ਸਿੰਘ ਕੇ: ਆਨੰਦਪੁਰ
੧੪ —ਮੰਗਲ ਸਿੰਘ ਕੇ: ਆਨੰਦਪੁਰ
੧੫ —ਚੇਤ ਸਿੰਘ ਕੇ: ਆਨੰਦਪੁਰ
੧੬ —ਨਰੈਣ ਸਿੰਘ ਕੇ: ਆਨੰਦਪੁਰ
੧੭ —ਦੀਵਾਨ ਸਿੰਘ ਕੇ: ਆਨੰਦਪੁਰ



Sri Satguru Jagjit Singh Ji eLibrary NamdhariElibrary@gmail.com

ਮੋਹਰ ਦੁਬਾਰ
ਦਮਦਮਾ
ਸਾਹਿਬ ਜੀ

ੴ ਸਤਿਗੁਰ ਪ੍ਰਸਾਦਿ ॥

ਲਿਖਤੁਮ ਸ੍ਰੀ ਦਰਬਾਰ ਦਮਦਮਾ ਸਾਹਿਬ ਗੁਰ ਕਾਂਸ਼ੀ ਤਖਤ ਹਜ਼ੂਰ ਸਰਬਤ ਮਹੰਤ ਸੰਤ ਖਾਲਸਾ ਜੀ ਸਾਹਿਬ, ਆਗੇ ਸ੍ਰੀ ਮਾਨ ਸ੍ਰੀ ਗੁਰੂ ਜੀ ਕੀ ਸੰਗਤਿ ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ ਜੀ ਸਰਬ ਗੁਰੂ ਕੇ ਪ੍ਰੇਮੀ ਖਾਲਸਾ ਜੀ ਕੋ ਪ੍ਰਗਟਿ ਹੋਵੇ ਕਿ ਜੋ (ਰਾਗਮਾਲਾ ਮੰਡਨ ਪ੍ਰਬੋਧ) ਗ੍ਰੰਥ ਸੰਤ ਟੈਹਿਲ ਸਿੰਘ ਜੀ ਨੇ ਰਚਨ ਕੀਤਾ ਹੈ ਸੋ ਸਰਬ ਸ੍ਰੀ ਦਰਬਾਰ ਦਮਦਮਾ ਸਾਹਿਬ ਜੀ ਕੀ ਸੰਗਤਿ ਨੇ ਸੁਣ ਕਰ ਪ੍ਰਵਾਨ ਕੀਤਾ ਹੈ ਅਤੇ ਇਸ ਗ੍ਰੰਥ ਦੇ ਛਪਣ ਸੇ ਸਰਬ ਸੰਗਤਿ ਕੋ ਲਾਭ ਪਹੁੰਚੂ ਸੰ: ਸ੍ਰੀ ਗੁਰੂ ਨਾ: ੪੪੦ ਮਾਘ ੫ ॥

੧੯ —ਮ: ਸੁੰਦ੍ਰ ਸਿੰਘ ਦਮਦਮਾ ਸਾਹਿਬ
੧੯ —ਮ: ਕੇਸਰ ਸਿੰਘ ਦਮ: ਸਾ:
੨੦ —ਪੰਜਾਬ ਸਿੰਘ ਜੀ ਗਜਾਨੀ ਦ:
੨੧ —ਕਿਸਨ ਸਿੰਘ ਗਜਾਨੀ ਦ:
੨੨ —ਪੰ: ਮਾਨ ਸਿੰਘ ਬਰਕਤ ਦਮਦਮਾ ਸਾਹਿਬ
੨੩ —ਮਲ ਸਿੰਘ ਬਰਕਤ ਦਮਦਮਾ ਸਾਹਿਬ
੨੪ —ਸਾਹਿਬ ਸਿੰਘ ਬਰਕਤ ਦਮ:
੨੫ —ਸਰਮਖ ਸਿੰਘ ਬਰਕਤ ਦਮਦਮਾ ਸਾਹਿਬ
੨੬ —ਪੰ: ਨਾਰਾਯਣ ਸਿੰਘ ਦਮਦਮਾ ਸਾਹਿਬ
੨੭ —ਮ: ਸੁੰਦ੍ਰ ਸਿੰਘ ਲੌਂਗੋਵਾਲ
੨੮ —ਸੁੰਦ੍ਰ ਸਿੰਘ ਮਾਂਗਟ
੨੯ —ਮਹੰਤ ਸੋਢੀ ਸੰਪੂਰਨ ਸਿੰਘ ਗੁਰਦੁਵਾਰਾ ਮੌੜਾ
੩੦ —ਮ: ਕਿਸਨ ਸਿੰਘ ਢੱਢਿਆਂ ਕਾ
੩੧ —ਮ: ਵਧਾਵਾ ਸਿੰਘ ਲੈਹਿਰਾ ਖਾਨਾ
੩੨ —ਭਾਈ ਫੁਲੇਲ ਸਿੰਘ ਗ੍ਰੰਥੀ ਸ਼ਾਹਜ਼ਾਦ ਪੁਰ
੩੩ —ਗੰਗਾ ਸਿੰਘ ਧਮ ਧਾਨ ਸਾਹਿਬ ਜੀ
੩੪ —ਮ: ਸੋਹਨ ਸਿੰਘ ਚਕ ਭਾਈ ਕਾ ਬੋਹੜਵਾਲਾ
੩੫ —ਭਾਈ ਸਾਹਿਬ ਸਿੰਘ ਜੀ ਗਜਾਨੀ ਪੱਕਾ ਪਥਰਾਲਾ
੩੬ —ਚੌਧਰੀ ਹੀਰਾ ਸਿੰਘ ਗੁਜਰਖ਼ਾਨ
੩੭ —ਸਾਹਿਬ ਸਿੰਘ ਠੇਕੇਦਾਰ ਘਰਾਟ ਚਨਾਬ ਕਨਾਲ ਸਾਂਗਲਾ ਹਿਲ
੩੮ —ਚੌਧਰੀ ਨਾਰਾਯਣ ਦਾਸ ਸਾਂਗਲਾ ਹਿਲ
੩੯ —ਭਾਈ ਦੀਵਾਨ ਚੰਦ ਗਯਾਨੀ ਸਾਂਗਲਾ ਹਿਲ
੪੦ —ਭਾਈ ਹਰਿਨਾਮ ਸਿੰਘ ਸਾਂਗਲਾ ਹਿਲ



Sri Satguru Jagjit Singh Ji eLibrary NamdhariElibrary@gmail.com

੪੧ —ਭਾਈ ਗੁਰਦਿਤ ਸਿੰਘ ਗੁਰਮਤ ਪ੍ਰਚਾਰਕ ਵ ਗ੍ਰੰਥੀ ਸਿੰਘ ਸਭਾ ਬਾਸੂ ਜ਼ਿਲਾ (ਗੁਜਰਾਤ
੪੨ —ਭਾਈ ਉਮੈਦ ਸਿੰਘ ਗ੍ਰੰਥੀ ਪਲਟਨ ਨੰ: ੨੧
੪੩ —ਭਾਈ ਬਾਰਾ ਸਿੰਘ ਚਕ੍ਰ ਨਵਾਸ਼ੀ
੪੪ —ਭਾਈ ਤਾਰਾ ਸਿੰਘ ਮਾਸਟਰ ਵਿਦਵਾਨ ਕਲਾਸ ਰਾਵਲਪਿੰਡੀ ਸਕੂਲ ਸਰਦਾਰ (ਬੂਟਾ ਸਿੰਘ
੪੫ —ਸੰਤ ਸੋਭਾ ਸਿੰਘ ਜੀ ਗਜਾਨੀ ਮਾਣੋਂ ਕੀ
੪੬ —ਮ: ਜਵਾਹਰ ਸਿੰਘ ਜੀ ਮੁਕਤਿਸਰ ਜੀ
੪੭ —ਮ: ਰਤਨ ਸਿੰਘ ਸਰਾਂਵਾਂ
੪੮ —ਸੰਤ ਨਾਰਾਯਣ ਸਿੰਘ ਗਜਾਨੀ ਮੁਕਤਿਸਰ ਜੀ
੪੯ —ਮ: ਆਤਮਾ ਸਿੰਘ ਮੁਕਤਸਰ ਡੇਰਾ ਦਮਦਮਾ ਸਾਹਿਬ
੫੦ —ਕੁਠਾਰੀ ਹੀਰਾ ਸਿੰਘ ਡੇਰਾ ਦਮਦਮਾ ਮੁਕਤਸਰ ਜੀ
੫੧ —ਬਬੇਕਾ ਸਿੰਘ ਜੀ ਗਜਾਨੀ ਸ੍ਰੀ ਅੰਮ੍ਰਿਤਸਰ
੫੨ —ਮਹੰਤ ਰਤਨ ਸਿੰਘ ਜੀ ਸ੍ਰੀ ਅੰਮ੍ਰਿਤਸਰ
੫੩ —ਸੰਤ ਨੰਦ ਸਿੰਘ ਜੀ ਗਜਾਨੀ ਪੰਡਿਤ ਸ੍ਰੀ ਅੰਮ੍ਰਿਤਸਰ
੫੪ —ਮਹੰਤ ਦਯਾ ਸਿੰਘ ਧਰਮਸਾਲ ਲਾਲ ਸਰਾਫ ਅੰਮ੍ਰਿਤਸਰ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਪ੍ਰੇਮ ਪਿਆਰੇ ਗੁਰੂ ਕੇ ਸਵਾਰੇ ਜੋ ਕਿ ਮਨਮਤ ਖੰਡਨ ਦੇ ਵਾਸ੍ਤੇ ਤੁਸਾਨੇ ਕੋਸ਼ਿਸ਼ ਕਰਕੇ (ਰਾਗਮਾਲਾ ਮੰਡਨ ਪ੍ਰਬੋਧ) ਗ੍ਰੰਥ ਬਨਾਯਾ ਸੋ ਬੜੀ ਹੀ ਖੁਸ਼ੀ ਹੋਈ ਹੈ ਰਾਗਮਾਲਾ ਪੜ੍ਹਨੀ ਔਰ ਰਾਗਮਾਲਾ ਗੁਰਬਾਣੀ ਸਾਨੂ ਬੜੀ ਹੀ ਖੁਸ਼ੀ ਨਾਲ ਮਨਜ਼ੂਰ ਹੈ ਔਰ ਨਾਮਧਾਰੀ ਤਮਾਮ ਖਾਲਸੇ ਕੋ ਮਨਜ਼ੂਰ ਹੈ:—

ਦਸ੍ਤਖਤ ਪ੍ਰਤਾਪ ਸਿੰਘ
ਗੁਰਦੁਯਾਰਾ ਮਹਾਰਾਜ ਭੈਣੀ ਸਾਹਿਬ ॥



Sri Satguru Jagjit Singh Ji eLibrary NamdhariElibrary@gmail.com

| | |
|---|---|
| ਮੋਹਰ ਖਾਸ<br>ਤੰਬੂ ਸਾਹਿਬ<br>ਜੀ | ਮੋਹਰ ਬੜਾ<br>ਦਰਬਾਰ<br>ਮੁਕਤਿਸਰ<br>ਜੀ |

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ॥

ਲਿਖ ਤੁਮ ਸ੍ਰੀ ਦਰਬਾਰ ਮੁਕਤਿਸਰ ਜੀ ਸਰਬ ਗੁਰੂ ਕੀ ਸੰਗਤਿ ਕੋ ਪ੍ਰਗਟ ਹੋਵੇ ਕਿ ਜੋ ਗ੍ਰੰਥ ਸੰਤ ਟੈਹਿਲ ਸਿੰਘ ਜੀ ਰਾਗਮਾਲਾ ਮੰਡਨ ਪ੍ਰਬੋਧ) ਬਨਾਯਾ ਹੈ ਸੋ ਸ੍ਰੀ ਦਰਬਾਰ ਮੁਕਤਸਰ ਜੀ ਦੇ ਖਾਲਸਾ ਤਥਾ ਸਰਬ ਸੰਗਤਿ ਕੋ ਪ੍ਰਵਾਣ ਹੈ ਇਸਦੇ ਛਪਣੇ ਸੇ ਸਭ ਕੋ ਲਾਭ ਪਹੁੰਚੂ ॥ ਸੰਮਤ ਗੁਰੂ ਨਾਨਕ ੪੪੦ ਮਾਘਪ੍ਰਵਿਸ਼ੇ ੩

੫੫ —ਮਹੰਤ ਪ੍ਰੀਤਮ ਸਿੰਘ ਤੰਬੂ ਸਾਹਿਬ ਜੀ
੫੬ —ਭਾਈ ਸੋਭਾ ਸਿੰਘ ਗ੍ਰੰਥੀ ਤੰਬੂ ਸਾਹਿਬ
੫੭ —ਭਾਈ ਹੀਰਾ ਸਿੰਘ ਗ੍ਰੰਥੀ ਤੰਬੂ ਸਾਹਿਬ
੫੮ —ਮ: ਭਗਤਿ ਸਿੰਘ ਦਰਬਾਰ ਮੁਕਤਿਸਰ ਜੀ
੫੯ —ਜੋਧ ਸਿੰਘ ਦਰਬਾਰ ਮੁਕਤਿਸਰ ਜੀ
੬੦ —ਬਹਾਦਰ ਸਿੰਘ ਦਰਬਾਰ ਮੁਕਤਿਸਰ ਜੀ
੬੧ —ਭਾਈ ਅਤਰ ਸਿੰਘ ਦਰਬਾਰ ਮੁਕਤਸਰ ਜੀ
੬੨ —ਭਾਈ ਬੁਧ ਸਿੰਘ ਗ੍ਰੰਥੀ ਦਰਬਾਰ ਮੁਕਤਸਰ ਜੀ
੬੩ —ਭਾਈ ਕੇਸਰ ਸਿੰਘ ਦਰਬਾਰ ਦਮਦਮਾ ਮੁਕਤਸਰ ਜੀ
੬੪ —ਭਾਈ ਭਾਨ ਸਿੰਘ ਮਿੰਬ੍ਰ ਕਮੇਟੀ ਦਰਬਾਰ ਮੁਕਤਸਰ ਜੀ
੬੫ —ਵੀਰ ਸਿੰਘ ਮਹੰਤ ਦ੍ਰਬਾਰ ਮੁਕਤਸਰ ਜੀ
੬੬ —ਮੋਹਰ ਸਿੰਘ ਦ੍ਰਬਾਰ ਮੁਕਤਸਰ ਜੀ
੬੭ —ਸੋਹਨ ਸਿੰਘ ਦ੍ਰਬਾਰ ਮੁਕਤਸਰ ਜੀ
੬੮ —ਨਾਰੈਣ ਸਿੰਘ ਰਹਿਰਾਸੀਆ ਦ੍ਰਬਾਰ ਮੁਕਤਸਰ ਜੀ
੬੯ —ਮੁਕੰਦ ਸਿੰਘ ਦ੍ਰਬਾਰ ਮੁਕਤਿਸਰ
੭੦ —ਜਥੇਦਾਰ ਤੇਜਾ ਸਿੰਘ ਵਹੀਰੀਆ
੭੧ —ਮਹੰਤ ਲੈਹਿਣਾ ਸਿੰਘ ਦ੍ਰਬਾਰ ਮੁਕਤਿਸਰ
੭੨ —ਮਹੰਤ ਕਰਤਾਰ ਸਿੰਘ ਮਿੰਬ੍ਰ ਦ੍ਰਬਾਰ: ਮੁਕਤਿਸਰ
੭੩ —ਭਾਈ ਸਾਹਿਬ ਸਿੰਘ ਰਣਸੀਹ
੭੪ —ਸੰਤ ਚਰਨ ਸਿੰਘ ਉਪਦੇਸਕ ਅੰਮ੍ਰਿਤਸਰੀਏ
੭੫ —ਪੰਡਿਤ ਜੀਵਨ ਸਿੰਘ ਹੋਤੀ ਵਾਲੇ ਲਾਹੌਰ ਧਰ: ਰਾਇ ਹਰਨਾਮਦਾਸ
੭੬ —ਬਾਵਾ ਬਹਾਦ੍ਰ ਦਾਸ ਭਾਈ ਫੇਰੂ ਸੰ: ਸਚੀ ਵਾੜ੍ਹੀ
੭੭ —ਪੰਡਤ ਸੰਤ ਭਗਤਿ ਸਿੰਘ ਫਤਿਆਂ ਵਾਧ



Sri Satguru Jagjit Singh Ji eLibrary NamdhariElibrary@gmail.com

੭੮ —ਭਾਈ ਪ੍ਰਤਾਪ ਸਿੰਘ ਗ੍ਰੰਥੀ ਚੀਨ ਪੁਲੀਸ ਮਲ੍ਟਰੀ
੭੯ —ਮਹੰਤ ਛੋਟਾ ਠਾਕਰ ਸਿੰਘ ਡੇਰਾ ਅੰਤ੍ਰਯਾਮੀ ਸ੍ਰੀ ਅੰਮ੍ਰਿਤਸਰ
੮੦ —ਬਖਸ਼ੀਸ਼ ਸਿੰਘ ਜੀ ਗਿਆਨੀ ਸ੍ਰੀ ਅੰਮ੍ਰਿਤਸਰ ਜੀ
੮੧ —ਸੰਤੋਖ ਸਿੰਘ ਗਿਆਨੀ ਸ੍ਰੀ ਅੰਮ੍ਰਿਤਸਰ ਜੀ
੮੨ —ਭਾਈ ਹਰਿ ਭਜਨ ਸਿੰਘ ਗਿਆਨੀ ਸ੍ਰੀ ਅੰਮ੍ਰਿਤਸਰ ਜੀ
੮੩ —ਪੰਡਿਤ ਬੰਨਾ ਸਿੰਘ ਜੀ ਸ੍ਰੀ ਅੰਮ੍ਰਿਤਰ ਜੀ
੮੪ —ਭਾਈ ਹੀਰਾ ਸਿੰਘ ਸ੍ਰੀ ਅੰਮ੍ਰਿਤਸਰ ਜੀ
੮੫ —ਬਾਬਾ ਫਤੇ ਸਿੰਘ ਗਯਾਨੀ ਸ੍ਰੀ ਅੰਮ੍ਰਿਤਸਰ ਜੀ
੮੬ —ਸੰਤ ਗੁਰਦਿਤ ਸਿੰਘ ਜੀ ਕੌਲਸਰ ਸ੍ਰੀ ਅੰਮ੍ਰਿਤਸਰ ਜੀ
੮੭ —ਸੰਤ ਗੁਰਦਿਤ ਸਿੰਘ ਭਜਨਗੜ੍ਹ
੮੮ —ਪੰਡਿਤ ਪ੍ਰੀਤਮ ਸਿੰਘ ਭਜਨਗੜ੍ਹ
੮੯ —ਪੰਡਿਤ ਰਾਮ ਸਿੰਘ ਲੰਮੇਂ ਜਾਗੀਰ
੯੦ —ਮਹੰਤ ਭਗਵਾਨ ਸਿੰਘ ਜੀ ਲੰਮੇ ਜਾਗੀਰ
੯੧ —ਸੰਤ ਸੰਤ ਸਿੰਘ ਜੀ ਲੰਮੇ ਜਾਗੀਰ
੯੨ —ਸੰਤ ਬਿਸ਼ਨ ਸਿੰਘ ਗਯਾਨੀ ਲੰਮੇ ਜਾਗੀਰ
੯੩ —ਸੰਤ ਪ੍ਰਮਾਤਮਾ ਸਿੰਘ ਲੰਮੇ ਜਾਗੀਰ
੯੪ —ਸੰਤ ਅਚੱਲ ਸਿੰਘ ਗਜਾਨੀ ਜੰਬ੍ਰ ਛੋਟੇ
੯੫ —ਗਿਆਨ ਸਿੰਘ ਜੀ ਗਜਾਨੀ ਮੋਤੀ ਬਾਗ ਪਟਿਆਲਾ
੯੬ —ਗਿਆਨੀ ਬਿਸ਼ਨ ਸਿੰਘ ਜੀ ਪਟਜਾਲਾ
੯੭ —ਮਹੰਤ ਨਿਹਾਲ ਸਿੰਘ ਜੀ ਪਟਿਆਲਾ ਮਕਾਨ ਬਾਬਾ ਗਾਂਧਾ ਸਿੰਘ ਜੀ
੯੮ —ਮਹੰਤ ਬੁਢਾ ਸਿੰਘ ਜੀ ਸੈਕ੍ਰੇਟਰੀ ਪੰਚਾਇਤੀ ਅਖਾੜਾ ਨਿਰਮਲਾ
੯੯ —ਮਹੰਤ ਜੁਆਲਾ ਸਿੰਘ ਜੀ ਅਖਾੜਾ ਪੰਚਾਇਤੀ ਨਿਰਮਲਾ
੧੦੦ —ਪਰੋਹਤ ਜੋਧ ਸਿੰਘ ਜੀ ਪਟਿਆਲਾ
੧੦੧ —ਮਹੰਤ ਅਘੜ ਸਿੰਘ ਜੀ ਧਮਧਾਨ ਸਾਹਿਬ
੧੦੨ —ਮਹੰਤ ਹਰਨਾਮ ਸਿੰਘ ਜੀ ਕਨਖਲ ਜਿਲਾ ਸਹਾਰਨਪੁਰ
੧੦੩ —ਮਹੰਤ ਨਾਰਾਯਣ ਸਿੰਘ ਜੀ ਨੀਲ ਪੁਰ ਰਿਆਸਤ ਪਟਿਆਲਾ
੧੦੪ —ਮਹੰਤ ਰਾਮ ਸਿੰਘ ਜੀ ਸੁਧਾਸਰ ਬੁੰਗਾ ਬਾਬਾ ਨੈਨਾ ਸਿੰਘ ਪਟਿਆਲਾ
੧੦੫ —ਕੁਠਾਰੀ ਸੁੰਦਰ ਸਿੰਘ ਪਟਿਆਲਾ ਧਰਮਧਜਾ ਨਿਰਮਲਾ ਅਖਾੜਾ
੧੦੬ —ਮਹੰਤ ਨੰਦ ਸਿੰਘ ਪੰਚਾਇਤੀ ਅਖਾੜਾ ਨਿਰਮਲਾ
੧੦੭ —ਮਹੰਤ ਹਰਦਿਤ ਸਿੰਘ ਪਚਾਇਤੀ ਅਖਾੜਾ ਨਿਰਮਲਾ
੧੦੮ —ਮਹੰਤ ਗਣੇਸ਼ਾ ਸਿੰਘ ਬਦਰੀ ਨਾਰਾਯਣ
੧੦੯ —ਸ੍ਰੀ ਮਹੰਤ ਮੇਹਰ ਸਿੰਘ ਜੀ ਪਟਿਆਲਾ
੧੧੦ —ਮਹੰਤ ਦਜਾ ਸਿੰਘ ਲਾਹੌਰ
੧੧੧ —ਮਹੰਤ ਪੰ: ਸ਼ੇਰ ਸਿੰਘ ਜੀ ਲਾਹੌਰ
੧੧੨ —ਸੰਤ ਪ੍ਰੀਤਮ ਸਿੰਘ ਜੀ ਲੰਮੀ ਜਾਗੀਰ



Sri Satguru Jagjit Singh Ji eLibrary NamdhariElibrary@gmail.com

੧੧੩ —ਭਾਈ ਗੁਰਦਿਤ ਸਿੰਘ ਅਤਾਰ ਬਾਜ਼ਾਰ ਕਾਠੀਆਂ ਅੰਮ੍ਰਿਤਸਰ
੧੧੪ —ਭਾਈ ਲਾਲ ਸਿੰਘ ਜੀ ਅਤਾਰ ਅੰਮ੍ਰਿਤਸਰ ਜੀ
੧੧੫ —ਭਾਈ ਠਾਕੁਰ ਸਿੰਘ ਪਸਾਰੀ ਅੰਮ੍ਰਿਤਸਰ ਜੀ
੧੧੬ —ਭਾਈ ਕਰਮ ਸਿੰਘ ਮਨੀਜਾਰ ਅੰਮ੍ਰਿਤਸਰ ਜੀ
੧੧੭ —ਭਾਈ ਬਿਸ਼ਨ ਸਿੰਘ ਨਿਹਾਲ ਸਿੰਘ ਅੰਮ੍ਰਿਤਸਰ ਜੀ
੧੧੮ —ਭਾਈ ਗੁਰਦਿਤ ਸਿੰਘ ਨਿਵਾਰ ਵਾਲਾ ਅੰਮ੍ਰਿਤਸਰ ਜੀ
੧੧੯ —ਭਾਈ ਗੁਰਦਿਤ ਸਿੰਘ ਅਤਾਰ ਬਾਜਾਰ ਮਿਸਰੀ ਅੰਮ੍ਰਿਤਸਰ ਜੀ
੧੨੦ —ਭਾਈ ਹਰੀ ਸਿੰਘ ਲਿਖਾਰੀ ਅੰਮ੍ਰਿਤਸਰ ਜੀ
੧੨੧ —ਭਾਈ ਹੇਮ ਸਿੰਘ ਮੈਨੇਜਰ ਗੁਰਬਖ਼ਸ਼ ਪ੍ਰੇਸ ਲਾਹੌਰ

ਸ੍ਰੀਮਾਨ ਪੰਥ ਮੁਖੀ ਵਿਦਦ੍ਵਾਨ ਸ੍ਰਦਾਰ ਡਾਕਟਰ ਚਰਨ ਸਿੰਘ ਜੀ ਸ੍ਰੀ ਅੰਮ੍ਰਿਤਸਰ ਨਿਵਾਸੀ ਪਿਤਾ ਭਾਈ ਵੀਰ ਸਿੰਘ ਜੀ ਅਡੀਟਰ ਖਾਲਸਾ ਸਮਾਚਾਰ ਜੀ ਕੇ ਜਿਨਾ ਨੇ (ਰਾਗਮਾਲਾ ਮੰਡਨ ਪ੍ਰਬੋਧ) ਗ੍ਰੰਥ ਨੂੰ ਸਭ ਸੇ ਪਹਿਲੇ ਅਪਨੀ ਦ੍ਰਿਸ਼ਟੀ ਗੋਚਰ ਕਰ ਪ੍ਰਵਾਣ ਕੀਤਾ ਅਤੇ ਅਪਨੀ ਰਾਇ ਦਾ ਪਤ੍ਰ ਅਤੀ ਮਨੋਹਰ ਔ ਰਸੀਲੀ ਇਬਾਰਤ ਦਾ ਪ੍ਰਦਾਨ ਕੀਤਾ ਪ੍ਰੰਚੇ ਅਫਸੋਸ ਜੋ ਵਹਿ ਪੱਤ੍ਰ ਮੇਰੇ ਪਾਸੋਂ ਕਹੀਂ ਰਖਾ ਗਜਾ ਹੈ ਜੋ ਇਸ ਵਕਤ ਮੁਝ ਕੋ ਨਹੀਂ ਮਿਲਾ ਅਤੇ ਡਾਕਟਰ ਸਾਹਿਬ ਜੀ ਭੀ ਇਸ ਸੰਸਾਰ ਅਸਾਰ ਤੇ ਸਤਿ ਸ੍ਰੀ ਅਕਾਲ ਗਜਾ ਗੈ, ਕੁਛਕ ਡਾਕਟਰ ਸਾਹਿਬ ਜੀ ਦੀ ਇਬਾਰਤ ਮੈ ਦਰਸ਼ਕਾ ਦੀ ਦ੍ਰਿਸ਼੍ਰੀ ਗੋਚਰ ਕਰਦਾ ਹਾਂ ਸਮੇਤ ਗਵਾਹੀ ਕੇ ਜੋ ਮੇਰੇ ਯਾਦ ਹੈ ॥

੧ਓ ਸ੍ਰੀ ਵਾਹਿਗੁਰੂ ਜੀ ਕੀ ਫਤੇ ॥

ਸੁਸ੍ਰੀ ਸ੍ਰੀ ਮਾਨਜ ਗੁਰ ਜੀ ਕੇ ਪ੍ਰੇਮੀ ਸਤਜ ਗ੍ਰਾਹੀਓਂ ਕੋ ਵਿਦਤ ਹੋ ਕਿ ਰਾਗਮਾਲਾ ਬਾਣੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਪਰ ਹੈ ਜੋ ਕਿ ਭੋਗ ਦੀ ਸਮਾਪਤੀ ਭੀ ਇਸੀ ਬਾਣੀ ਕੋ ਪੜ੍ਹਕੇ ਗੁਰੂਘਰ ਦੇ ਪ੍ਰੇਮੀ ਕਰਦੇ ਹਨ ਪਰੰਤੂ ਅਜਕਲ ਚੰਦ ਕੁ ਗੁਰਸਿਖਾਂ ਵਿਚ ਇਹ ਆਸ਼ੰਕਾ ਆ ਗਈ ਹੈ ਕਿ ਰਾਗਮਾਲਾ ਗੁਰ ਬਾਣੀ ਨਹੀਂ ਯਦੀ ਇਹ ਆਸ਼ੰਕਾ ਸੰ: ਬਿ: ੧੯੦੦ ਦੇ ਕ੍ਰੀਬ ਸੇ ਸੋਭਾ ਸਿੰਘ ਸਾਹਿਬ ਜੀ ਸੇ ਸ਼ੁਰੂ ਹੂਈ ਹੈ ਪ੍ਰੰਤੂ ਉਨਕੇ ਸਰੀਰ ਮੇ ਜਬ ਅਤੀ ਤਕਲੀਫ ਜ਼ਬਾਨ ਬੰਦ ਹੋ ਜਾਨੇ ਦੀ ਔਰ ਸਰੀਰ ਦੇ ਕੁਸ਼ ਹੋ ਜਾਨੇ ਦੀ ਹੋ ਗਈ ਤੋ ਇਹ ਆਸ਼ੰਕਾ ਭੀ ਬੰਦ ਹੋ ਗਈ ਸੀ ਪਰੰਚੇ ਅਜਕਲ ਤੋਂ ਇਹ ਬਾਹਸ ਐਸੀ ਪ੍ਰਜੁਲਤ ਅਗਨੀ ਵਤ ਹੋ ਗਈ ਅਤੇ ਕੇਵਲ ਬਾਹਸ ਮੁਬਾਹਸਾਂ ਵਿਚ ਹੀ ਨਹੀਂ ਰਹੀ ਕਿੰਤੂ ਟ੍ਰੈਕਟਾਂ ਰਸਾਲਿਆਂ ਇਖਬਾਰਾਂ ਵਿਚ ਆ ਕੇ ਅਮਲੀ ਵਰਤਾਵ ਕਰਨ ਲਗ ਪਈ ਅਤੇ ਭ੍ਰਾਤ੍ਰੀ ਭਾਵ ਨੂੰ ਜੜ੍ਹ ਮੂਲ ਸੇ ਉਖਾੜਨ ਵਾਲੀ ਹੋ ਗਈ ਸੋ ਇਸ ਭ੍ਰਾਤ੍ਰੀ ਭਾਵ ਮੇਂ ਫੁਟ ਪਾਉਣ ਵਾਲੀ ਆਸ਼ੰਕਾ ਦੇ ਨਿਵਾਰਨ ਅਰਥ ਬਹੁਤ ਹੀ ਉਤਮ ਟ੍ਰੈਕਟ ਸੰਤ ਟੈਹਿਲ ਸਿੰਘ ਜੀ ਨੇ ਬਣਾਯਾ ਹੈ ਜਿਸਨੂੰ ਮੈਨੇ ਅਪਨੀ ਦ੍ਰਿਸ਼ਟੀ ਗੋਚਰ ਆਦਿ ਸੇ ਅੰਤ ਪ੍ਰਯੰਤ ਕੀਤਾ ਅਤੇ ਇਸ ਗ੍ਰੰਥ ਨੂੰ ਬਿਚਾਰ ਕੇ ਮੇਰਾ ਚਿਤ ਅਤੀ ਪ੍ਰਸੰਨ ਹੂਆ ਕਿਉਕਿ ਇਸ ਗ੍ਰੰਥ ਮੇਂ ਰਾਗਮਾਲਾ ਕੋ ਅਮੋਲਕ ਪ੍ਰਮਾਣੋਂ ਸੇ ਗੁਰਬਾਣੀ ਸਾਬਤ ਕੀਤਾ ਹੈ ਜੋ ਕਿ ਮੇਰੀ ਮਰਜ਼ੀ ਮੁਤਾਬਕ ਹੈ ਅਤੇ ਜਿਨ ਗ੍ਰੰਥੋਂ ਕੇ ਪ੍ਰਮਾਣ ਸੰਤ ਜੀ ਨੇ ਦੀਏ ਹਨ ਓਹ ਸਾਰੇ ਹੀ ਗ੍ਰੰਥ ਮੇਰੇ ਪਾਸ ਮੌਜੂਦ ਹਨ ਜੋ ਮੈ ਰਾਗਮਾਲਾ ਮੰਡਨ ਪ੍ਰਬੋਧ ਵਿਚਾਰ ਸਮੇ ਉਨ ਗ੍ਰੰਥੋਂ ਕੋ ਸਾਥ ਦੇ ਸਾਥ ਹੀ ਨਿਕਾਲ ਕੇ ਮੁਤਾਲਿਆ ਕਰਤਾ ਰਹਾ ਹਾਂ ਯਦੀ ਸੰਤ ਜੀ ਇਸ ਗ੍ਰੰਥ ਨੂੰ ਛਾਪਕੇ ਨ੍ਰਿਮਾਣ ਕਰ ਦੇਵੇਂ ਤੋਉ ਮੈਦ ਹੈ ਜੁ ਇਸ ਗ੍ਰੰਥ ਨੂੰ ਬੀਚਾਰ ਕਰ ਸਤਜ ਗ੍ਰਾਹੀ ਸਜਨ ਆਪਸ ਮੇ ਮ੍ਰੈਤੀ ਭਾਵ ਸੇ ਨਿਰਹਠ ਹੋਕਰ ਵਰਤਾਵ ਕਰੇਂਗੇ ਪ੍ਰੰਤੂ ਮੈ ਸੰਤ ਜੀ ਦੇ ਇਸ ਸਰਲ ਸੁਭਾਵ ਪਰ ਅਤੀ ਪ੍ਰਸੰਨ ਹਾਂ ਅਤੇ ਧੰਨਵਾਦੀ ਹਾਂ ਇਤਨੀ ਮੇਹਨਤ ਔ ਪ੍ਰੀਸ਼੍ਰਮ ਕਰ ਇਸ ਗ੍ਰੰਥ ਨੂੰ ਤਿਜਾਰ ਕੀਤਾ ਪਰੰਚੇ ਮੇਰੇ ਕਹਿਨੇ ਸੇ ਕਈ ਕੁ ਲੇਖਾਂ ਪਰ ਫੌਰਨ ਕਲਮ ਫੇਰ ਦਿਤੀ ਅਤੇ ਉਸਦੀ ਜਗਹਿ ਹੋਰ ਮਿਤ੍ਰਤਾ ਸੇ ਸਨਿੰਗਧ ਹੂਈ ਹੋਈ ਇਬਾਰਤ ਲਿਖ ਦਿਤੀ ਸੋ ਗੁਰੂ ਸਾਹਿਬ ਇਸ ਪ੍ਰੀਸ਼੍ਰਮ ਸੰਤ ਜੀ ਦੇ ਨੂੰ ਸਫਲਾ ਕਰੇਂ ।

ਪੰਥ ਕਾ ਸ਼ੁਭ ਚਿੰਤਕ ਡਾਕਟਰ ਚਰਨ ਸਿੰਘ ਸ੍ਰੀ ਅੰਮ੍ਰਿਤਸਰ



Sri Satguru Jagjit Singh Ji eLibrary NamdhariElibrary@gmail.com

ਡਾਕਟਰ ਜੀ ਦੇ ਲੇਖ ਨੂੰ ਮੈਂ ਪੂਰਾ ਨਹੀਂ ਲਿਖ ਸਕਿਆ ਪਰੰਤੂ ਜਬ ਭੀ ਮੈਨੂੰ ਓਹ ਸੁੰਦਰ ਲੇਖ ਡਾਕਟਰ ਸਾਹਿਬ ਜੀ ਦਾ ਮਿਲ ਜਾਵੇਗਾ ਤਬੀ ਓਸ ਨੂੰ ਫਿਰ ਭੀ ਛਪਾ ਕਰ ਸਜਨਾ ਦੀ ਦ੍ਰਿਸ਼ਟੀ ਗੋਚਰ ਕਰਾਂਗਾ ।

ਜਿਸ ਵਕਤ ਡਾਕਟਰ ਜੀ ਨੇ ਇਸ ਗ੍ਰੰਥ ਨੂੰ ਵਿਚਾਰਿਆ ਸੀ ਉਸ ਸਮੇ ਡਾਕਟਰ ਨਥਾ ਸਿੰਘ ਜੀ ਪਾਸ ਥੇ ਅਜ ਕਲ ਲਾਹੌਰ ਅਨਾਰਕਲੀ ਹੈਂ ਅਤੇ ਭਾਈ ਪ੍ਰੇਮ ਸਿੰਘ ਜੀ ਰਾਗੀ ਸ੍ਰੀ ਅੰਮ੍ਰਿਤਸਰ ਜੀ ਅਤੇ ਸੋਹਨ ਲਾਲ ਜੋ ਟ੍ਰੈਕਟ ਸੁਸਾਇਟੀ ਦੇ ਟ੍ਰੈਕਟਾਂ ਨੂੰ ਤਕਸੀਮ ਕਰਦਾ ਹੈ ਦੱਕੁ ਔਰ.ਭੀ ਸਿੰਘ ਥੇ ਜਿਨਕੇ ਨਾਮ ਨਾਮਾਲੂਮ ਹੈਂ ਸਜਨ ਦ੍ਰੀਆਫਤ ਕਰ ਸਕਤੇ ਹੈਂ ॥

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ॥

ਸ੍ਰੀਮਾਨ ਸੰਤ ਟੈਹਿਲ ਸਿੰਘ ਜੀ ਨੇ ਜੋ ਗ੍ਰੰਥ (ਰਾਗਮਾਲਾ ਮੰਡਨ ਪ੍ਰਬੋਧ) ਬਨਾਯਾ ਹੈ ਸੋ ਭਾਈ ਰੂਪੇ ਵਾਲੀ ਬੰਸ ਕੋ ਪ੍ਰਵਾਨ ਹੈ ਕਿਉਂਕਿ ਰਾਗਮਾਲਾ ਗੁਰਬਾਣੀ ਹੈ ੧੫ ਜੇਠ ੧੯੬੫ ਸੰਮਤ ਮੇਂ ਸਰਦਾਰ ਚੰਦਾ ਸਿੰਘ ਜੀ ਵਕੀਲ ਫੀਰੋਜ਼ਪੁਰ ਦੇ ਸਾਹਮਨੇ ਇਸ ਗ੍ਰੰਥ ਨੂੰ ਅਸਾਂ ਆਦਿ ਸੇ ਅੰਤ ਪ੍ਰਯੰਤ ਵੀਚਾਰਿਕੇ ਗੁਰਬਾਣੀ ਮੰਨ ਲਈ

੧੨੩— ਦਸੁਖਤ ਭਾਈ ਉਤਮ ਸਿੰਘ ਭਾਈ ਰੂਪਾ
੧੨੪—ਦਸੁਖਤ ਭਾਈ ਛੇਰ ਸਿੰਘ ਭਾਈ ਰੂਪਾ
੧੨੫—ਦਸੁਖਤ ਭਾਈ ਚਰਨ ਸਿੰਘ ਭਾਈ ਰੂਪਾ
੧੨੬—ਦਸੁਖਤ ਭਾਈ ਹੀਰਾ ਸਿੰਘ ਭਾਈ ਰੂਪਾ
੧੨੭—ਦਸੁਖਤ ਭਾਈ ਲੈਹਨਾ ਸਿੰਘ ਭਾਈ ਰੂਪਾ
੧੨੮—ਦਸੁਖਤ ਭਾਈ ਚੰਦਾ ਸਿੰਘ ਭਾਈ ਰੂਪਾ
੧੨੯—ਦਸੁਖਤ ਭਾਈ ਪ੍ਰੇਮ ਸਿੰਘ ਭਾਈ ਰੂਪਾ
੧੩੦—ਦਸੁਖਤ ਭਾਈ ਨਿਧਾਨ ਸਿੰਘ ਭਾਈ ਰੂਪਾ
੧੩੧—ਸੰਮਤੀ ਸ੍ਰਦਾਰ ਚੰਦਾ ਸਿੰਘ ਵਕੀਲ ਫੀਰੋਜ਼ਪੁਰ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਅਜ ਕਲ ਖਾਲਸਾ ਪੰਥ ਦੇ ਕਿਸੇ ੨ ਹਿੱਸੇ ਵਿਚ ਇਹ ਬਹਸ ਹੋ ਰਹੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਵਿਚ ਜੋ "ਰਾਗਮਾਲਾ" ਵਿੱਦਮਾਨ ਹੈ ਉਹ ਸ੍ਰੀ ਮੁਖਵਾਕ ਹੋਨੇ ਕਰਕੇ ਪ੍ਰਮਾਣੀਕ ਹੈ ਅਰ ਉਸਦੇ ਪਾਠ ਪਰ ਭੋਗਦੀ ਸਮਾਪਤੀ ਸਮਝਣੀ ਚਾਹੀਏ, ਅਰ ਕਈ ਇਸਦੇ ਬਿਪ੍ਰੀਤ ਕਹਿੰਦੇ ਹਨ ਕਿ ਇਹ ਸ੍ਰੀ ਮੁਖਵਾਕ ਨਹੀਂ ਅਰ ਇਸਦਾ ਪਾਠ ਭੋਗ ਸਮਜ ਜ਼ਰੂਰੀ ਨਹੀਂ ਹੈ ਇਹ ਬਹਸ ਵਿਖਯਾਨਾਂ ਵਿਚ ਹੀ ਬੰਦ ਨਹੀਂ ਰਹੀ ਕਿੰਤੂ ਪੁਸਤਕਾਂ ਟ੍ਰੈਕਟਾਂ ਰਸਾਲਿਆਂ ਅਰ ਅਖਬਾਰਾਂ ਵਿਚ ਆ ਗਈ ਹੈ ਅਰ ਕਿਤੇ ਕਿਤੇ ਇਸ ਬਹਸ ਮੁਬਾਹਸੇ ਪਰ ਝਗੜੇ ਭੀ ਹੂਏ ਹਨ— ਭਾਵ ਇਹੁ ਕਿ ਰਾਗਮਾਲਾ ਦੇ "ਪ੍ਰਮਾਣੀਕ" ਵ "ਅਪ੍ਰਮਾਣੀਕ" ਹੋਣ ਦੇ ਸਵਾਲ ਪਰ ਜੋ ਬਹਸ ਹੋ ਰਹੀ ਹੈ ਵਹੁ ਅਗਨੀ ਵਤ ਪ੍ਰਜੁਲਤ ਹੋ ਰਹੀ ਹੈ ਅਰ ਪੰਥ ਹਿਤੈਸ਼ੀ ਇਸ ਬਹਸ ਨੂੰ ਅਧਿਕ ਵਿਸਤਾਰ ਦੇਣਾ ਹਾਨੀਕਾਰਕ ਸਮਝਦੇ ਹਨ -ਇਸ ਵਤੰਡੇ ਵਾਦ ਨੂੰ ਰੋਕਣੇ ਨਮਿਤ ਤਥਾ ਸਤਜ ਗ੍ਰਾਹੀ ਸੱਜਣਾਂ ਦੇ ਗਿਆਨ ਹਿਤਾਰਥ ਸ੍ਰੀਮਾਨ ਸੰਤ ਟਹਿਲ ਸਿੰਘ ਜੀ ਲੰਮੇਂ ਜਾਗੀਰ ਵਾਲੋਂ ਨੇ ਇਸ ਸਵਾਲ ਪਰ ਇਕ ਮਸੌਦਾ ਟ੍ਰੈਕਟ ਦਾ ਲਿਖਿਆ ਹੈ ਜੋ ਸਾਡੀ ਦ੍ਰਿਸਟੀ ਗੋਚਰ ਹੋਇਆ ਹੈ, ਇਸਦਾ ਭਾਵ ਗੁਰਬਾਣੀ ਅਨਕੂਲ ਹੈ ਯਾਂਤੇ ਪ੍ਰਮਾਣੀਕ ਹੈ, ਯਦਿ ਸੰਤ ਟਹਿਲ ਸਿੰਘ ਜੀ ਇਸ ਗੁਟਕੇ ਵਾ ਟ੍ਰੈਕਟ ਨੂੰ ਨਜ਼ਰਸਾਨੀ ਕਰਕੇ ਛਾਪ ਦੇਣ ਅਰ ਪੰਥ ਵਿਚ ਇਸਦਾ



Sri Satguru Jagjit Singh Ji eLibrary NamdhariElibrary@gmail.com

ਪ੍ਰਚਾਰ ਕਰ ਦੇਣ ਤਾਂ ਆਸ਼ਯ ਹੈ ਕਿ ਜੋ ਅਨੁਚਿਤ ਅਰ ਹਾਨੀਕਾਰਕ ਬਹਸ ਇਸ ਸਮਯ ਹੋ ਰਹੀ ਹੈ ਓਹ ਬੰਦ ਹੋ ਜਾਵੇਗੀ ਅਰ ਪੰਥ ਨੂੰ ਲਾਭ ਪਹੁੰਚੇਗਾ—ਜਿਨ੍ਹਾਂ ਸਜਨਾਂ ਨੇ ਇਸ ਬਹਸ ਨੂੰ ਛੇੜਿਆ ਸੀ ਓਹ ਭੀ ਕੋਪ ਨਹੀਂ ਕਰਨਗੇ ਕਿਉਂਕਿ ਉਨਾਂ ਲਈ ਕੇਵਲ ਇਤਨਾ ਖਿਆਲ ਹੀ ਸੰਤੋਖ ਦੇਣ ਵਾਲਾ ਹੈ ਜੋ ਉਨਾਂ ਦੇ ਸਵਾਲ ਛੇੜਨੇ ਪਰ ਹੀ ਐਸਾ ਸੁੰਦਰ ਗ੍ਰੰਥ ਪੰਥ ਨੂੰ ਮਿਲਯਾ ਹੈ ਜੈਸਾ ਸੰਤ ਟਹਿਲ ਸਿੰਘ ਜੀ ਨੇ ਨ੍ਰਿਮਾਣ ਕੀਤਾ ਹੈ—ਇਸ ਗ੍ਰੰਥ ਦੀ ਛਪਵਾਈ ਅਰ ਪ੍ਰਚਾਰ ਨਮਿਤ ਤਥਾ ਗ੍ਰੰਥ ਦੀ ਪ੍ਰਮਾਣੀਕਤਾ ਦੀ ਪ੍ਰੋੜਤਾ ਨਮਿਤ ਵਿੱਦਵਾਨ ਸਜਣ ਪੁਰਸ਼ ਜਿਤਨੀ ਮਦਦ ਕਰ ਸਕਣ ਵਹੁ ਕਰਨੀ ਚਾਹੀਏ ॥

ਜਵਾਹਰ ਸਿੰਘ ਕਪੂਰ
ਫੈਲੋ ਪੰਜਾਬ ਯੂਨੀਵਰਸ੍ਰੀ

੨੦-੧੦-੧੯੦੮

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ॥

( ਕੁਜ ਥੋੜੇ ਜੇਹੇ ਸਮਯ ਤੋਂ ਖਾਲਸਾ ਪੰਥ ਵਿਚ ਚੰਦ ਇਕ ਸਿੰਘਾਂ ਨੈਂ ਇਹ ਗੁਰਮਤਾ ਅਰੰਭ ਕੀਤਾ ਹੋਇਆ ਹੈ ਕ੍ਰਿ ਆਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭੋਗ ਪਾਠ ਦੀ ਸਮਾਪਤੀ ਸਮਯ ਜੋ (ਰਾਗਮਾਲਾ) ਨਾਮੇ ਬਾਣੀ ਪੜ੍ਹੀ ਜਾਂਦੀ ਹੈ ਅਤੇ ਇਸ ਬਾਣੀ ਨੂੰ ਗੁਰ ਤਖਤ ਪੁਨਾ ਗੁਰ ਦੁਆਰੇ ਅਤੇ ਗੁਰੂ ਪੰਥੀ ਸੰਤ ਸਿਖ ਸੰਪੂਰਣ ਪੜ੍ਹਦੇ ਹਨ ਤੇ ਇਹੁ ਮਰਜਾਦਾ ਗੁਰੂ ਜੀ ਦੇ ਸਮਯ ਤੋਂ ਚਲੀ ਹੋਈ ਜਾਪਦੀ ਹੈ ਪ੍ਰੰਤੂ ਇਨਾ ਚੰਦ ਕੁ ਸਿੱਖਾਂ ਨੇ ਇਹੁ ਰੌਲਾ ਪਾ ਕੇ ਪੰਥ ਨੂੰ ਅਠੀ ਖੰਡ ਕਰਨ ਦਾ ਜਤਨੁ ਕਰ ਰਖਿਆ ਹੈ ਜਿਸਦੇ ਕਾਰਨ ਕਈ ਤਰਾਂ ਦੇ ਆਪਸ ਦੇ ਪੰਥਕ ਭ੍ਰਾਤੀ ਭਾਵ ਵਿਖੇ ਫਰਕ ਆ ਰਿਹਾ ਹੈ ਸੋ ਇਸ ਉਪਾਦ ਰੂਪ ਮਨ ਕਲਪਤ ਰਾਗਮਾਲਾ ਦੇ ਨਾ ਪੜ੍ਹਨ ਵਾਲਿਆਂ ਦੇ ਪੁਨਾ ਇਉਂ ਕਹਣ ਵਾਲਿਆਂ ਦੇ ਪ੍ਰਬੋਧ ਵਾਸਤੇ ਭਾਈ ਟੈਹਲ ਸਿੰਘ ਜੀ ਗਿਯਾਨੀ ਇਕ ਪੁਸਤਕ ਰਚਕੇ ਪੰਥ ਪ੍ਰਤੀ ਪ੍ਰਗਟ ਕਰਨ ਦੇ ਜਤਨ ਵਿਚ ਤਤਪਰ ਹਨ ਅਤੇ ਭਰੋਸਾ ਹੈ ਜੋ ਉਕਤ ਗਿਆਨੀ ਜੀ ਦਾ ਉਦਮ ਗੁਰੂ ਮਹਾਰਾਜ ਸੰਪੂਰਨ ਕਰਨਗੇ ਅਤੇ ਪੰਥ ਦੇ ਭੁਲੇ ਭਟਕੇ ਭੋਲੇ ਭਾਲੇ ਸਿੱਖ ਸੇਵਕ ਇਸ ਭੁਲ ਨੂੰ ਮੰਨਕੇ ਅਗੇ ਨੂੰ ਭੁਲ ਬਖਸ਼ਾਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚਲਾਈ ਹੋਈ ਮ੍ਰਜਾਦਾ ਵਿਖੇ ਤਤਪਰ ਰਹਨ ਗੇ ਅਤੇ ਇਸ ਪੁਸਤਕ ਦੇ ਛਪਨ ਵਾਸਤੇ ਭਾਈ ਸਾਹਿਬ ਜੀ ਨੂੰ ਜਥਾ ਜੋਗ ਮਦਤ ਦੇਣੀ ਜਰੂਰੀ ਹੈ ॥

ਪੋਹ ੧੧ ਸੰ: ਗੁ: ਨਾ: ੪੪੦
੨੩-੧੨-੧੯੦੮

ਪੰਥ ਦਾ ਸੁਭ ਚਿੰਤਕ ਠਾਕਰ ਸਿੰਘ ਗਿਆਨੀ
ਸ੍ਰੀ ਅੰਮ੍ਰਿਤਸਰ ਨਿਵਾਸੀ

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ॥

"ਰਾਗਮਾਲਾ" ਦੇ ਪੜ੍ਹਨ ਅਥਵਾ ਨਾ ਪੜ੍ਹਨ ਦੀ ਛੇੜਖਾਨੀ ਸ਼ੁਰੂ ਕਰਨੀ ਸਮੇ ਤੋਂ ਪਹਿਲਾਂ ਹੈ ਕਿਓਂ ਜੋ ਸਿਖ ਅਜੇ ਅਜੇਹੇ ਵਿੱਦਯਵਾਨ ਨਹੀਂ ਹੋਏ ਕਿ ਇਨ੍ਹਾਂ ਮਾਮਲਿਆਂ ਨੂੰ ਹੋਰਨਾਂ ਕੌਮਾਂ ਦੀ ਤਰ੍ਹਾਂ ਮੈਤ੍ਰੀ ਭਾਵ ਨਾਲ ਨਜਿਠ ਸੱਕਨ ! ਇਸ ਲਈ ਪੰਥ ਸੇਵਕਾਂ ਦੀ ਵਿਚਾਰ ਸ਼ਕਤੀ ਅਤੇ ਵਿੱਦਯਾ ਦਾ ਬਲ ਪ੍ਰਸਪਰ ਖਹਿ ਖਹਿ ਕੇ ਐਵੇਂ ਜਾ ਰਿਹਾ ਹੈ ! ਪਰ ਜੇ ਇਹ ਸ਼ੁਰੂ ਹੋ ਗਿਆ ਹੈ ਤਾਂ ਇਸ ਪਰ ਸਭ ਪਹਿਲੂਆਂ ਵਲੋਂ ਪੂਰੀ ਵਿਚਾਰਿ ਕਰਕੇ ਨਿਰਨਾਂ ਕਰਨਾ ਹੁਣ ਜ਼ਰੂਰੀ ਮਲੂਮ ਹੁੰਦਾ ਹੈ। ਇਸ ਲਈ ਜੇਕਰ ਸ੍ਰੀਮਾਨ ਸੰਤ ਟਹਿਲ ਸਿੰਘ ਜੀ ਇਸ ਵਿਸ਼ੇ ਪਰ ਆਪਨੀ ਬਨਾਈ ਹੋਈ ਪੁਸਤਕ ਨੂੰ ਛਪਵਾਕੇ ਪ੍ਰਕਾਸ਼ਤ ਕਰ ਦੇਨ ਤਾਂ ਕੋਈ ਦੋਸ਼ ਨਹੀਂ ਸਗੋਂ ਚੰਗਾ ਹੋਵੇਗਾ॥

੨੪-੧੨-੧੯੦੮

ਦਾਸ-ਜੀਵਣ ਸਿੰਘ ਅਡੀਟਰ ਖਾ:ਸੇ: ਸ੍ਰੀ ਅੰਮ੍ਰਿ:



Sri Satguru Jagjit Singh Ji eLibrary NamdhariElibrary@gmail.com

੧ੴ ਬੰਦਹ ਨੂੰ ਇਸ ਵੇਲੇ ਸੰਤ ਟਹਿਲ ਸਿੰਘ ਜੀ ਸਾਹਿਬ ਨੇ ਕਈ ਪ੍ਰਸ਼ਨ (ਅੰਤਕਾ) ਰਾਗਮਾਲਾ ਅਪ੍ਰਮਾਣ ਕਰਨੇ ਵਾਲਿਆਂ ਦੀ ਸੁਣਾਇਕੇ ਉਨਾਂ ਦੇ ਉੱਤਰ ਗੁਰਬਾਣੀ ਅਰ ਗੁਰਮਤ ਦੇ ਗ੍ਰੰਥ ਅਨੁਸਾਰ ਕਥਨ ਕੀਤੇ ਅਰ ਸਮਯ ਥੋੜਾ ਹੋਣੇ ਦੇ ਕਾਰਨ ਰਾਗਮਾਲਾ ਮੰਡਨ ਪ੍ਰਬੋਧ ਗ੍ਰੰਥਮੈਂ ਪੂਰਾ ਨਹੀਂ ਪੜ੍ਹਿਆ ਤਾਥੀ ਯੁਕਤ (ਯੋਗ) ਉਤਰ ਸਮਝ ਕੇ ਪ੍ਰਤੀਤ ਹੁੰਦਾ ਹੈ ਤਾਂ ਸੰਤ ਸਾਹਿਬਾਂ ਨੈ ਜੋ ਸ੍ਰਮ ਕੀਤਾ ਹੈ ਜਰੂਰ ਛਪਣਾ ਉਚਿਤ ਹੋਵੇਗਾ ॥ ਅਰ ਪੰਥ ਨੂੰ ਪ੍ਰਸਿੰਨਤਾ ਕਰੇਗਾ ॥

੨੫-੧੨-੧੯੦੮

ਬੰਦਹ ਸਰਦੂਲ ਸਿੰਘ ਗਿਆਨੀ

੧੯-੧-੧੯੦੯
ਫੀਰੋਜ਼ਪੁਰ

੧ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ

ਮੈਨੂੰ ਮਾਘੀ ਮੁਕਤਸਰ ਜੀ ਪਰ ਇਕ "ਗੁਰ ਗਿਰਾ ਰਾਗਮਾਲਾ ਮੰਡਨ ਪ੍ਰਬੋਧ" ਨਾਮੀਂ ਗ੍ਰੰਥ ਮਿਲਯਾ ਜਿਸਨੂੰ ਕਿ ਸ੍ਰੀ ਮਾਨ ਸੰਤ ਟਹਿਲ ਸਿੰਘ ਜੀ ਨੇਂ ਬੜੇ ਹੀ ਪਰੀਸ਼੍ਰਮ ਅਤੇ ਮੇਹਨਤ ਨਾਲ ਰਚਿਆ ਹੈ ਉੱਞ ਤਾਂ ਮੈਂ ਅਗੇ ਵੀ ਇਸ ਨਿਯਮ ਦਾ ਪੂਰਾ ਤੇ ਪਕਾ ਪਾਬੰਦ ਸਾ ਜੋ ਰਾਗਮਾਲਾ ਪੜ੍ਹ ਕੇ ਹੀ ਭੋਗ ਪਾਉਣਾਂ ਚਾਹੀਦਾ ਹੈ। ਪਰ ਇਸ ਗ੍ਰੰਥ ਨੇਂ ਮੇਰੇ ਖਿਆਲਾਂ ਨੂੰ ਹੋਰ ਵੀ ਪਕਿਆਂ ਕਰ ਦਿਤਾ ॥

ਓਹ ਸਜਨ ਵੱਡੀ ਭਾਰੀ ਭੁਲ ਵਿਚ ਪਏ ਹੋਏ ਹਨ ਕਿ ਜਿਨ੍ਹਾਂ ਨੇਂ ਸਭ ਤੋਂ ਪਹਿਲੇ ਆਪਣੇਂ ਪੂਜਯਨੀਯ ਧਰਮ ਪੁਸਤਕ (ਸ੍ਰੀ ਗੁਰੂ ਗ੍ਰੰਥ ਸਾਹਿਬ) ਪਰ ਨੁਕਤੇਚੀਨੀਂ (ਛਾਂਨ ਬੀਨ) ਕਰਨ ਦਾ ਹੀਲਾ ਕੀਤਾ ਹੈ ! ਅਸੀਂ ਕਹਿ ਸਕਦੇ ਹਾਂ ਕਿ ਦੂਜੇ ਧਰਮਾਂ ਦੀਆਂ ਪੁਸਤਕਾਂ ਨਾਲੋਂ ਜੇਕਰ ਸਾਡੇ ਧਰਮ ਪੁਸਤਕ ਵਿਚ ਕੁਛ ਵਾਧਾ ਅਤੇ ਵਡਿਆਈ ਹੈ ਤਦ ਓਹ ਇਹੋ ਹੀ ਹੈ ਕਿ ਇਸ ਧਰਮ ਪੁਸਤਕ ਨੂੰ ਸਾਡੇ ਸਤਿਗੁਰੂ ਜੀ ਨੇਂ ਇਕ ਤਾਂ ਆਪਣੀ ਰਸਨਾਂ ਦੁਆਰਾ ਉਚਾਰਿਆ ਅਤੇ ਦੂਸਰਾ ਆਪਣੇਂ ਹਥੀ ਇਸਦੀ ਬੀੜ ਤਯਾਰ ਕਰਾਈ ਏਦੇ ਵਿਚ ਕੋਈ ਸ਼ਕ ਨਹੀਂ ਕਿ ਅਜ ਕਲ ਹੋਰਨਾਂ ਕੌਮਾਂ ਦੀ ਵਲੋਂ ਧਰਮ ਪੁਸਤਕਾਂ ਦੀ ਛਾਂਣ ਵੀਟ ਹੋ ਰਹੀ ਹੈ ਪਰ ਓਹ ਇਸ ਲਈ ਕਿ ਓਹ ਧਰਮ ਪੁਸਤਕਾਂ ਪਿਛੋਂ ਬਣੀਆਂ ਹਨ ਜੋ ਨਾ ਮੁਕੰਮਲ ਹਨ ਪਰ ਸਾਡੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਏਸ ਨੁਕਤੇ ਤੋਂ ਬਾਹਰ ਹੈਂਨ !

ਦੂਜਾ ਇਹ ਭੀ ਗਲ ਹੈ ਕਿ ਅਜੇ ਹੇ ਮਾਂਮਲਿਆਂ ਨੂੰ ਸਦਾ ਅੰਤਰੰਗ ਦੀਵਾਂਨ ਕਰਕੇ ਫੈਸਲਾ ਕਰ ਲੈਣਾ ਚਾਹੀਦਾ ਹੈ ਕਿਉਂਕਿ ਇਸ ਤਰਾਂ ਨਾਲ ਲਿਖਤ ਵਿਚ ਆਉਣ ਤੇ ਮੌਜੂਦਾ ਤਾਰੀਖ ਵਿਚ ਸਾਡੇ ਲਈ ਇਕ ਕਲੰਕ ਦਾ ਟਿਕਾ ਲਗ ਜਾਵੇਗਾ ਜੋ ਫਲਾਨੇਂ ਸੰਮਤ ਵਿਚ ਸਿਖ ਕੌਮ ਦੇ ਇਕ ਹਿਸੇ ਨੇਂ ਆਪਣੀ ਧਰਮ ਪੁਸਤਕ ਦੀ ਛਾਂਣ ਬੀਂਣ ਕਰਨੀਂ ਚਾਹੀ ਸੀ !

ਤੀਜਾ ਅਜ ਇਕ ਜਥਾ ਰਾਗ ਮਾਲਾ ਕਢਣ ਦਾ ਜਦ ਹੀਲਾ ਤੇ ਹੌਸਲਾ ਕਰੇਗਾ ਤਦ ਕਲ ਨੂੰ ਦੂਜਾ ਹੋਰ ਕਈ ਇਕ ਬਾਣੀਆਂ ਨੂੰ ਕਢਣ ਦਾ ਸਾਹਸ ਭੀ ਕਰ ਸਕਦਾ ਹੈ !

ਅੰਤ ਵਿਚ ਬੇਨਤੀ ਹੈ ਕਿ ਲੰਮੀ ਨਿਗਾ ਨਾਲ ਵਿਚਾਰਦੇ ਹੋਏ ਏਸ ਮਾਂਮਲੇ ਨੂੰ ਏਥੇ ਹੀ ਸਮਾਪਤ ਕਰਕੇ ਆਪਣੀਂ ਅਕਲ ਤੇ ਵਿਦਆ ਤਥਾ ਸਮੇਂ ਨੂੰ ਕਿਸੇ ਹੋਰਸ ਲਾਭ ਵੰਦੇ ਕਾਰਜ ਵਲ ਲਗਾਉਣਾਂ ਚਾਹੀਦਾ ਹੈ ॥

ਏਸ 'ਰਾਗਮਾਲਾ ਮੰਡਨ ਪ੍ਰਬੋਧ" ਨਾਮੇ ਗ੍ਰੰਥ ਪਰ ਕੇਵਲ ਰਾਗ ਮਾਲਾ ਦੇ ਬਾਰੇ ਵਿਚ ਅਸੀਂ ਆਪਣੀਂ ਸੰਮਤੀ ਜ਼ਾਹਰ ਕੀਤੀ ਹੈ ਪਰ ਹਾਂ ਇਸ ਵਿਚ ਕੋਈ ਸ਼ੱਕ ਨਹੀ ਜੋ ਸੰਤ ਜੀ ਨੇ ਕੋਸ਼ਿਸ਼ ਅਤੇ ਮਿਹਨਤ ਬਿਤੋਂ ਬਾਹਰੀ ਕੀਤੀ ਹੈ ਜਿਸਦੇ ਪਰਮ ਧਨਯਵਾਦੀ ਹਾਂ ਪਿਤਾ ਕਲਗੀਧਰ ਏਸੇ ਹੀ ਤਰਾਂ ਆਪਨੂੰ ਹਿੰਮਤ ਬਖਸ਼ੇ ॥

ਪੰਥ ਦਾ ਦਾਸ
ਬਾਵਾ ਸੰਤ ਸਿੰਘ ਤਰੇਹਨ ਠੇਕੇਦਾਰ
ਵਾਸੀ ਖਡੂਰ ਸਾਹਿਬ ਜ਼ਿਲਾ ਅੰਮ੍ਰਿਤਸਰ

ਮੈਂ ਹਾਂ ਪੰਥ ਦਾ ਟਹਿਲੂਆ
ਸੰਤ ਈਸ਼ਰ ਸਿੰਘ ਸਿਖ ਮਿਸ਼ਨਰੀ
ਸਿ:ਕੰ:ਮ:ਵਿ: ਫੀਰੋਜ਼ਪੁਰ



Sri Satguru Jagjit Singh Ji eLibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ ॥

# ਸਿਖੀ ਸਿਖਿਆ ਗੁਰ ਵੀਚਾਰ ।
# ਨਦਰੀ ਕਰਮ ਲੰਘਾਏ ਪਾਰ ॥

ਦੋਹਰਾ ॥ ਸ੍ਰੀ ਗੁਰੁਨਾਨਕ ਪ੍ਰਤਿਨਮੋਂ, ਅਰ ਪੁਨ ਗੁਰ ਦਸਮੇਸ਼ ॥
ਸੁਖ ਕਰਤਾ ਹਰਤਾ ਬਿਘਨ, ਧਯਾਵੋਂ ਚਰਨਹਮੇਸ਼ ॥੧॥

ਅਨਕ ਬਿਘਨ ਕੇ ਟਾਰਨੀ, ਲੇਵੋਂ ਫਤੇ ਗਜਾਇ ॥
ਕਾਮ ਅਗੰਭਿਓ ਉਧਦ ਸਮ, ਦੇਵੇ ਸੁਗਮ ਤਰਾਇ ॥੨॥

ਚੌਪਈ ॥ ਉਪਦਿਸ਼ੁ ਗੁਰੂ ਪ੍ਰਤਿਲੇਹੁ ਮਨਾਇ ॥
ਚਰਣ ਕਮਲ ਪਰ ਸੀਸ ਟਿਕਾਇ ॥
ਸੈਫ ਸਰੋਹੀ ਤੁਪਕੋ ਤੀਰ ॥
ਸਤਿ ਗੁਰ ਆਗਿਆ ਮਨੋ ਪੀਰ ॥੩॥

ਸ੍ਵੈਯਾ ॥ ਹੈ ਜਗ ਕਾਰਨਿ ਪਾਰ ਉਤਾਰਨਿ ਭਾਰ ਨਿਵਾਰਨਿ, ਸਗਨ ਸ੍ਰੂਪਾ ॥ ਬੰਦਤ ਦਾਸ ਸੁ ਮੰਗਲ ਕੇ ਹਿਤ, ਸ਼ਰਨ ਉਬਾਰਨ ਹੇ ਜਗ ਭੂਪਾ ॥ ਏਕ ਅਕਾਲ ਅਨਾਦਿਵਿਭੂ, ਅਜ਼ ਰਹਿਤ ਗੁਨਾਨ ਅਜ਼ਾਦਿਅਰੂਪਾ ॥ ਅਸ ਰੂਪਬਸੋ ਹੀਏ ਮਾਝ ਸਦਾ, ਹਰੀ ਟੈਹਿਲਕੋ ਖੰਡ ਕਰੋ ਤਮ ਕੂਪਾ ॥੪॥

ਦੋਹਰਾ ॥ ਅਰ ਦਰਨੀ ਕੋ ਬੰਦਨਾ, ਸੁਖ ਕਰਣੀ ਯੁ ਸਦੀਵ ॥
ਹਰਨਿਬਾਚਾਲਤ ਬਾਚਕੀ, ਧਰਣੀ ਕਵਿਤ ਰਸੀਵ ॥੫॥
ਸੋਰਠਾ ॥ ਗ੍ਰੰਥ ਪੰਥ ਕੋ ਬੰਦ, ਪੁਨ ਬੰਦੋ ਸਭ ਸੰਤ ਕੋ ॥
ਕਿਰਪਾ ਕਰੋ ਅਮੰਦ, ਗੁਰਬਾਨੀ ਸੰਸੇ ਦਰੋਂ ॥੬॥
ਚੌਪਈ ॥ ਸ੍ਰੀ ਸਾਹਿਬਕੋ ਬੰਦਨ ਕਰਕੇ ॥
ਕਰੋਂ ਬੀਚਾਰ ਗੁਰੂ ਬਲ ਧਰਕੇ ॥
ਯਥਾ ਮਤਿ ਬੁਧੀ ਕੇ ਅਨੁਸਾਰ ॥
ਰਾਗ ਮਾਲ ਪਰ ਕਰੋਂ ਬੀਚਾਰ ॥੭॥
ਹੈ ਗੁਰ ਬਾਨੀ ਨਿਸਚੇ ਭਾਈ ॥
ਸੰਕਾ ਇਸਮੇ ਬਣੇਨ ਰਾਈ ॥
ਜੋ ਸੰਕਾ ਤੁਮ ਕੀਨ ਉਚਾਰੇ ॥
ਕ੍ਰਮ ਸੇ*ਉਤ੍ਰ ਲੇਹੁ ਪਿਆਰੇ ॥੮॥

ਭੂਮਕਾ

ਦੋ: ॥ ਅਬ ਮੈ ਪੂਛੋਂ ਮੀਤ ਜੀ, ਮੀਠੀ ਬਾਨੀ ਟੇਰ ।
ਰਾਮਰਾਇ ਸਿੰਘ ਮਨੀ ਜੀ, ਹਾਲ ਕੀ ਹੋਯੋ ਹੇਰ ॥੯॥

---

*ਨਾਮ ਦਰਜੇ ਬਦਰਜੇ ਬਾਰਾਂ ਪ੍ਰਸ਼ਨਾ ਕਾ ਉਤ੍ਰ ਦੀਆ ਜਾਏਗਾ ॥



Sri Satguru Jagjit Singh Ji eLibrary NamdhariElibrary@gmail.com

(ਅਰਥ) ਅਹੋ ਮਿਤ੍ਰ ਵਰ ਕਥਨ ਕੀਏ ਦੋਹਰੇ ਮੇਂ ਰਾਮਰਾਇ ਤਥਾ ਭਾਈ ਮਨੀ ਸਿੰਘ ਜੀ ਕਾ ਜੋ ਹਾਲ ਹੂਆ ਥਾ ਸੋ ਮਾਲੂਮ ਹੋਤਾ ਹੈ ਆਪਨੇ ਪ੍ਰਾਚੀਨ ਗੁਰੂ ਇਤਹਾਸਕ ਗ੍ਰੰਥੋਂ ਮੇਂ ਨਹੀਂ ਬਿਚਾਰਿਆ, ਕਦਾ ਚਿਤ ਬੀਚਾਰਿਆ ਹੋਤਾ ਤੋ ਆਪ "ਰਾਗਮਾਲ" ਗੁਰਬਾਣੀ ਪਰ ਇਤਨੀ ਸੰਕਾ ਰੂਪ ਕਲੰਕ ਕਬੀ ਭੀ ਨਾ ਦਿੰਦੇ, ਲੋ ਅਬ ਸੰਖੇਪ ਸੇ ਸੁਣੋਂ, ਸ੍ਰੀ ਗੁਰੂ ਹਰਿਰਾਇ ਪਾਤਸ਼ਾਹ ਜੀ ਕੇ ਪਰਮ ਪ੍ਰਿਅ ਔਰ ਲਾਇਕ ਪੁਤ੍ਰ ਰਾਮਰਾਇ ਜੀ ਥੇ (ਸ਼ੰਕਾ) ਲਾਇਕ ਕੈਸੇ* (ਉਤ੍ਰ) ਮਿਤ੍ਰ ਜੀ ਜਬ ਔਰੰਗਜੇਬ ਬਾਦਸ਼ਾਹ ਨੇ ਸ੍ਰੀ ਗੁਰੂ ਸਪਤਮ ਪਾਤਸ਼ਾਹ ਜੀ ਕੋ ਦਿਲੀ ਮੇ ਕਰਾਮਾਤ ਦੇਖਨੇਖਾਤ੍ਰ ਬੁਲਾਯਾ ਥਾ ਮਗਰ ਯਹ ਪਾਪ ਦਿਲਮੇਂ ਠਟਕੇ ਜੋ ਕਰਾਮਾਤ ਨਹੀਂ ਦਿਖਾਵੇਂਗੇ ਤੋ ਜਬਰਨ ਮੁਸਲਮਾਨ ਕਰ ਲੂੰਗਾ । ਆਗੇ ਗੁਰੂ ਜੀ ਕਾ ਯੇਹ ਪ੍ਰਨ ਥਾ ਜੋ ਮੁਸਲਮਾਨੋਂ ਕੇ ਮਥੇ ਨਹੀਂ ਲਗਣਾ ਦੂਤੋਂ ਕੇ ਆਉਣੇ ਪਰ ਗੁਰੂ ਜੀ ਨੇ ਬੇਦੀ, ਸੋਢੀ, ਤ੍ਰਿਹਣ, ਭਲੇ ਗੁਰੂ ਅੰਸ਼ ਤਥਾ ਸਿਖ ਸੇਵਕ ਮਸੰਦ ਪ੍ਰੇਮੀ ਭਗਤ ਸਭ ਬੁਲਾਏ ਆਮ ਦੀਵਾਨ ਕਰ ਸਭ ਕੋ ਤੀਨ ਦਫਾ ਕਹਾ ਜੋ ਕੋਈ ਬੇਦੀ ਸੋਢੀ ਆਦੀ ਗੁਰੂ ਅੰਸ਼ ਦਿਲੀ ਮੇਂ ਜਾਕਰ ਦਲੇਰੀ ਸੇ ਔਰੰਗਜ਼ੇਬ ਬਾਦਸ਼ਾਹ ਕੋ ਜਬਾਬ ਦੇਓ ਡਰੋ ਮਤ ਕਿਉਂ ਜੋ ਗੁਰੂ ਘਰ ਮੇ ਕੁਛ ਪ੍ਰਵਾਹ ਨਹੀਂ ਸਰਬ ਸ਼ਕਤੀਓਂ ਕਰ ਖਜ਼ਾਨੇ ਭਰੇ ਹੂਏ ਹੈਂ, ਮਗਰ ਕਿਸੀ ਨੇ ਭੀ ਹੌਸਲਾ ਨਾ ਕੀਆ ਤਬ ਸਭ ਸਿਖਾਂ ਮਸੰਦਾਂ ਕੋ ਭੀ ਕਹਾ ਵਹਿ ਭੀ ਚੁਪ ਹੋ ਗਏ ਅੰਤ ਸਭ ਨੇ ਸਲਾਹ ਦਿਤੀ ਜੋ ਬਾਦੀ ਔਰੰਗਜ਼ੇਬ ਦੇ ਸਾਹਮਣੇ ਜਾਣਾ ਠੀਕ ਹੀ ਨਹੀਂ ਆਪ ਸਭ ਸਿਖ ਪ੍ਰਵਾਰ ਕੋ ਸਾਥ ਲੈ ਕੇ ਮਾਲਵੇ ਚੱਲਕੇ ਦਿਨ ਕੱਟ ਲੋ, ਸ੍ਰੀ ਗੁਰੂ ਜੀ ਮੁਸ਼ਕੜਾ ਕੇ ਪਜਾਰੇ ਪੁਤ੍ਰ ਰਾਮਰਾਇ ਨੂੰ ਬੁਲਾ ਭੇਜਿਆ, ਆਉਂਦਿਆਂ ਸਨਿੰਮ੍ਰ ਮਥਾ ਟੇਕ ਹਾਥ ਜੋੜ ਖੜੇ ਹੋ ਸਬਿਨਤ ਕਹਾ ਕ੍ਰਿਪਾ ਨਾਥ ਦਾਸ ਕੋ ਕਿਆ ਆਗਜਾ ਹੈ, (ਗੁਰੂ ਜੀ) ਬੇਟਾ ਦਿੱਲੀ ਜਾਨਾ ਹੈ ਔਰ ਗੁਰੂ ਘਰ ਅਜ਼ਮਤ ਕਰ ਪੂਰਤ ਹੈ ਡਰਨਾ ਨਹੀਂ ਦਲੇਰੀ ਸੇ ਔਰੰਗਜ਼ੇਬ ਬਾਦਸ਼ਾਹ ਕੋ ਜਬਾਬ ਦੇਣੇ (ਰਾਮਰਾਇ ਜੀ) ਤਥਾਸਤੂ ਕਹਿ ਦਿਲੀ ਮੇਂ ਪਧਾਰੇ ॥ ਕਿਉਂ ਮਿਤ੍ਰ ਜੀ ਹਜ਼ਾਰੋਂ ਸਿੱਖ ਬੇਦੀ ਸੋਢੀ ਆਦਿਕੋਂ ਕਾ ਇਨਕਾਰ ਕਰਨਾ ਔਰ ਰਾਮਰਾਇ ਜੀ ਕਾ ਆਗਿਆ ਮਾਨ ਦਿਲੀ ਮੇਂ ਜਾਨਾ ਲਾਇਕੀ ਔਰ ਸਪੁਤ੍ਰਤਾ ਨਹੀਂ ਤੋਂ ਹੋਰ ਹੈ ਹੀ ਕਿਆ, ਲੋ ਅਬ ਤੀਨ ਅਖਰ ਦੇ ਬਦਲਨ ਖਾਤ੍ਰ (ਮੁਸਲ) ਦੀ ਜਗਹ (ਬੇਈ) ਯਾਨੇ (ਮਿਟੀ ਮੁਸਲਮਾਨ ਕੀ) ਦੀ ਜਗਹ (ਮਿਟੀ ਬੇਈਮਾਨ ਕੀ) ਕਹਿ ਹੋ ਜਾਨ ਦੀ ਖਾਤ੍ਰ ਤਮਾਮ ਉਮਰ ਵਿਛੋੜੇ ਦੀ ਗੰਢ ਪੈ ਗਈ, ਪਜਾਰੇ ਪੁਤ੍ਰ ਦਾ ਨਾਤਾ ਜ਼ਿਮੀ ਆਸਮਾਨ ਰਹਿਣੇ ਪ੍ਰਯੰਤ ਗੁਰੂ ਘਰ ਨਾਲੋਂ ਤੋੜ ਦਿਤਾ ਗੁਰਸਿਖੀ ਹਮੇਸ਼ਾ ਵਾਸਤੇ ਘਿਰਨਾ ਦੀ ਨਿਗਾਹ ਸੇ ਦੇਖਣੇ ਵਾਲੀ ਹੋ ਗਈ ਇਤਨੀ ਘਿਰਨਾ ਦੇ ਮਗਰੋਂ ਭੀ ਗੁਰੂ ਸਾਹਿਬੋਂ ਕਾ ਹੁਕਮਨਾਵਾਂ ਪਹੁੰਚਿਆ ਜੋ ਜਿਧਰ ਤੇਰਾ ਮੂੰਹ ਹੈ ਉਸੀ ਤਰਫ ਚਲਾ ਜਾਹ ਹੁਕਮ ਮਾਨਕਰ ਲਾਹੌਰ ਕੋ ਚਲਾ ਗਜਾ ਔਰ ਮੀਆਂਮੀਰ ਸਾਹਿਬ ਜੀ ਦੇ ਪਾਸ ਰੋ ਪਿਆ ਤੇ ਬਖਸ਼ਾਉਣ ਵਾਸਤੇ ਮੀਆਂ ਮੀਰ ਜੀ ਕੋ ਕੀਰਤਪੁਰ ਭੇਜਿਆ ਮੀਆਂ ਮੀਰ ਜੀ ਨੇ ਬਹੁਤ ਹੀ ਪ੍ਰਾਰਥਨਾ ਕੀਤੀ ਪ੍ਰੰਚ ਗੁਰੂ ਬਾਣੀ ਦਾ ਨਰਾਦ੍ਰ ਸਮਝ ਗੁਰੂ ਜੀ ਨੇ ਨਹੀਂ ਬਖਸ਼ਿਆ, ਉਪ੍ਰੰਤ ਜਬ ਅਸ਼ਟਮ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਮੇਂ ਗਏ ਤੋਂ ਉਨ੍ਹੋਂ ਨੇ ਭੀ ਸ੍ਰਾਪੋਸ੍ਰਾਪੀ ਹੋਨਾ ਮਨਜੂਰ ਕੀਆ ਪ੍ਰੰਚ ਗੁਰ ਬਾਣੀ ਦ੍ਰੋਹੀ ਸਮਝ ਬੜੇ ਭਾਈ ਦੇ ਮਥੇ ਲਗਨਾ ਮਨਜੂਰ ਨ ਕੀਆ, ਕਿਉਂ ਮਿਤ੍ਰ ਜੀ ਤਬ ਤੀਨ ਅਖਰਾਂ ਦੇ ਬਦਲਨੇ ਖਾਤ੍ਰ ਤੋ ੭ ਗੁਰੂ ਜੀ ਨੇ ਪਜਾਰੇ ਪੁਤ੍ਰ ਦਾ ਨਾਤਾ ਤਥਾ ੮ ਗੁਰੂ ਜੀ ਨੇ ਪਜਾਰੇ ਭਾਈ ਨੂੰ ਤਿਆਗ ਦਿਤਾ ਤੇ ਇਤਨੀ "ਰਾਗਮਾਲਾ" ਚੜ੍ਹਾਉਨ ਵਾਲੇ ਸਿਖ ਨੂੰ ਪੰਚਮ ਪਾਤਸ਼ਾਹ ਜੀ ਸੇ ਉਪ੍ਰੰਤ ਦਸਮੇ ਪਾਤਸ਼ਾਹ ਜੀ ਤਕ ਕਿਸੇ ਗੁਰੂ ਨੇ ਭੀ ਪੜਤਾਲ ਨ ਕੀਤੀ ਔਰ ਨਾ ਹੀ ਉਸ ਸਿਖ ਨੂੰ ਦੰਡ ਦਿਤਾ ਤੇ ਨਾ ਹੀ ਰਾਗਮਾਲਾ ਪਰ ਹੜਤਾਲ ਫਿਰਾਈ,ਯਾ ਕਹੋ ਗੁਰੂਓਂ ਨੇ ਪੁਤ੍ਰ ਸੇ ਸਿਖ ਪਜਾਰਾ ਸਮਝਕੇ ਮਨਜੂਰ ਕਰ ਲਈ ਤੋਂ ਭੀ ਆਪ ਕੀ ਅਸ਼ੰਕਾ ਵਜਰਥ ਹੈ ਗੁਰੂ ਕੀ ਪਰਵਾਨਗੀ ਸੇ ਸਭ ਗੁਰਸਿਖਾਂ ਕੋ ਤੋ ਪ੍ਰਵਾਨ ਹੈ ਪ੍ਰੰਚ ਮਨਮੁਖ ਹਠ ਧਰਮੀ ਖ਼ੁਦਗਰਜ਼ ਨ ਮਾਨੇ ਤੋ ਉਨਕੀ ਮਰਜ਼ੀ ॥ ਜੇ ਕਹੋ ਕਿ ਗੁਰੂਓਂ ਸੇ ਚੋਰੀ ਕਿਸੇ ਨੇ ਚੜ੍ਹਾ ਦਿਤੀ ਹੈ ਤੋਂ ਭੀ ਗੁਰਸਿਖੀ ਕਾ ਨਯਾ ਹੀ ਨਮੂਨਾ ਹੈ ਜੋ ਗੁਰੂਓਂ ਕੋ ਅਲਪੱਗ ਬਣਾ ਆਪ ਚਤੁਰ ਬਣਨਾ, ਜੇ ਕਦਾਚਿਤ ਤੁਮ ਐਸੇ ਕਹੋਂ ਕਿ ਦਸਾਂ ਹੀ ਗੁਰੂਆਂ ਦੇ ਜੋਤੀ ਜੋਤ ਸਮਾਉਣੇ ਪੀਛੇ ਕਿਸੀ ਸਿਖ ਚੜ੍ਹਾਈ ਹੈ, ਤੋ ਹਮ ਪੂਛਤੇ ਹੈ ਜੋ ਇਸ ਮੇ ਕੌਨ ਪ੍ਰਮਾਣ ਔਰ ਕੌਨ ਗਵਾਹੀ ਔਰ ਕੌਨ ਸੰਮਤ ਔਰ ਕਿਆ ਸਿਖਦਾ ਨਾਮ ਪ੍ਰੰਤੂ ਮਾਲੂਮ ਹੁੰਦਾ ਹੈ ਜੋ ਐਸਾ ਕੋਈ ਪ੍ਰਮਾਨਾਦਿਕ ਆਪਕੇ ਪਾਸ ਨਹੀ ਜੇਕਰ ਹੁੰਦਾ ਤੋ ਆਪ ਜਰੂਰ ਹੀ ਰਹਿਤ ਪ੍ਰਕਾਸ਼ ਦੀ ਗ੍ਰੰਥੋਂ ਮੇਂ ਲਿਖਦੇ ॥

*ਗੁਰੂ ਹੁਕਮ ਅਦੂਲ ਕੋ ਲਾਇਕ ਕਹਿਣਾ ਨਹੀ ਬਣੇ ॥



Sri Satguru Jagjit Singh Ji eLibrary NamdhariElibrary@gmail.com

ਦੋਹਿਰਾ ॥ ਅਬ ਪੂਛੋਂਗੇ ਮੀਤ ਜੀ, ਕੋ ਤੁਮ ਪਾਸ ਪ੍ਰਮਾਨ ॥
ਸੋ ਸੁਣੀਏ ਹੈ ਜੈਸਬਿਧ, ਯੁਗਤਿ ਦ੍ਰਿਸ਼ਟਾਂਤ ਸੁਜਾਨ ॥੧੦॥

ਜੇ ਤੁਮ ਪੁਛੋ ਕਿ ਤੁਮਾਰੇ ਪਾਸ ਕੌਨ ਪ੍ਰਾਮਨ ਹੈ ਤੋ (ਸੁਣੋਂ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੋ ਸ੍ਰੀ ਗੁਰੂ ਸਾਹਿਬੋ ਕੇ ਹਸਤਾਖਰ ਦਸ੍ਤਖਤ ਤਥਾ ਮੋਹਰੋਂ ਸੇ ਸਸ਼ੋਭਤ ਸੰਯੁਗਤ ਰਾਗਮਾਲਾ ਕੇ ਕਰੀਬ ਬਾਈਸੁ ਦੇ ਮੇਰੀ ਦ੍ਰਿਸ਼੍ਰੀ ਗੋਚਰ ਮੌਜੂਦ ਹਨ ਜਿਨਕੇ ਨਾਮੁ ਠਾਮ ਤੁਮਾਰੇ ਅੰਤਲੇ ਪ੍ਰਸ਼ਨ ਕੇ ਉਤ੍ਰ ਮੇ ਲਿਖਾਗਾ, ਸੋ ਕਦਾ ਚਿਤ ਹਠ ਸੇ ਕਹੋ ਜੋ ਦਸਾਂ ਹੀ ਗੁਰੂ ਸਾਹਿਬਾਂ ਦੇ ਮਗਰੋਂ ਕਿਸੀ ਨੇ ਰਾਗਮਾਲਾ ਚੜ੍ਹਾ ਦਿਤੀ ਹੈ ਸੋ ਭੀ ਬਣੇ ਨਹੀਂ ਕਿਉਂਕਿ ਪੰਥ ਉਸ ਵਕਤ ਜਾਗਦਾ ਸੀ ਸੁਤਾ ਹੂਆ ਨਹੀ ਥਾ ਕਾਹੇਤੇ ਜੋ ਭਾਈ ਮਨੀ ਜੀ ਜੋ ਗੁਰੂ ਘਰ ਦੇ ਮੁਖੀ ਔਰ ਦਸਮੇਸ ਗੁਰੂ ਜੀ ਕੇ ਨਿਜ ਸੇਵਕ ਥੇ ਔਰ ਜਿਨਕੀ ਮ੍ਰਿਯਾਦਾ ਪ੍ਰਚਲਤ ਕੀਤੀ ਹੁਈ ਅਬ ਪੰਥ ਮੇਂ ਚਲ ਰਹੀ ਹੈ ਪ੍ਰੰਚੇ ਥੋੜੀ ਸੀ ਹੀ ਮਨ ਮਤ ਕਰਨ ਸੇ ਬੰਦ ਬੰਦ ਕਟਾਉਣੇ ਦੀ ਸਜਾ ਮਿਲੀ ਸੋ ਮਨਮਤ ਯਿਹ ਥੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਬੀੜ ਨਜੇ ਢੰਗ ਕੀ ਸ੍ਰੀ ਪੰਚਮ ਸਤਿਗੁਰੂ ਜੀ ਸੇ ਉਲਟ ਇਸ ਢੰਗ ਸੇ ਬਾਂਧੀ ਯਥਾ ਆਦਿ ਪਾਤਸ਼ਾਹੋ ਕੀ ਬਾਣੀ ਅਲਗ ਸਾਰੇ ਰਾਗੋ ਕੀ ਅਕਤ੍ਰ ਕੀਤੀ ਔਰ ਇਸੀ ਤਰਹਿ ਸਿਲਸਿਲੇ ਵਾਰ ਦੂਸ੍ਰੇ ਗੁਰੂ ਜੀ ਸੇ ਨੌਵੇ ਗੁਰੂ ਜੀ ਪ੍ਰਜੰਤ ਅਲਗ ੨ ਪਸਚਾਤ ਭਗਤਾਂ ਭਟਾਂ ਦੀ ਬਾਣੀ ਫਿਰ ਰਾਗਮਾਲਾ ਅੰਤ ਸਾਰਾ ਗ੍ਰੰਥ ਸਾਹਿਬ ਦਸਮ ਗੁਰੂ ਜੀ ਕਾ ਲਿਖਿਆ ਜੋ ਬੀੜ ਅਜਕਲ ਔਰੰਗਾਬਾਦ ਜਮਾਦਾਰ ਭੋਲਾ ਸਿੰਘ ਦੇ ਘਰ ਮੌਜੂਦ ਹੈ ਸੋ ਇਸ ਸਮੇ ਜਿਲਾ ਸਾਰੋਧਾਰ ਰਿਜਾਸਤ ਹੈਦਰਾਬਾਦ ਦਖਣ ਮੇਂ ਹੈ, ਸੋ ਜਿਸ ਮਨਮਤ ਨੂੰ ਦੇਖ ਗੁਰੂ ਖਾਲਸਾ ਨੇ ਹੁਕਮ ਦੀਆ ਭਾਈ ਜੀ ਯਾਤੋ ਗੁਰਸਿਖੀ ਛੋਡ ਦੇਵੇ ਤੇ ਯਾ ਬੰਦ ਬੰਦ ਕਟਾਉਣਾ ਮਨਜ਼ੂਰ ਕਰੋ ਭਾਈ ਮਨੀ ਸਿੰਘ ਜੀ ਸਿਖੀ ਕੋ ਕੇਸਾਂ ਸ੍ਵਾਸਾਂ ਨਾਲ ਰਖਣਾ ਮਨਜ਼ੂਰ ਕਰ ਗੁਰੂ ਖਾਲਸਾ ਜੀ ਦੇ ਹੁਕਮ ਅਨੁਸਾਰ ਲਾਹੌਰ ਮੇ ਬੰਦ ੨ ਕਟਾ ਲਿਆ, ਕਿਉ ਮਿਤ੍ਰ ਜਰਾ ਵਿਚਾਰ ਲੌ ਜੋ ਭਾਈ ਮਨੀ ਸਿੰਘ ਜੀ ਨੂੰ ਤੋ ਸਿਰਫ ਬਾਣੀ ਦੇ ਅਲਗ ੨ ਕਰਨ ਸੇ ਖਾਲਸਾ ਜੀ ਨੇ ਬੰਦ ੨ ਕਟਾਉਣੇ ਦੀ ਸਜ਼ਾ ਦਿਤੀ ਅਤੇ ਆਲਮ ਕਵੀ ਕ੍ਰਿਤ ਰਾਗਮਾਲਾ ਚੜਾਉਣ ਵਾਲੇ ਸਿਖ ਨੂੰ ਨ ਕਿਸੇ ਗੁਰੂ ਨੇ ਸਜ਼ਾ ਦਿਤੀ ਤੇ ਨ ਗੁਰੂ ਖਾਲਸਾ ਨੇ ਦਿਤੀ ਭਲਾ ਇਸ ਬਾਤ ਨੂੰ ਦਿਲ ਮਨਦਾ ਜੇ, ਨਹੀਂ ਮਿਤ੍ਰ ਜਨੋ ਹਰਗਿਜ਼ ਨਹੀਂ ਰਾਗਮਾਲਾ ਜਰੂਰ ਗੁਰਬਾਣੀ ਹੈ ਜੇ ਕਿਸੇ ਸਿਖ ਦੀ ਮਨਮਤ ਹੁੰਦੀ ਤੋ ਜਰੂਰ ਹੀ ਗੁਰੂ ਸਾਹਿਬ ਤਥਾ ਗੁਰੂ ਖਾਲਸਾ ਰਾਮਰਾਇ ਜੀ ਤਥਾ ਭਾਈ ਮਨੀ ਸਿੰਘ ਜੀ ਕੀ ਤਰਹਿ ਉਸ ਸਿਖ ਨੂੰ ਭੀ ਸਜ਼ਾ ਦਿੰਦੇ ਪ੍ਰੰਚੇ ਨਹੀਂ ਮਿਲੀ ਇਸਤੇ ਨਿਸਚੇ ਕਰ

ਗੁਰਬਾਣੀ ਹੈ ਮਤ ਭੂਲੋ ਖੁਦ ਗਰਜੀਓਂ ਕੇ ਫਰੇਬ ਸੇ ਬਚੋ ਸਜਨੋ ਕੇਵਲ ਖੁਦਗਰਜੀ ਆਪਸ ਮੇਂ ਫੁਟ ਦਾਹੀ ਨਿਸ਼ਾਨ ਹੈਜੇ ਜੇ ਕਦਾਚਿਤ ਕਹੋਂ ਕਿ ਨਹੀ ਕਿਸੀ ਸਿਖ ਨੇ ਚੋਰੀ ਰਾਗਮਾਲਾ ਚੜਾ ਦਿਤੀ ਹੈ ਅਤੇ ਕਿਸੇ ਦੋ ਚਾਰ ਜਾ ਦਸ ਪਰ ਚੜ ਦਿਤੀ ਹੁੰਦੀ ਯਾ ਕਾਬਲ ਕੰਧਾਰ ਗਜ਼ਨੀ ਬਗਦਾਦ ਬਲਖਬੁਖਾਰਾ ਪੂਰਬ ਪਸਚਮ ਉਤ੍ਰ ਦਖਣ ਔਰ ਕਈਕੁ ਟਾਪੂਆਂ ਮੇਂ ਭੀ ਰਾਗਮਾਲਾ ਚੜਾ ਦਿਤੀ ਫਿਰ ਕਿਸ ਤਾਕਤ ਨਾਲ ਕਿਉਂਕਿ ਉਸ ਮੌਕਿਆਂ ਮੇਂ ਰੇਲ ਤੋ ਹੈ ਹੀ ਨਹੀਂ ਸੀ ਜੋ ਓਹ ਸਿਖ ਹਰੇਕ ਜਗਹ ਪਰ ਚੜਾ ਆਯਾ ਤੋ ਫਿਰ ਕਹੋ ਜੋ ਕਿਸ ਸ਼ਕਤੀ ਸੇ ਸਾਰੇ ਸੰਸਾਰ ਦੇ ਗ੍ਰੰਥ ਸਾਹਿਬੋਂ ਮੇ ਰਾਗਮਾਲਾ ਚੜਾ ਦਿਤੀ (ਜੇ ਕਹੋ ਕਿ) ਜਿਸ ਤਰਹਿ (ਸ੍ਰੀ ਗੁਰੂ ਅਰਜਨ ਦੇਵ) ਜੀ ਅਪਨੇ ਸ਼ਕਤੀ ਬਲ ਸੇ ਭੈਣੀ ਪਿੰਡ ਦਾ ਨਾਮ ਬਦਲ ਕਰ ਚੋਲਾ ਨਾਮ ਰਖ ਦਿਤਾ ਸੀ ਔਰ ਓਨਾਂ ਜ਼ਿਮੀਂਦਾਰਾ ਨੂੰ ਭੀ ਕਹਿ ਦਿਤਾ ਸੀ ਕਿ ਤੁਸੀ ਹਾਕਮ ਪਾਸ ਢਾਲ ਦੇਣ ਜਾਓਗੇ ਤੋ ਭੈਣੀ ਨਾਮੁ ਨਹੀਂ ਕਹਿਣਾ ਚੋਲ੍ਹੇ ਦੀ ਢਾਲ ਲਿਆਏ ਕਹਿਣਾ ਸੋ ਜਿਮੀਦਾਰ ਢਾਲ ਲੈਕੇ ਗੈ ਔਰ ਕਹਾ ਕਿ ਅਸੀ ਚੋਲ੍ਹੇ ਦੀ ਢਾਲ ਲਿਆਏ ਹਾਂ ਚੋਲ੍ਹਾ ਨਾਮ ਸੁਣਕੇ ਮੁਨਸ਼ੀ ਹੈਰਾਨੀ ਮੇਂ ਆ ਹਾਕਮ ਨੂੰ ਕਹਾ ਹਾਕਮ ਨੇ ਜ਼ਿਮੀਦਾਰਾਂ ਨੂੰ ਪੁਛਿਆ ਜ਼ਿਮੀਦਾਰਾਂ ਨਿਰਝੱਕ ਹੋ ਤਰਨ ਤਾਰਨ ਦੇ ਇਲਾਕੇ ਚੋਲ੍ਹਾ ਪਿੰਡ ਬਤਾਇਆ ਹਾਕਮ ਨੇ ਰੋਜਨਾਮ ਦੇ ਜ਼ਮਨੀਆਂ ਵਗੈਰ



Sri Satguru Jagjit Singh Ji eLibrary NamdhariElibrary@gmail.com

ਕਿਤਾਬਾਂ ਦੇਖੀਆਂ ਤੇ ਸ੍ਰੀ ਗੁਰੂ ਬਚਨੇ ਅਨੁਸਾਰ ਸਭ ਕਿਤਾਬਾਂ ਮੇਂ ਭੈਨੀ ਕੀ ਜਗਹਿ ਚੋਲ੍ਹਾ ਦੇਖਿਆ ਹਾਕਮ ਸਮੇਤ ਅਹਿਲਕਾਰੋਂ ਕੇ ਅਸਚਰਜ ਹੋ ਜ਼ਿਮੀਦਾਰਾਂ ਨੂੰ ਗੌਰ ਸੇ ਪੂਛਿਆ ਤੋ ਜ਼ਿਮੀਦਾਰਾਂ ਪੰਚਮ ਸਤਿਗੁਰੂ ਜੀਦੇ ਨਾਮ ਸੇ ਸਭ ਹਾਲ ਕਹਾ, ਸੋ ਕਿਉਂ ਭਾਈ ਜੀ ਉਸ ਸਿਖ ਨੇ ਭੀ (ਰਾਗਮਾਲਾ) ਇਕ ਗ੍ਰੰਥ ਸਾਹਿਬ ਜੀ ਪਰ ਲਿਖਕੇ ਭੈਣੀ ਦੀ ਥਾਂ ਗੁਰੂ ਜੀ ਦੇ ਚੋਲ੍ਹਾ ਦਿਖਾ ਦੇਣੇ ਕੀ ਤਰਹ ਸਾਰੇ ਦੇਸ਼ ਦੇਸ਼ਾਂਤ੍ਰੋਂ ਤਥਾ ਟਾਪੂਓਂ ਕੇ ਗ੍ਰੰਥ ਸਾਹਿਬੋਂ ਮੇਂ ਲਿਖ ਦਿਤੀ ਤੇ ਤਮਾਮ ਸ਼ਕਤੀ ਪੂਰਤ ਸਿੰਘ ਭਾਈ ਤਾਰੂ ਸਿੰਘ ਜੀ ਜੈਸੇ ਜਿਨਾਂ ਦੇ ਕੇਸ਼ ਕਟਨ ਦੀ ਇਛਾ ਸੇ ਸੂਬਾ ਲਾਹੌਰ ਨੇ ਸਾਰੇ ਸ਼ਹਿਰ ਦੇ ਨਾਊ ਕੈਚੀਆਂ ਉਸਤ੍ਰੇ ਇਕੱਠੇ ਕੀਤੇ ਪਰ ਭਾਈ ਸਾਹਿਬ ਜੀ ਦੇ ਇਕ ਕੇਸ ਨੂੰ ਭੀ ਵਿੰਗਾ ਨਾ ਕਰ ਸਕੇ ਅੰਤ ਰੰਬੀ ਸੇ ਸੀਸ ਕੀ ਖੋਪਰੀ ਤੋ ਉਤਰਾ ਲਈ ਪ੍ਰੰਚੇ ਕੇਸ਼ ਬਜਦਬੀ ਨ ਹੋਣ ਦਿਤੀ ਐਸੇ ੨ ਸੈਕੜੋਂ ਸਿੰਘ ਸ਼ਕਤੀਓਂ ਸੇ ਪੂਰਨ ਥੇ ਭਲਾ ਉਸ ਸਿਖ ਦੇ "ਰਾਗਮਾਲਾ" ਚੜਾਉਨੇ ਪਰ ਕਿਸ ਤਰਹਿ ਚੁਪ ਵਟ ਗਏ, ਜੇ ਐਸੇ ਕਹੋ ਕਿ ਊਪਰ ਕਹੀ ਸ਼ਕਤੀ ਦੇ ਦਬਾਵ ਸੇ ਤੋ ਫਿਰ ਮਿਤ੍ਰ ਜੀ ਆਪ ਕੋ ਕਿਆ ਇਤਰਾਜ਼, ਨਹੀ ਨਹੀ ਸਜਨੋ ਮਨਹਠਾਂ ਨੂੰ ਛਡਕੇ ਬੀਚਾਰੋ ਐਸਾ ਕੋਈ ਭੀ ਸਿਖ ਨਹੀ ਹੂਆ ਜੋ ਗੁਰੂ ਸਾਹਿਬੋਂ ਕੇ ਤਥਾ ਗੁਰੂ ਖਾਲਸਾ ਕੇ ਮਿਸ਼ਨੋਂ ਯਾਨੇ ਅਸੂਲੋ ਸੇ ਉਲਟ ਅਨਮਤੀ ਹੰਕਾਰੀ ਆਲਮਕ੍ਰਿਤ ਰਾਗਮਾਲਾ ਕੋ ਊਪ੍ਰ ਕਹੇ ਸ਼ਕਤੀ ਬਲ ਸੇ ਚੜਾ ਗੁਰਬਾਣੀ ਦੀ ਤੁੱਲਤਾ ਦੇਂਦਾ ਕਾਹੇ ਤੇ ਜੇ (ਸ੍ਰੀ ਗੁਰੂ ਅਰਜਨ ਦੇਵ ਜੀ) ਚੰਦੂ ਸਯਾਹੀ ਦੇ ਘਰ ਅਨਸਹਿ ਤਕਲੀਫਾ ਅਪਨੇ ਸਰੀਰ ਪਰ ਸਹਾਰੀਆ ਪ੍ਰੰਤੂ ਅਪਨੇ ਅਵਤਾਰੀ ਪ੍ਰਮਾਤਮਾਂ ਕੇ ਹੁਕਮਾਦੂਲੀ ਰੂਪ ਸ਼ਕਤੀ ਨਹੀਂ ਦਿਖਾਕੇ ਅਤੇ ਨਾ ਹੀ ਭਾਈ ਜੇਠੇ ਬਿਧੀਏ ਪ੍ਰਾਣੇ ਆਦਿਕੋਂ ਕੀ ਬੇਨਤੀ ਮਾਨ ਸ਼ਕਤੀ ਕੀ ਆਗਿਆ ਦਿੱਤੀ, ਇਸੀ ਤਰਹਿ (ਸ੍ਰੀ ਗੁਰੂ ਤੇਗ ਬਹਾਦਰ ਜੀ) ਮਹਾਰਾਜ ਨੇ ਹਜ਼ਾਰਹਾਂ ਤਕਲੀਫਾਂ ਸਹੀਆਂ ਪ੍ਰੰਤੂ ਕੋਈ ਸ਼ਕਤੀਨ ਦਿਖਲਾਈ ਤੇ ਨਾ ਹੀ ਭਾਈ ਮਤੀ ਦਾਸਾਦਿਕੋਂ ਕੀ ਪਾਰਥਨਾ ਸੇ ਲਾਹੌਰ ਦਿੱਲੀ ਭਿੜਾ ਮਾਰਨੇ ਕੀ ਆਗਿਆ ਦੀ, ਇਸੀ ਤਰਹਿ ਹਜ਼ਾਰਾਂ ਸਿੰਘ ਗੁਰਦੁਆਰਿਆਂ ਦੀ ਖਾਤਰ ਚੁਰਖੜੀਆਂ ਚੜਗੈ ਪਰ ਸ਼ਕਤੀ ਸਰੀਰ ਰਖਯਾਰਥ ਨ ਦਿਖਾਈ ਔਰਨ ਹੀ ਕਿਸੀਨੇ ਆਪਨੀ ਯਾ ਪ੍ਰਾਈ ਬਾਣੀ ਦੇ ਬਰਾਬਰ ਚੜਾਈ ਨਾ ਮਾਲੂਮ ਜੋ ਆਪ ਸੁਫੈਦ ਪਰ ਸਜਾਹ ਝੂਠੇ ਇਲਜ਼ਾਮ ਲਗਾ ਗੁਰਬਾਣੀ ਕੋ ਕਿਉਂ ਖੰਡਣ ਕੀਆ ਸੋ ਮਿਤ੍ਰ ਜਨੋ ਊਪ੍ਰ ਕਹੇ ਕਥਨੋਂ ਬਮੂਜਮ ਬੀਚਾਰ ਲੌ ਜੋ "ਰਾਗਮਾਲਾ" ਸ੍ਰੀ ਗੁਰੂ ਪੰਚਮ ਪਾਤਸ਼ਾਹੋਂ ਰਚਿਤ ਹੈ ਅਤੇ ਸਾਰੀ ਬਾਣੀ (ਜਪੁਜੀ) ਸੇ ਲੇ ਅੰਤ "ਰਾਗਮਾਲਾ" ਪ੍ਰਜੰਤ ਭਾਈ ਗੁਰਦਾਸ ਜੀ ਸੇ ਲਿਖਵਾ ਬੀੜ ਬਾਂਧੀ ਹੈ, ਔਰ ਐਸਾ ਕੋਈ ਗੁਰੂ ਕਾ ਸਿਖ ਹੂਆ ਵੀ ਨਹੀ ਜੋ ਜਿਸਨੇ ਗੁਰੂ ਕੀ ਬਰਾਬਰੀ ਕੀਤੀ ਹੋਵੇ, ਔਰ ਜੇ ਕੋਈ ਹੂਆ ਭੀ ਹੈ ਤੋ ਵਾਹਿਗੁਰ ਸਿਖੀ ਸੇ ਖਾਰਜ ਹੈ ਅਤੇ ਫੌਰਨ ਹੀ ਉਸਨੂੰ ਗੁਰੂਆਂ ਯਾ ਗੁਰਸਿਖਾਂ ਸੋਧ ਲੀਤਾ ਹੈ, ਸਜਨੋਂ ਅਜ ਕਲ ਕੀ ਤਰਹਿ ਅਜ਼ਾਦੀ ਕੇ ਦਿਨ ਨ ਥੇ ਜੇ ਅਜ਼ਾਦਗੀ ਹੁੰਦੀ ਤੋਂ ਕਈ ਗੁਰੂ ਗ੍ਰੰਥ ਸਾਹਿਬ ਜੀ ਬਣ ਜਾਂਦੇ ਪ੍ਰੰਚੇ (ਗੁਰਸਿਖ ਮੀਤ ਚਲੋ ਗੁਰ ਚਾਲੀ) ਵਤ ਹੀ ਗੁਰੂ ਕੇ ਸਿਖ ਆਪਸ ਮੇਂ ਪ੍ਰੇਮ ਕਰ ਮਿਤ੍ਰ ਭਾਵ ਸੇ ਗੁਰੂ ਕੀ ਸਿਖਿਆ ਅਨੁਸਾਰ ਅਪਨੀ ਚਾਲ ਕੋ ਸੁਧਾਰ ਕਰ ਵਰਤਾਵ ਕਰਤੇ ਰਹੇ ॥

ਚੋ: ॥ ਅਹੋ ਮਿਤ੍ਰ ਤੁਮ ਪ੍ਰਸ਼ਨ ਕੋ, ਉਤ੍ਰ ਦੀਓ ਬਨਾਇ ।
ਅਬ ਕ੍ਰਮਸੇ ਭੀ ਕਹਿਤ ਹੋ, ਕਿਰਪਾ ਸਤਿਗੁਰ ਪਾਇ ॥੧੧॥

ਸੁਣੋ ਮਿਤ੍ਰ ਜੀ ਪ੍ਰਸ਼ਨ ਤੁਮ, ਕੀਨੇ ਇਸ ਬਿਧ ਟੇਰ ।
ਜੈਸੇ ਬੈਠ ਬੈਰਾਗੀਅਨ, ਕੀਓ ਭੂਮਕਾ ਝੇਰ ॥੧੨॥



Sri Satguru Jagjit Singh Ji eLibrary NamdhariElibrary@gmail.com

ਚੌ: ॥ ਏਕ ਸਮੇ ਵਿਚ ਬੈਠ ਬੈਰਾਗੇ ॥
ਆਪਸ ਬੀਚ ਝਗਰਨੇ ਲਾਗੇ ॥
ਏਕ ਕਹੈ ਗੁਰ ਮੇਰੇ ਕੇਰੀ ॥
ਨਿਸਚੇ ਸਾਤ ਭੂਮਕਾ ਹੇਰੀ ॥੧੩॥
ਦੂਜੇ ਅਸ਼ਟ ਭੂਮਕਾ ਗਾਈ ॥
ਤੀਜੇ ਨੇ ਦਸ ਆਖ ਸੁਣਾਈ ॥
ਚੌਥਾ ਪੰਦ੍ਰਾਂ ਕੇ ਤਕ ਗਇਓ ॥
ਪੰਚਮ ਬੀਸ ਕਹਿਤ ਤਬ ਭਇਓ ॥੧੪॥
ਦੋ: ॥ ਇਸ ਬਿਧ ਸੋਂ ਤਕ ਪਹੁੰਚ ਗੈ, ਆਇਓ ਗਿਆਤਾਏਕ ।
ਪੂਛਿਓ ਉਨ ਸਭ ਲੜਤ ਕੋ, ਹੈ ਭੂਮਕ ਕਿਤਨੇਕ ॥੧੫॥
ਚੌ: ॥ ਯਹ ਕਛੁ ਲੌਰ ਨ ਹਮ ਕੋ ਆਹਿ ॥
ਕਿਤਨਕੁ ਹੋ ਕਿਤਨਕੁ ਪੁਨ ਨਾਹਿ ॥
ਹਮ ਗੁਰ ਬਡੋ ਬਖਾਨੇ ਨੀਕ ॥
ਛੋਟੋ ਬਣਨ ਨ ਦੇਵੇਂ ਠੀਕ ॥੧੬॥
ਦੋ: ॥ ਇਸਬਿਧਿ ਬਹੁਤੇ ਪ੍ਰਸ਼ਨ ਤੁਮ ਕਰਨ ਲਗਾਇਓ ਜ਼ੋਰ ।
ਤੀਨ ਚਾਰ ਕੇ ਬੀਚ ਹੀ, ਆਵੇ ਨਿਸਚੇ ਮੋਰ ॥੧੭॥

ਪ੍ਰਿਯਵਰ ਜੀ ਆਪਨੇ ਊਪ੍ਰ ਕਹੇ ਬੈਰਾਗੀ ਸੰਤੋਂ ਵਤ ਅਥਵਾ ਜੱਟ ਦੇ ਅਖਾਨ ਵਤ "ਤੇਰੀਆਂ ਵਧਨ ਕੇ ਮੇਰੀਆਂ" ਵਤ ਬਹੁਤੇ ਪ੍ਰਸ਼ਨ ਕੀਤੇ ਸ਼ਾਇਦ ਭਾਈਓਂ ਮੇਂ ਬੜਾ ਦਰਜ਼ਾ ਲੈਣੇ ਖਾਤ੍ਰ, ਅਥਵਾ ਉਤ੍ਰ ਦਾਤਾ ਬਾਰਾਂ ਪ੍ਰਸ਼ਨਾਂ ਨੂੰ ਦੇਖ ਕੇ ਦਬ ਜਾਏ ਇਸ ਖਾਤ੍ਰ, ਨਹੀ ਤੋ ਤੀਨ ਯਾ ਚਾਰ ਮੇਂ ਹੀ ਸਭ ਆ ਸਕਦੇ ਸਨ ਇਤਨਾ ਪ੍ਰੀਸ਼੍ਰਮ ਵ੍ਯਰਥ ਹੀ ਕੀਆ ॥

ਵੈਸੇ ਵੀਚਾਰ ਕਰਨੇ ਸੇ ਤੋ ਆਪਕੀ ਬੁਧੀ ਸਲਾਘਾ ਯੋਗਯ ਹੀ ਹੈ ਪ੍ਰੰਤੂ ਇਤਨਾ ਵਕਤ ਜੇ ਕਦਾਚਿਤ ਕਿਸੀ ਔਰ ਪੰਥ ਸੇਵਾ ਮੇਂ ਖਰਚ ਕਰਦੇ ਯਾ ਕਿਸੀ ਅਨਮਤੀ ਦਾ ਸਾਹਮਣਾ ਕਰਦੇ ਤੋ ਤੋ ਪੂਰਨ ਕਾਬਲਿ ਤਾਰੀਫ ਔਰ ਧੰਨਯ ਵਾਦਤਾ ਕੇ ਹੁੰਦੇ, ਔਰ ਸਾਥ ਹੀ ਗੁਰਦ੍ਰੋਹੀਪਨ ਪੁਨਾ ਅਪਨੇ ਭਾਈਓਂ ਮੇਂ ਫੁਟ ਪਾਉਣੇ ਰੂਪ ਧੱਬੇ ਸੇ ਭੀ ਬਰੀ ਹੋ ਜਾਂਦੇ, ਔਰ ਗੁਰੂ ਵਾਕਯ ਅਨੁਸਾਰ (ਜਸੁ ਕੀਰਤਿ ਜਗਿਲੇ) ਵਤ ਸੰਸਾਰ ਮੇਂ ਯੱਸ ਮੁਖ ਪਰ, ਕੀਰਤੀ ਪਿਠ ਪਿਛੇ ਲੇ ਵਿਭੂਸ਼ਤ ਹੁੰਦੇ ॥ ਇਤਿ ਭੂਮਕਾ ॥

ਲੌ ਅਬ ਪਹਿਲੇ ੩ ਪ੍ਰਸ਼ਨੋਂ ਕਾ ਅਨੁਬਾਦ ਸੰਜੁਗਤ ਉਤ੍ਰ ਰਹਿਤ ਪ੍ਰਕਾਸ਼ ਸਫਾ ੮੬ ਸਤਰ ੪ ਮੇਂ (ਮੁਸ਼ਕਲ ਨੰਬ੍ਰ ੨) ਮੇਂ ਭਾਈ ਸਾਹਿਬ ਇਉ ਅਸ਼ੰਕਾ ਕਰਤੇ ਹੈਂ ਯਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਪਰ "ਰਾਗਮਾਲਾ" ਨਾਮੇ ਬਾਣੀ ਹੈ ਵੁਹ ਗੁਰਬਾਣੀ ਨਹੀ ਹੈ ਕਾਰਨ ਉਸਮੇਂ ਏਹੁ ਦਸਦੇ ਹਨ ॥ (ਕ੍ਰਮ ਸੇ ਉਤ੍ਰ)

(੧) ਇਸ ਬਾਣੀ ਦੇ ਆਰੰਭ ਪਰ ਕੋਈ ਮਹੱਲਾ ਨਹੀਂ ॥
(੨) ਹੋਰ ਸਭ ਗੁਰ ਬਾਣੀਆਂ ਵਤ "ਨਾਨਕ" ਪਦ ਇਸ ਬਾਣੀ ਮੇਂ ਨਹੀਂ ॥
(੩) ਭਗਤਾਂ ਯਾ ਭਟਾਂ ਦੀ ਬਾਣੀ ਵਤ ਭੀ ਕਿਸੇ ਉਚਰਨੇ ਵਾਲੇ ਮਹਾਤਮਾ ਦਾ ਨਾਮੁ ਨਹੀਂ ॥
ਇਨ੍ਹ ਤੀਨ ਪ੍ਰਸ਼ਨੋਂ ਕਾ ਏਕਠਾ ਹੀ ਉਤ੍ਰ ਦੀਆ ਜਾਏਗਾ ਵਕਤਾ ਜਨ ਸਮਝ ਲੇਂ ॥

ਤਥਾ ਅਖਾਂ ਮੀਟ ਬਿਨਾਂ ਬੀਚਾਰੇ ਫੈਸਲਾ ਕਰਤਾ ਘੁਘੂਆਂ ਕੋ ਭੀ ਪ੍ਰਸ਼ਨ ਕਰਤਾ ਕੇ ਸਾਥ ਹੀ ਸਮਝ ਲੀਆ ਜਾਵੇ ॥

(ਉਤ੍ਰ) ੧,੨,੩,ਕਾ ਕਿਉਂ ਮਿਤ੍ਰ ਜੀ ਜਿਸ ਬਾਣੀ ਦੇ ਆਦਿ ਮਹੱਲਾ ਨਹੀ ਪੁਨਾ ਅੰਤ "ਨਾਨਕ" ਪਦ ਨਹੀਂ



Sri Satguru Jagjit Singh Ji eLibrary NamdhariElibrary@gmail.com

ਤਥਾ ਭਗਤਾਂ, ਭਟਾਂ, ਵਤ ਬਾਣੀ ਉਚਰਨੇ ਵਾਲੋਂ ਕਾ ਨਾਮ ਨਹੀਂ ਐਸੀ ਬਾਣੀ ਆਪਨੇ ਇਕ "ਰਾਗਮਾਲਾ" ਹੀ ਦੇਖੀ ਹੈ ਯਾ ਕੋਈ ਔਰ ਬਾਣੀ ਭੀ, ਅਗਰ ਕੋਈ ਔਰ ਬਾਣੀ ਬੀੜ ਮੇਂ ਹੋਵੇ ਤੋ ਆਪਕੇ ਕਥਨ ਅਨੁਸਾਰ ਤੋ ਵਹਿ ਬਾਣੀ ਭੀ "ਰਾਗਮਾਲਾ" ਕੇ ਤੁਲਜ ਹੀ ਹੋਗੀ ॥

ਸੋ ਲੋਂ ਮਿਤ੍ਰ ਜੀ ਨ ਕਹਿਨੇ ਯੋਗ ਆਪਨੇ ਕਹਾਈ, ਆਦਿ ਮੰਤ੍ਰ (ਜਪੁਜੀ) ਸਾਹਿਬ ਕੇ ਆਦਿ ਮੇਂ ਕੋਈ ਮਹੱਲਾ ਨਹੀਂ ਅਤੇ ਨਾ ਹੀ ਕਿਸੇ ਭਗਤਿ, ਭਟ, ਦਾ ਨਾਮੁ ਹੈ ਜਦੀ ਆਪ ਕਹੈਂ ਕਿ ਆਦਿ ਮੇ ਮਹੱਲਾ ਔਰ ਭਗਤਾਦਿ ਨਾਮ ਤੋਂ ਨਹੀਂ ਪ੍ਰੰਚ ਪਉੜੀ ੨ ਮੇਂ "ਨਾਨਕ" ਨਾਮੁ ਤੋ ਹੈ ਸੋ ਯਿਹ ਬਾਤ ਭੀ ਸਾਰੇ (ਜਪੁਜੀ) ਮੇਂ ਨਹੀਂ ਕਾਹੇ ਤੇ ਕਈ ਕੁ ਪਉੜੀਆਂ ਐਸੀਆਂ ਭੀ ਹਨ ਜੋ ਜਿਨ੍ਹਾਂ ਮੇਂ "ਨਾਨਕ" ਨਾਮੁ ਭੀ ਨਹੀਂ ਯਥਾ ਆਦਿ ਮੰਤ੍ਰ (ਜਪੁਜੀ) ਮੇਂ (੧ਓ ਸਤਿਨਾਮੁ) ਸੇ (ਗੁਰਪ੍ਰਸਾਦਿ॥ ਜਪੁ) ਪ੍ਰਜੰਤ ਨਾ ਤੋ ਆਦਿ ਮਹਲਾ ਹੈ ਤੇ ਨਾ ਹੀ ਅੰਤ "ਨਾਨਕ" ਨਾਮੁ ਹੈ, ਇਸੀ ਤਰਹਿ ਅਗੇ ਚਲ ੬ ਪਉੜੀ (ਤੀਰਥ ਨਾਵਾ ਜੇ ਤਿਸੁ ਭਾਵਾ) ਦੇ ਅੰਤ ਨਾ ਹੀ "ਨਾਨਕ" ਨਾਮ ਹੈ, ਇਸੀ ਤਰਹਿ ਅਗੇ ੧੨ ਤਥਾ ੧੩ ਵ ੧੪ ਪਉੜੀ (ਮੰਨੇ ਕੀ ਗਤਿ ਕਹੀ ਨਜਾਇ) ਸੇ ਲੇ (ਮੰਨੈ ਮਾਰਗਿ ਠਾਕ ਨਾ ਪਾਇ) ਦੇ ਅਖੀਰ (ਐਸਾ ਨਾਮੁ ਨਿਰੰਜਨੁ ਹੋਇ। ਜੇ ਕੋ ਮੰਨਿ ਜਾਣੈ ਮਨ ਕੋਇ ) ਤਕ "ਨਾਨਕ" ਨਾਮ ਨਹੀਂ ਫਿਰ ੧੬ ਪਉੜੀ (ਪੰਚ ਪ੍ਰਵਾਣ) ਮੇਂ ਭੀ ਨਹੀਂ ਤਥਾ ੨੭ ਪਉੜੀ (ਅਸੰਖ ਜਪੁ ਅਸੰਖ ਭਾਉ) ਅਗੇ ੧੯ ਪਉੜੀ (ਅਸੰਖ ਨਾਵ ਅਸੰਖ ਥਾਵ) ਮੇਂ ਭੀ ਨਾਮੁ ਨਹੀਂ ਤਥਾ ੨੩ ਪਉੜੀ (ਸਾਲਾਹੀ ਸਾਲਾਹਿ) ਮੇ ਭੀ ਨਾਮੁ ਨਹੀਂ ਐਸੇ ਹੀ ਅਗੇ ੨੮ ਪਉੜੀ ਤੇ ੨੯ ਪੁਨਾ ੩੦ ਪਉੜੀ (ਮੁੰਦਾ ਸੰਤੋਖੁ) ਸੇ ਲੇਕਰ (ਏਕਾਮਾਈ) ਦੇ ਅਖੀਰ (ਅਦੇਸੁ ਤਿਸੈ ਅਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗ ਜੁਗ ਏਕੋ ਵੇਸੁ) ਤਕ ਭੀ "ਨਾਨਕ" ਨਾਮੁ ਨਹੀਂ ਤਥਾ ਨਾ ਹੀ ੩੬ ਪਉੜੀ (ਗਿਆਨ ਖੰਡ ਮਹਿ ਗਿਆਨੁ ਪ੍ਰਚੰਡੁ) ਮੇਂ "ਨਾਨਕ" ਨਾਮ ਹੈ ਸੋ ਕਿਉਂ ਮਿਤ੍ਰ ਜੀ ਏਹ ਉਪਰਕਹੀ ਪਉੜੀਆਂ ੧੩ ਮੇਂ "ਨਾਨਕ" ਨਹੀਂ ਹੈ ਯਾਤੇ ਆਪਕੇ ਕਹਿਣੇ ਬਮੂਜਬ ਤੋ ਏਹ ੧੩ ਪਉੜੀ ਕਿਸੀ ਹੋਰ ਨੇ ਹੀ ਬਣਾਕੇ ਤੇ ਜਪੁਜੀ ਸਾਹਿਬ ਮੇਂ ਪਾ ਦਿਤੀਆਂ ਹੋਨਗੀਆਂ ਕਿਉਂ ਜੋ ਪਹਿਲੇ ਤੋ ਜਪੁਜੀ ਦੇ ਆਦਿ ਮਹੱਲੇ ਦਾ ਨਾ ਹੋਨਾ ਭੀ ਆਪਨੂੰ ਜਣਾ ਰਿਹਾ ਹੈ ਜੋ ਜਪੁਜੀ ਸਾਹਿਬ ਸਾਰਾ ਹੀ ਕਿਸੀ ਹੋਰ ਦਾ ਬਣਾਇਆ ਹੂਆ ਹੈ ਗੁਰਬਾਣੀ ਨਹੀਂ ਪ੍ਰੰਤੂ ੧੩ ਪਉੜੀਆਂ ਮੇਂ ਤੋ "ਨਾਨਕ" ਨਾਮ ਹੈ ਹੀ ਨਹੀਂ ਇਸਤੇ ਤੋ ਆਪ ਜਰੂਰ ਹੀ ਕਹੋਗੇ ਜੋ ਏਹ ਪਾਉੜੀਆਂ ਕਿਸੀ ਸਿਖ ਦੀਆਂ ਬਣਾਕੇ ਜਪੁਜੀ ਵਿਚ ਪਾ ਦਿਤੀਆਂ ਹੋਈਆਂ ਹਨ ॥ ਬਾਕੀ ਜੋ ੨੫ ਪਉੜੀਆਂ "ਨਾਨਕ" ਨਾਮ ਵਾਲੀਆਂ ਹਨ ਸੋ ਹਮ ਕੋ ਤੋ ਯਹ ਭੀ ਅੰਦੇਸ਼ਾ ਹੈ ਕਿ ਆਪ ਜੈਸੇ ਲਾਇਕਾਂ ਵਿਚੋਂ ਕੋਈ ਹੋਰ ਭੁਲੇਮੇ ਯਾ ਮੁਸ਼ਕਲਾਂ ਬਣਾਕੇ ਏਹ ਕਹਿ ਦੇਵੇ ਜੋ (ਜਪੁਜੀ) ਦੇ ਆਦਿ ਮੇਂ ਕੋਈ ਮਹੱਲਾ ਨਹੀਂ ਹੈ ਇਸਤੇ ਏਹ ਭੀ ਗੁਰ ਬਾਣੀ ਨਹੀਂ ਤੇ "ਨਾਨਕ" ਨਾਮੁ ਭੀ ਕਿਸੀ ਸਿਖ ਨੇ ਫਰਜ਼ੀ ਬਣਾ ਕੇ ਰਖ ਦਿਤਾ ਹੈ ਕਾਹੇਤੇ ਜੋ ਆਪ ਨਿਯਮ ਕਰ ਚੁਕੇ ਹੈਂ ਕਿ ਜੋ ਮਹੱਲੇ ਬਗੈਰ ਬਾਣੀ ਹੈ ਸੋ ਗੁਰਬਾਣੀ ਨਹੀਂ, ਜੇ ਆਪ ਕਹੇਂ ਕਿ ਸਾਡੇ ਵਿਚੋਂ ਐਸਾ ਕੋਈ ਨਹੀਂ ਜੋ (ਜਪੁਜੀ) ਸਾਹਿਬ ਨੂੰ ਨਾਨਕ" ਨਾਮੁਵਾਲੀ ਬਾਣੀ ਹੋਣੇ ਤੇ ਕਹੇ ਜੋ ਗੁਰਬਾਣੀ ਨਹੀਂ, ਤੋ ਮੈਂ ਆਪ ਸਾਹਿਬੋਂ ਕੋ ਏਕ ਉਪਦੇਸ਼ਕ ਦਾ ਹਾਲ ਨਮੂਨੇ ਮਾਤ੍ਰ ਦਸਦਾ ਹਾਂ, ਕੋਈ ੪ ਕੂ ਸਾਲਾਂ ਦਾ ਜ਼ਿਕਰ ਹੈ ਕਿ ਇਕ ਸ਼ਾਮ ਸਿੰਘ ਨਾਮਾ ਉਪਦੇਸ਼ਕ ਜ਼ਿਲਾ ਗੁਜਰਾਤ ਕੇ ਬਾਸੂ ਨਾਮੇ ਪਿੰਡ ਜੋ ਮਾਂਗਟ ਭਾਈ ਬੰਨੋਂ ਕੇ ਪਾਸ ਹੈ ਵਹਾਂ ਪਹੁੰਚਾ ਜਿਸਨੇ ਜਾਂਦਿਆਂ ਹੀ ਅਪਨੀ ਮਾਇਆ ਕਾ ਚੱਕ੍ਰ ਦੇ ਸੂਰਜ ਪ੍ਰਕਾਸ਼ ਦੀ ਕਥਾ ਨੂੰ ਬੰਦ ਕਰਾ ਦਿਤਾ ਤੇ ਕਹਿਆ ਜੋ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਸ ਕਵੀਆਂ ਦੀ ਬਾਣੀ ਪੜ੍ਹਨੀ ਮੁਨਾਸਬ ਨਹੀਂ ਗ਼ਰਜ਼ ਕਈਆਂ ਕੁ ਨੇ ਰੌਲਾ ਪਾਇਆ ਭੀ ਕਿ ਕਿਉਂ ਨਾ ਸੂਰਜ ਪ੍ਰਕਾਸ਼ ਦੀ ਕਥਾ ਕੀਤੀ ਜਾਏ ਪ੍ਰੰਚ ਅਖੀਰ ਸੂ: ਦੀ ਕਥਾ ਬੰਦ ਕੀਤੀ ਗਈ, ਦੂਸਰੇ ਦਿਨ ਨੂੰ ਕਿਸੀ ਪ੍ਰਾਨੀ ਦੇ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਪਾਇਆ ਉਪ੍ਰੰਤ ਉਪਦੇਸ਼ਕ ਸਾਹਿਬ ਜੀ ਖੜੇ ਹੋ ਵਖਜਾਨ ਦੀਆ ਔਰ ਜ਼ਾਹਿਰ ਕੀਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਪ੍ਰਾਣੀ ਦੀ ਨਮਿਤ ਪਾਉਣਾ ਨਿਸ਼ਫਲ ਹੈ ਪ੍ਰਾਣੀ ਨੂੰ ਨਹੀ ਪਹੁੰਚਦਾ ਤੇ ਨ ਉਸਦੀ ਕਲਿਜਾਣ ਕਰਦਾ ਹੈ ਅਤੇ ਨਾ ਹੀ ਕਿਸੇ ਮੁਕੱਦਮੇ ਵਿਚ ਸਹਾਇਤਾ ਕਰਦਾ ਹੈ ਕਿਉਂਕਿ ਮੁਕਦਮਾ ਤੋ ਅੰਮ੍ਰਿਤਸਰ ਜੀ ਹੋਵੇ ਤੇ ਭੋਗ ਬਾਸੂ ਪਾਇਆ ਜਾਵੇ ਤੋ ਅੰਮ੍ਰਿਤਸਰ ਕਿਸ ਤਰਹਿ ਸਹਾਇਤਾ ਕਰ ਸਕਦਾ ਹੈ ਸੋ ਕਿਉਂ ਮਿਤ੍ਰ ਜੀ ਜਬ ਐਸੇ ੨ ਆਪਕੇ ਉਪਦੇਸ਼ਕ ਬੁਧੀਵਾਨ ਹੈਂ ਤੋ ਕਿਉ ਨਾ ਆਪਕੇ ਬੀਜ ਪਾਏ ਦੀ ਪਾਲਨਾ ਕਰਦੇ ਹੂਏ ਜਪੁਜੀ ਸਾਹਿਬ ਕੋ ਗੁਰਬਾਣੀ ਨਹੀ ਦਾ ਇਕਰਾਰ



Sri Satguru Jagjit Singh Ji eLibrary NamdhariElibrary@gmail.com

ਦੇਣਗੇ, ਸੋ ਮਿਤ੍ਰ ਜਨੋ ਬੀਚਾਰ ਲੋ ਐਸ ੨ ਉਪਦੇਸ਼ਕ ਮਹਾਤਮਾ ਘਰ ੨ ਫਿਰ ਰਹੇ ਜੋ ਕਿਉ ਨਾ ਗੁਰੂ ਮਤ ਦਾ ਫੈਲਾਵ ਕਰੇਂਗੇ ॥ ਭਲਾ ਜੇ ਆਪਕੋ ਆਦਿ ਮਹੱਲੇ ਪਰ ਤੇ ਅੰਤ ਮੇਂ "ਨਾਨਕ" ਨਾਮੁ ਪਰ ਹੀ ਭ੍ਰੋਸਾ ਹੈ ਤੋ "ਰਤਨਮਾਲਾ" ਤੇ ਬਾਇ ਆਤਸ਼ਾਦੀ ਸਲੋਕ ਜੋ ਭਾਈ ਬੰਨੋ ਜੀ ਦੀ ਬੀੜ ਮੇਂ ਮੌਜੂਦ ਹੈਨ ਉਸਕੋ ਤੋ ਭਾਈ ਗੁਰਦਾਸ ਜੀ ਦੀ ਤਥਾ ਦਮਦਮੇ ਵਾਲੀ ਬੀੜ ਦਸਮੇਸ਼ ਪਾਤਸ਼ਾਹੋਂ ਕੀ ਮੇ ਭੀ ਚੜ੍ਹਾ ਦੇਨਾ ਸੀ ਕਾਹੇ ਤੇ ਇਨ ਬਾਣੀਓਂ ਕੇ ਤੋ ਆਦਿ ਮੇਂ ਮਹੱਲਾ ਹੈ ਯਥਾ (ਰਤਨ ਮਾਲਾ ਮ: ੧) ਤੇ ਹਰੇਕ ਪਉੜੀਆਂ ਕੇ ਅੰਤ "ਨਾਨਕ" ਨਾਮ ਹੈ ਯਥਾ (ਨਾਨਕ ਕਹੈ ਸੋਈ ਅਵਧੂਤ) ਵ (ਰੋਲ ਬਿਰੋਲ ਲੀਆ ਜਿਹ ਮਖਣ ॥ ਨਾਨਕ ਕਹੈ ਜੋਗ ਕੇ ਲਖਣ) ਅਥਵਾ (ਨਾਨਕ ਕਹੈ ਸੋਈ ਉਦਾਸੀ) ਅਥਵਾ ਕਈ ਕੁ ਬਾਣੀਆਂ ਐਸੀਆਂ ਵੀ ਹਨ ਕਿ ਜਿਨ੍ਹਾਂ ਦੇ ਆਦਿ ਤੋਂ ਮਹੱਲਾ ਹੈ ਔਰ ਅੰਤ ਨਾਨਕ ਨਾਮ ਹੈ ਅਤੇ ਬੀੜ ਕਿਸੀ ਮੇਂ ਭੀ ਦਰਜ ਨਹੀਂ ਯਥਾ (ਪੈਂਤੀਸ ਅਖਰੀ ਮ: ੧) ਆਦਿ ਮੇਂ ਅਤੇ (ਨਾਨਕ ਓਅੰ ਸੋਹੰ ਆਤਮ ਸੋਊ) (ਅੰਤਮੇਂ) (ਰਾਗ ਆਸਾ ਮਾਲਕੌਸ ਕੀ ਵਾਰ ਮ: ੧) ਆਦਿ ਮੇ (ਸਦਾ ਅਲਖ ਅਪਾਰ ਸਰੰਦਾ ਜਾਣੀਏ ॥ (ਬਲੇ ਸਚਿਆ) ਦੂਇ ਪੁੜ ਜੋੜ ਵਿਛੋੜ ਧਰੇ ਅਡਾਣੀਏ ॥) (ਅੰਤਪਰ) ਗੁਰ ਪ੍ਰਸਾਦੀ ਨਾਨਕ ਸਚੇ ਗੁਣ ਗਾਵਾ ॥ ਤੁਧ ਭਾਵੇ ਤੂੰ ਸਾਲਾਹਣਾ ਸਚੁ ਪੂਰਾ ਪਾਵਾ (ਅੰਤਮੇਂ) ਅਗੇ ਹੋਰ (ਛੋਟਾਓਅੰਕਾਰ ਮ: ੧) (ਓਅੰਕਾਰ ਨਿਰਮਲ ਸਤਿਥਾਨਿ ॥ ਤਾਤੇ ਹੋਈ ਸਗਲੀ ਖਾਨ ॥) ਅੰਤ ਮੇਂ (ਮ੍ਰਿਗ ਸੁ ਬਾਸ ਰਹਿਓ ਲਪਟਾਇ ॥ ਨਾਨਕ ਬਿਨਗੁਰ ਸੁਰਤਿ ਨਾ ਪਾਇ ) ਹੋਰ (ਰਾਗ ਗਉੜੀ ਮ: ੧) (ਰੰਗ ਮਾਲਾ ਯੋਗ ਨਿਧਿ) ਅਗਾਮੀ ਗੁਰ ਭਰਿਆ ਨੀਰ ॥ ਤਾ ਮੈ ਕਵਲ ਬਹੁਤ ਬਿਸਥੀਰ ॥ ਭਉਰਾ ਲੁਭਧਾ ਤਾਕੀ ਗੰਧ ॥ ਨਾਨਕ ਬੋਲੇ ਬਿਖਮੀ ਗੰਧ ॥ (ਅੰਤ ਮੇਂ) ਸਬਦ ਗੁਰੂ ਕੇ ਜੋ ਮਨ ਲਾਵੇ ॥ ਨਾਨਕ ਸੋਨਰ ਪਰਮ ਗਤਿ ਪਾਵੇ ॥ ਸੋ ਇਤਾਦੀ ਬਾਣੀਆਂ ਜੋ ਮਹੱਲੇ ਤਥਾ ਅੰਤ ਨਾਮੁ ਵਾਲੀਆਂ ਹਨ ਸੋ ਇਨਾ ਨੂੰ ਤੋ ਜ਼ਰੂਰ ਚੜ੍ਹਵਾ ਦੇਨਾ ਸੀ ਸੋ ਏਨਾਂ ਕਥਨ ਕਰੀਆਂ ਬਾਣੀਆਂ ਦੇ ਚੜ੍ਹਾਉਨੇ ਤੋਂ ਇਨਕਾਰ ਤੇ "ਰਾਗਮਾਲਾ" ਨਿਕਾਲਨੇ ਨੂੰ ਤਯਾਰ ਇਸਤੇ ਤੋ ਆਪ ਕੇ ਊਪਰ ਬੰਦਰ ਚਿੜੀਆ ਕੀ ਕਹਾਵਤ ਆ ਜਾਵੇਗੀ, ਯਥਾ ਸੀਤ ਮੇ ਕਾਪਤੇ ਬੰਦ੍ਰ ਕੋ ਚਿੜੀਆਂ ਹਾਥ ਪਾਉਂ ਮਾਨੁਖ ਸੇ ਦੇਖ ਘਰ ਬਣਾਉਣੇ ਦਾ ਉਪਦੇਸ਼ ਦੀਆ ਬੰਦ੍ਰ ਨੇ ਕਹਾ ਬਣਾਉਣਾ ਤੋ ਮੁਸ਼ਕਲ ਹੈ ਪ੍ਰੰਚੇ ਯਾਰ ਤੋਂ ਬਣੇ ਹੂਏ ਤੋੜਨੇ ਦੀ ਸਾਮਰਥ ਰਖਦੇ ਹੈ ਝਟ ਕੂਦ ਕੇ ਚਟਕਾ ਦਾ ਘਰ ਤੋੜ ਦਿਤਾ, ਸੋ ਇਸੀ ਤਰਹਿ ਭਾਈ ਸਾਹਿਬ ਭੀ ਨਜ਼ਰ ਆਏ, ਸੋ ਮਿਤ੍ਰ ਜੀ ਜੇ ਤੋ ਮਹੱਲੇ ਤਥਾ ਨਾਮੁ ਪਰ ਆਪਕੋ ਭ੍ਰੋਸਾ ਹੈ ਤੋ ਊਪਰ ਕਹੀ ਬਾਣੀਆਂ ਬੀੜੋਂ ਮੇਂ ਚੜ੍ਹਾਉਨੇ ਦੀ ਕੋਸ਼ਸ਼ ਪਹਿਲੇ ਕਰ ਲੋ ਤੇ ਫਿਰ "ਰਾਗਮਾਲਾ" ਆਦੀ ਜੋ ਜੋ ਬਾਣੀਆਂ ਮਹੱਲੇ ਤੋ ਤਥਾ "ਨਾਨਕ" ਨਾਮੁ ਤੋਂ ਵ ਭਗਤਾਂ, ਭਟਾਂ ਦੇ ਨਾਮ ਤੋਂ ਬਗੈਰ ਹੋਣ ਉਨਕੇ ਨਿਕਾਲਨੇ ਦੀ ਕੋਸ਼ਸ਼ ਕਰ ਲੈਣੀ ਪ੍ਰੰਤੂ ਯਾਦ ਰਹੇ ਜੋ ਜਪੁਜੀ ਸਾਹਿਬ ਦੀ ਬਾਣੀਆਂ ਭੀ ਮਹੱਲੇ ਭਗਤਾਂ, ਭਟਾਂ ਦੇ ਨਾਮੋਂ ਬਗੈਰ ਤਥਾ ੧੩ ਪਉੜੀਆਂ ਜੋ "ਨਾਨਕ" ਨਾਮੁ ਸੇ ਬਿਨਾ ਹਨ ਉਨਸੇ ਭੀ ਆਪਕੋ "ਰਾਗਮਾਲਾ" ਕੇ ਸਮਾਨ ਵਰਤਾਵ ਕਰਨਾ ਹੋਗਾ ਸੋਮਿਤ੍ਰ ਜੀ ਐਸੀਆਂ ਬਾਣੀਆਂ ਸ੍ਰੀ ਗੁਰੂ ਗ੍ਰੰਥ ਜੀ ਮੇਂ ਬਹੁਤ ਹਨ ਜਿਨੋ ਮੇਂ ਨਾ ਤੋਂ ਮਹੱਲਾ ਆਦਿਮੇਂ ਹੈ ਤੇ ਨਾਹੀ ਅੰਤ "ਨਾਨਕ" ਨਾਮੁ ਹੈ ਤੇ ਨਾ ਕਿਸੇ ਭਗਤ ਭਟ ਦਾ ਨਾਮੁ ਹੈ ਪ੍ਰੰਤੂ ਗ੍ਰੰਥ ਬਢਣ ਦੇ ਡਰਸੇ ਨਮੂਨੇ ਮਾਤ੍ਰ ਸ੍ਰੀ ਗੁਰੂ ਗ੍ਰੰਥ ਜੀ ਦੀਆਂ ਅੰਤਲੀਆਂ ਬਾਣੀਆਂ ਵਿਚੋਂ ਦਿਖਾਉਂਦਾ ਹਾਂ, ਸੁਣੋਂ ॥ ਫਰੀਦ ਜੀ ਦੇ ਸਲੋਕੋਂ ਕੇ ਅੰਤ ਮੇਂ ੧ ਸਲੋਕ ਮਹਲੇ ੫ ਕਾਹੈ ਫਿਰ ਇਕ ਮ: ੩ ਕਾ ਹੈ ਜਿਨਕੇ ਆਦਿ ਮਹੱਲਾ ਹੈ ਤੇ ਅੰਤ "ਨਾਨਕ" ਨਾਮੁ ਹੈ ਫਿਰ ਇਨ ਦੋ ਸਲੋਕੋਂ ਸੇ ਪੀਛੇ ੬ ਸਲੋਕ ਅੰਕ ੧੨੪ ਸੇ ੧੩੦ ਤਕ ਹਨ ਜਿਨਕੇ ਆਦਿ ਨਾ ਤੋ ਮਹਲਾ ਹੀ ਹੈ ਤੇ ਨਾ ਹੀ "ਨਾਨਕ" ਨਾਮੁ ਹੈ ਅਤੇ ਨਾ ਹੀ ਕਿਸੇ ਭਗਤਿ, ਭਟ, ਦਾ ਨਾਮੁ ਹੈ ਯਥਾ (ਸਰਵਰ ਪੰਖੀ ਹੇਕੜੋ ਫਾਹੀ ਵਾਲ ਪਚਾਸ ॥ ਇਹੁ ਤਨ ਲਹਰੀ ਗਡ ਥਿਆ ਸਦੇ ਤੇਰੀ ਆਸ ॥ ੧੨੫ ॥ ਕਵਣ ਸੁ ਅਖਰ ਕਵਣ ਗੁਣ ਕਵਣ ਸੁ ਮਣੀਆ ਮੰਤੁ ॥ ਕਵਣ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥ ੧੨੬ ॥ ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆਂ ਮੰਤੁ ॥ ਏ ਤ੍ਰੈ ਭੈਣੇ ਵੇਸ ਕਰਿ ਤਾ ਵਸਿ ਆਵੀ ਕੰਤੁ ॥੧੨੭॥ ਮਤਿ ਹੋਦੀ ਹੋਇ ਇਆਣਾ ॥ ਤਾਣ ਹੋਦੇ ਹੋਇ ਨਿਤਾਣਾ ॥ ਅਣਹੋਦੇ ਆਪ ਵੰਡਾਏ ॥ ਕੋ ਐਸਾ ਭਗਤਿ ਸਦਾਏ ॥ ੧੨੮॥ ਇਕ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ ॥ ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥ ਸਭਨਾ ਮਨ ਮਾਣਿਕੁ ਠਾਹਣੁ ਮੂਲਿ ਮਚਾਗਵਾ ॥ ਜੇਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥੧੩੦॥ ਕਿਉ ਮਿਤ੍ਰ ਜੀ ਏਹ ੬ ਸਲੋਕ ਭੀ ਕਿਸੀ ਔਰ ਦੇ ਹੀ ਹੋਣਗੇ ਕਿਉਂਕੇ ਫਰੀਦ ਜੀ ਦੇ ਹਰੇਕ ਸਲੋਕ ਮੇਂ ਫਰੀਦ ਜੀ



Sri Satguru Jagjit Singh Ji eLibrary NamdhariElibrary@gmail.com

ਦਾ ਨਾਮੁ ਹੈ ॥ ੧੨੧ ॥ ਤਕ ਔਰ ਫਿਰ ਅੰਤਮੇ ੧੨੨ ਵਾਂ ਸਲੋਕ ਪੰਚਮ ਸਤਿਗੁਰੂ ਜੀ ਦਾ ਹੈ ਜਿਸਦੇ ਆਦਿ ਮਹਲਾ ਤੇ ਅੰਤ "ਨਾਨਕ" ਨਾਮ ਹੈ ਅਤੇ ਫਿਰ ੧੨੩ਵਾਂ ਸਲੋਕ ਮਹੱਲੇ ਤੀਸਰੇ ਕਾ ਹੈ ਇਸਦੇ ਵੀ ਆਦਿ ਮਹੱਲਾ ਤੇ ਅੰਤ "ਨਾਨਕ" ਨਾਮੁ ਹੈ ਉਪ੍ਰੰਤ ਉਪ੍ਰ ਲਿਖੇ ਏਹ ੬ ਸਲੋਕ ਹਨ ਜੋ ਮਹਲੇ ਤਥਾ ਨਾਮੁ ਆਦਿਕੋਂ ਸੇ ਬਗੈਰ ਹਨ ਦੂਸਰਾ ਬਾਣੀ ਦੇ ਅੰਤ ਪਰ ਹਨ ਇਸਤੇ ਜਰੂਰ ਹੀ ਆਪ ਕਹੈਂ ਗੇ ਜੋ ਯਿਹ ਭੀ ਗੁਰਬਾਣੀ ਨਹੀਂ ਕਿਸੀ ਸਿਖ ਨੇ ਹੀ ਬਣਾਕੇ ਲਿਖ ਦਿਤੇ ਹੋਨਗੇ, ਇਸੀ ਤਰਹਿ ਸਲੋਕ ਵਾਰਾਂ ਤੇ ਵਧੀਕ ਮਹਲੇ ਪੰਚਮੇਂ ਕੇ ਅਤੰ ਦੋ ਸਲੋਕ ਹਨ ਅੰਕ ੨੦ ਸੇ ੨੨ ਤਕ ਜਿਨਕੇ ਨਾ ਤੋ ਆਦਿ ਮਹਲਾ ਹੈ ਤੇ ਨਾਹੀ ਅੰਤ "ਨਾਨਕ" ਨਾਮੁ ਹੈ ਪੁਨਾ ਕਿਸੇ ਭਗਤਿ, ਯਾ ਭਟ, ਦਾ ਨਾਮ ਭੀ ਨਹੀਂ ਯਥਾ (ਖੰਭ ਵਿਕਾਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ॥ ਤੰਨਿ ਜੜਾਈ ॥ ਆਪਣੇ ਲਹਾਂ ਸੁ ਸਜਨ ਟੋਲਿ ॥੨੧॥ ਸਜਣੁ ਸਚਾ ਪਾਤਿਸ਼ਾਹੁ ਸਿਰਸਾਹਾਂ ਦੇ ਸਾਹੁ ॥ ਜਿਸ ਪਾਸ ਬਹਿਠਿਆਂ ਸੋਹੀਐ ਸਭਨਾ ਦਾ ਵਿਸਾਹੁ ॥੨੨॥ ਪ੍ਰਿਅਵਰ ਜੀ ਯਾਦ ਰਹੈ ਕਥਨ ਕੀਏ ਦੋਨੋ ਸ਼ਲੋਕ ਬਾਣੀ ਕੇ ਅੰਤਮੇਂ ਹੈਂ ਇਨਮੇਂ ਨਾਮ ਔਰ ਮਹਲੇ ਦਾ ਨ ਹੋਨਾ ਜਰੂਰ ਸੂਚਨ ਕ੍ਰਾਉਂਦਾ ਹੈ ਜੋ ਯਹ ਭੀ ਗੁਰਬਾਣੀ ਨਹੀ ਸੋ ਜੇਤੋਂ ਯਥਾ ਯਹ ਕਥਨ ਕਰੀਆਂ ਗੁਰਬਾਣੀਆਂ ਹਨ ਤਥਾ "ਰਾਗਮਾਲਾ" ਭੀ ਗੁਰਬਾਣੀ ਹੈ ਸੰਸੇ ਨਹੀ ਕਾਹੇਤ ਸ੍ਰੀ ਗੁਰੂ ਸਾਹਿਬ ਜੀ ਸੁਤੰਤ੍ਰ ਔ ਨਿਰੰਕੁਸ ਕਰਤਾ ਹੈਂ ਅਪਨੀ ਮਰਜੀ ਅਨੁਸਾਰ ਕਹੀਂ ਨਾਮੁ ਔ ਮਹੱਲਾ ਰਖ ਦੀਆ ਹੈ ਔਰ ਕਿਸੀ ਬਾਣੀ ਮੇਂ ਨਹੀਂ ਸੋ ਮਿਤ੍ਰ ਐਸੀਆਂ ਬਹੁਤ ਗੁਰਬਾਣੀਆਂ ਹਨ ਜੋ ਮਹੱਲੇ ਨਾਮ ਸੇ ਬਗੈਰ ਹਨ ਗ੍ਰੰਥ ਵਧਨੇ ਸੇ ਇਤਨਾ ਲਿਖਿਆ ਹੈ ਔਰ ਦੇਖਣਾ ਹੋ ਤੋ ਸ੍ਰੀ ਗੁਰੂ ਬਾਣੀ ਮੇਂ ਵਿਚਾਰਕਰ ਦੇਖ ਲੋ ਪ੍ਰੰਤੂ ਸਚਾਈ ਨੂੰ ਮੁਖ ਰਖਕੇ ਵੀਚਾਰ ਕਰੋ ਜੋ "ਰਾਗਮਾਲਾ" ਨਾਮ ਮਹੱਲੇ ਸੇ ਬਗੈਰ ਹੋਨੇ ਤੇ ਲਿਖ ਦੇਨਾ ਜੋ ਯਹ ਗੁਰਬਾਣੀ ਨਹੀਂ, ਤੇ ਔਰ ਜੋ ਗੁਰਬਾਣੀਆਂ ਨਾਮ ਮਹੱਲੇ ਬਗੈਰ ਹਨ ਓਨ੍ਹਾਂ ਨੂੰ ਕਰਾਰ ਦੇਣਾ ਜੋ ਗੁਰ ਬਾਣੀਆਂ ਹੈਂ ਸੋ ਮੁਨਸਫ਼ੀ ਔਰ ਸਚਾਈ ਨਹੀਂ ਖ਼ਾਲਸਾ ਭਾਈ ਬੀਚਾਰ ਲੇਂ ਸੋ ਜਿਥੇ ਸਚਾਈ ਔ ਮੁਨਸਫੀ ਨਹੀਂ ਤਿਥੇ ਗੁਰ ਸਿਖੀ ਭੀ ਨਹੀਂ ਇਤੀ ਤੀਨ ਪ੍ਰਸ਼ਨੋਂ ਕਾ ਉਤ੍ਰ ॥

ਚੌਥਾ ਪ੍ਰਸ਼ਨ—ਭਾਈ ਸਾਹਿਬ ਜ਼ਬਾਨ ਮੁਬਾਰਕ ਸੇ ਇਉ ਫਰਮਾਉਂਦੇ ਹਨ ਯਥਾ, (੪) ਇਹ ਬਾਣੀ ਗੁਰਾਂ ਦੀ ਮੋਹਰ ਮੁੰਦਾਵਣੀ ਦੇ ਅੰਦਰ ਨਹੀਂ ॥

(ਉਤ੍ਰ) ਕਿਉਂ ਮਿਤ੍ਰ ਜੀ (ਮੁੰਦਾਵਣੀ) ਇਨ ਚਾਰ ਅਖਰੋਂ ਦਾ ਨਾਮ ਮੋਹਰ ਹੈ, ਯਾ (ਥਾਲ ਵਿਚ ਤਿਨ ਵਸਤੂ ਪਈਓ) ਦਾ ਸਾਰਾ ਸ਼ਬਦ ਹੀ ਮੋਹਰ ਹੈ ਜੇ ਊਪਰ ਕਹੇ ਚਾਰ ਅੱਖਰੋਂ ਕੋ ਮੋਹਰ ਕਹੋ ਤੋ (ਥਾਲ ਵਿਚ ਤਿਨ ਵਸਤੂ ਪਈਓ) ਤੇ ਸਲੋਕ ਮ: ੫ (ਤੇਰਾ ਕੀਤਾ ਜਾਤੋਨਾਹੀ ਮੈਨੇ ਜੋਗ ਕੀਤੋਈ) ਏਹ ਦੋਨੋ ਸ਼ਬਦ "ਮੁੰਦਾਵਣੀ" ਮੋਹਰ ਤੋ ਪੀਛੇ ਕਿਉਂ ਲਿਖੇ ਕਿਆ ਏਹ ਭੀ ਗੁਰਬਾਣੀ ਨਹੀਂ, ਜੇ ਪੀਛੇ ਮੋਹਰ ਦੇ ਲਿਖੇ ਹੋਏ ਦੋਨੋ ਸ਼ਬਦ ਗੁਰਬਾਣੀ ਹਨ ਤੋਂ "ਰਾਗਮਾਲਾ" ਗੁਰਬਾਣੀ ਕਿਉਂ ਨਹੀ ਏਹ ਭੀ ਜਰੂਰ ਗੁਰ ਬਾਣੀ ਹੈ, ਜੇ ਕਹੋ ਕਿ (ਥਾਲ ਵਿਚ:) ਦਾ ਸਾਰਾ ਸ਼ਬਦ ਮੋਹਰ ਹੈ ਤੋਂ ਬਣੇ ਨਹੀ ਕਾਹੇਤੇ ਇਸਮੇ ਕਾਰਣ ਦੋ ਹਨ ਏਕ ਤੋ ਯੇਹ ਹੈ ਜੋ ਸੋਰਠ ਰਾਗ ਦੀ ਵਾਰ ਦੇ ੮ ਸਲੋਕ ਮੇ ਇਨ ਬਿਨ ਜਿਉਂਕਾ ਤਿਉ ਏਹ ਸਾਰਾ ਸਬਦ ਔਰ ਦੋ ਦਫਾ "ਮੁੰਦਾਵਣੀ" ਨਾਮ ਸੇ ਲਿਖਾ ਹੈ ਯਥਾ—

ਸੋਰਠ ਕੀ ਵਾਰ ਕਾ ੮ ਸਲੋਕ ਮ: ੩

ਥਾਲੈ ਵਿਚ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁਸਾਰੁ ॥ ਜਿਤੁਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ ॥ ਏਹ ਭੋਜਨ ਅਲਭੁਹੈ ਸੰਤਹੁ ਲਭੈ ਗੁਰ ਵੀਚਾਰਿ ॥ ਏਹ ਮੁੰਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿਧਾਰਿ ॥ ਏਹ ਮੁੰਦਾਵਣੀ ਸਤਿਗੁਰੂ ਪਾਈ ਗੁਰੂ ਸਿਖਾ ਲਧੀ ਭਾਲਿ ॥ ਨਾਨਕਜਿਸਬੁਝਾਏਸੋਬੁਝਸੀ ਹਰਿਪਾਇਆਗੁਰਮੁਖਿ ਘਾਲਿ ॥ ਪਿਆਰੇ ਖਾਲਸਾ ਜੀ ਇਸ ਸਲੋਕ ਮੇਂ ਭੀ ਭਾਵ ਓਹੋ ਹੈ ਜੋ ਅਖੀਰਲੀ "ਮੁੰਦਾਵਣੀ" ਮੇ ਹੈ ਸੋ ਜੇ ਏਹ ਸਾਰਾ ਸ਼ਬਦ ਤਥਾ "ਮੁੰਦਾਵਣੀ" ਮੋਹਰ ਹੁੰਦੀ ਤੋ ਤੀਸਰੇ ਪਾਤਸ਼ਾਹੋਂ ਕੀ ਮੋਹਰ ਸੋਰਠ ਰਾਗਕੇ ਅਠਵੇਂ ਸਲੋਕ ਮੇ ਲਗਾਈ ਹੂਈ ਉਸਕੋ ਉਲੰਘਨਕਰ ਸੋਰਠਰਾਗ ਕੀ ਵਾਰਕੇ ੯ ਸਲੋਕ ਸੇ ਅੰਤ ਪ੍ਰਯੰਤ ਸਾਰੀ ਬਾਣੀ ਸ੍ਰੀ ਗੁਰੂ ਪੰਚਮ ਪਾਤਸ਼ਾਹ ਜੀ ਕਬੀ ਨ ਲਿਖਦੇ ਅਤੇ ਨਾਹੀ ਤੀਸਰੇ ਗੁਰੂ ਜੀ ਦੀ ਮੋਹਰ ਨੂੰ ਉਖਾੜ ਕੇ ਅਖੀਰ ਪਰ ਲਗਾਉਦੇ ਸੋ ਮਿਤ੍ਰ ਜੇ "ਮੁੰਦਾਵਣੀ" ਮੋਹਰ ਹੁੰਦੀ ਤੋ ਊਪ੍ਰ ਕਹੇ ੯ ਸਲੋਕ ਸੇ ਅੰਤ ਪ੍ਰਜੰਤਲੀ ਬਾਣੀ ਸੇ ਸਭ ਕੋ ਜਰੂਰ ਮਹਿਰੂਮ ਰਹਿਣਾ ਯਾਨੇ ਖਾਲੀ ਹੀ ਰਹਿਣਾ ਹੁੰਦਾ, ਸੋ ਕਈ ਕੁ ਪ੍ਰੇਮੀ ਏਹ ਭੀ ਕਹਿਦੇ ਹਨ ਜੋ ਸੋਰਠ ਰਾਗ ਮੇ ਮੁੰਦਾਵਣੀ ਹੈ ਸੋ ਗੁਰੂਜੀ ਨੇ ਸਿਖਾਂ ਨੂੰ ਬੁਝਾਰਤ ਪਾਈ ਹੈ ਯਾਤੇ ਉਸਦਾ ਨਾਮੁ



Sri Satguru Jagjit Singh Ji eLibrary NamdhariElibrary@gmail.com

ਬੁਝਾਰਤ ਹੈ ਤੇ ਅੰਤਲੀ "ਮੁੰਦਾਵਣੀ" ਦਾ ਨਾਮੁ ਮੋਹਰ ਹੈ, ਸੋ ਮਿਤ੍ਰ ਇਸ ਅਰਥ ਨੂੰ ਭੀ ਦਲੀਲ ਨਹੀਂ ਸਾਬੂਤ ਕਰਦੀ ਕਾਹੇ ਤੇ ਹਰੇਕ ਅਰਥ ਕਰਤਾ ਮਹਾਤਮਾਂ ਜਾਣਤੇ ਹੈ ਜੋ ਪ੍ਰਸੰਗ ਭੇਦ ਸੇ ਅਰਥ ਭੇਦ ਹੋਤਾ ਹੈ ਯਥਾ ਤਾਤ ਨਾਮੁ ਪਿਤਾ ਕਾ ਔਰ ਤਾਤ ਨਾਮ ਪੁਤ੍ਰ ਕਾ ਭੀ ਹੈ ਪ੍ਰਸਗਾਨੁਸਾਰ ਯਥਾ (ਰਾਮ ਵਾਚ) ਹੇ ਤਾਤ ਮੈ ਇਸ ਸੰਸਾਰ ਜਨਮ ਮਰਣ ਰੂਪ ਭੈ ਸੇ ਮਹਾਂਦੀਨ ਹੂੰ ਆਪ ਕ੍ਰਿਪਾ ਕਰ ਅਪਣੇ ਪਰਮ ਪਵਿਤ੍ਰ ਉਪਦੇਸ ਸੇ ਨਿਰਭੈ ਕੀਜੀਏ (ਬਸਿਸ਼੍ਟ ਵਾਚ) ਹੇ ਤਾਤ ਅਵਿਦਿਆ ਰੂਪੀ ਨੀਂਦ ਮੇਂ ਸੰਸਾਰ ਰੂਪ ਸੁਪਨਾ ਤੁਝ ਕੋ ਜਨਮ ਮਰਣ ਰੂਪ ਸ਼ੇਰ ਹੋ ਅਤੀ ਕੰਪਾਇਮਾਨ ਕਰ ਰਹਾ ਹੈ ਸੋ ਤੂੰ ਗਜਾਨ ਰੂਪ ਜਾਗ੍ਰਤ ਮੇਂ ਜਾਗੇਗਾ ਤੋ ਸੁਪਨ ਭ੍ਰਮ ਸੇ ਨਿਰਭੈ ਪਦ ਕੋ ਪਾਵੇ ਗਾ ਸੋ ਐਸੇ ਪ੍ਰਸੰਗ ਭੇਦ ਸੇ ਤੋ ਅਰਥ ਤਬਦੀਲ ਹੋ ਜਾਤਾ ਹੈ ਪ੍ਰੰਚੇ ਜਬ ਪ੍ਰਸੰਗ ਭੇਦ ਤੋ ਕੁਛ ਹੋਵੇ ਨਾ ਅਤੇ ਬਾਣੀ ਇਕ, ਔਰ ਅਰਥ ਇਕ, ਕੇਵਲ ਖੁਦਗਰਜ਼ੀ ਸੇ ਉਸਕੋ ਮੋਹਰ ਔਰ ਉਸਕੋ ਬੁਝਾਰਤ ਕਹਿਣਾ ਬਣੇ ਨਹੀਂ ਕਿਉਂਕਿ ਅਰਥ ਇਕ ਹੈ ਯਥਾ (ਥਾਲ ਵਿਚ ਤੈ ਵਸਤੂ ਪਈਓ ਹਰਿ ਭੋਜਨ ਅੰਮ੍ਰਿਤੁਸਾਰੁ) ਤੇ ਦੂਸਰਾ ਪਾਠ (ਥਾਲ ਵਿਚ ਤਿਨਿ ਵਸਤੂ ਪਈਓ ਸਤ ਸੰਤੋਖ ਬੀਚਾਰੋ) ਲੋ "ਸਤਿ ਸੰਤੋਖ ਬੀਚਾਰੋ" ਤੇ "ਹਰਿ ਭੋਜਨ ਅੰਮ੍ਰਿਤਸਾਰੋ" ਦਾ ਅਰਥ ਬੀਚਾਰ ਲੋ ਇਕੋ ਅਰਥ ਨੂੰ ਬੋਧਨ ਕਰਦੇ ਹਨ ਯਾ ਦੋ ਕੋ ਸੋ ਜਬ ਅਰਥ ਇਕੋ ਹੈ ਤੋ ਫਿਰ ਕੈਸੇ ਉਸਨੂੰ ਬੁਝਾਰਤ ਔਰ ਉਸਕੋ ਮੋਹਰ ਕਹਿੰਦੇ ਹੋ ਭਲਾ ਜੇ ਹਠ ਸੇ ਕਹੋ ਭੀ ਹਮ ਉਸਕੋ ਮੋਹਰ ਹੀ ਮਾਨਤੇ ਹੈਂ ਤੋ ਹਮ ਪੂਛੇ ਹੈ ਜੇ (ਨਾਨਕ ਬ੍ਰਹਮ ਪਸਾਰੋ॥੧॥) ਸੇ ਆਗੇ (ਤੇਰਾ ਕੀਤਾ ਜਾਤੋ ਨਾਹੀ ਮੈਨੂੰ ਯੋਗ ਕੀਤੋਈ) ਏਹ ਸਬਦ ਗੁਰਬਾਣੀ ਹੈ ਯਾ ਨਹੀ, ਅਤੇ ਜੇ ਏਹ ਸ਼ਬਦ ਮੋਹਰ ਤੋਂ ਬਾਹਰ ਭੀ ਗੁਰਬਾਨੀ ਹੈ ਤੋ ਫਿਰ "ਰਾਗਮਾਲਾ" ਗੁਰਬਾਨੀ ਕਿਉਂ ਨਹੀ ਵਹਿ ਭੀ ਗੁਰ ਬਾਣੀ ਹੀ ਮਾਨਣੀ ਹੋਗੀ, ਜੇ ਤੁਮ ਕਹੋ ਕਿ ਏਹ ਸਲੋਕ ਸਾਰਾ ਪਾ ਕੇ ਮੋਹਰ ਹੈ, ਤੋ ਬਣੇ ਨਹੀ ਕਾਹੇ ਤੇ "ਮੁੰਦਾਵਣੀ ਮ: ੫ ॥ ਥਾਲ ਵਿਚ ਤਿਨਿ ਵਸਤੂ ਪਈਓ ਸਤ ਸੰਤੋਖ ਵੀਚਾਰੋ।" ਸੇ (ਤਮ ਸੰਸਾਰ ਚਰਨ ਲਗ ਤਰੀਐ ਸਭ ਨਾਨਕ ਬ੍ਰਹਮ ਪਸਾਰੋ ॥੧॥) ਸੇ ਆਗੋ ਏਕੜਾ ਅੰਕ ਹੈ ਤੇ ਫਿਰ (ਸਲੋਕ ਮ: ੫॥ ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗਕੀਤੋਈ ॥ ਮੈਨਿਰਗੁਣਿਆਰੇ ਕੋਗੁਣ ਨਾਹੀ ਆਪੇ ਤਰਸ ਪਇਓਈ ॥ ਤਰਸੁ ਪਇਆ ਮਿਹਰਾਮਤ ਹੋਈ ਸਤਿਗੁਰ ਸਜਣੁ ਮਿਲਿਆ ॥ ਨਾਨਕ ਨਾਮੁ ਮਿਲੈ ਤ ਜੀਵਾ ਤਨਮਨੁ ਥੀਵੇ ਹਰਿਆ ॥੧॥) ਅਗੇ ਫਿਰ ਏਕੜਾ ਆਇਆ ਸੋ ਕਿਉਂ ਮਿਤ੍ਰ ਜੀ ਜਬ ਏਹ ਸਬਦ ਦੋਨੋਂ ਜੁਦਾ ੨ ਹਨ ਤੇ ਅੰਕ ਭੀ ਦੋਨੋ ਸ਼ਬਦਾਂ ਦੇ ਜੁਦਾ ੨ ਹਨ ਤੋ ਫਿਰ ਇਕ ਐਸੇ ਅਲਬੱਤਾ (ਨਾਨਕ ਬ੍ਰਹਮ ਪਸਾਰੋ ॥੧॥) ਦੇ ਅਗੇ (ਸਲੋਕ ਮ: ੫) ਨਹੁੰਦਾ ਤੇ (ਤੇਰਾ ਕੀਤਾ ਜਾਤੋ ਨਾਹੀ) ਦਾ ਸਾਰਾ ਸ਼ਬਦ ਲਿਖਕੇ ਅਗੇ ਦੂਆ ਅੰਕ ਹੁੰਦਾ ਤੋ ਤੋ ਜਰੂਰ ਮੁੰਦਾਵਣੀ ਮੇ ਆ ਜਾਂਦਾ ਤੇ ਏਸੇ ਸਬਦ ਦੀਆਂ ਦੋ ਪਉੜੀਆਂ ਸਮਝੀਆਂ ਜਾਂਦੀਆਂ ਪ੍ਰੰਤੂ ਇਸ ਗੀਤੀ ਸੇ ਤੋ ਹੈ ਹੀ ਨਹੀ ਬਲਕਨ ਜੁਦਾ ਜੁਦਾ ਮਹਲੇ ਅਤੇ ਜੁਦਾ ਜੁਦਾ ਹੀ ਏਕੜੇ ਅੰਕ ਹਨ ਤੋ ਫਿਰ ਕੈਸੇ ਕਹੈ ਸਕਤੇ ਹੈਂ ਜੋ ਏਹ ਸਲੋਕ ਭੀ ਪਾ ਕੇ "ਮੁੰਦਾਵਣੀ" ਮੋਹਰ ਹੈ ਸੋ ਮਿਤ੍ਰ ਜੋ "ਮੁੰਦਾਵਣੀ" ਮੋਹਰ ਹੁੰਦੀ ਤੋ ਮੋਹਰ ਛਾਪ ਲਗਾਕੇ ਉਪ੍ਰੰਤ ਗੁਰੂ ਜੀ (ਤੇਰਾ ਕੀਤਾ ਜਾਤੋ ਨਾਹੀ) ਦਾ ਸਲੋਕ ਭੀ ਨ ਲਿਖਦੇ, ਤੇ ਜੇ ਸਾਥੋ ਪੁਛੋ ਤੋ ਮੋਹਰ "ਰਾਗਮਾਲਾ" ਹੈ ਕਿਉਂਕਿ ਹਰੇਕ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਪਰ ਐਸਾ ਸਿਲਸਲਾ ਨਹੀ ਹੈ ਕਿਸੀ (ਸ੍ਰੀ ਗੁਰੂ ਗ੍ਰੰਥ ਸਾਹਿਬ) ਜੀ ਪਰ ਤੋ "ਮੁੰਦਾਵਣੀ" ਗਾਥਾ ਕਰਪੂਰ ਫੁਨੇਹ ਆਦਿਕੋ ਕੇ ਆਗੇ ਹੈ ਤੇ ਉਪਰੰਤ ਵਾਰਾ ਤੇ ਵਧੀਕ ਤੇ ਫਿਰ ਕਬੀਰ ਜੀ ਦੇ ਸਲੋਕ ਫਿਰ ਫਰੀਦ ਜੀ ਦੇ ਤੇ ਫਿਰ ਸ੍ਵੈਯੇ ਭਟਾਂ ਦੇ ਔਰ ਕਿਸੀ ਦੇ ਇਸਤੇ ਭੀ ਉਲਟ ਔਰ ਤਰਹਿਸੇ ਹੈ ਪਰੰਤੂ "ਰਾਗਮਾਲਾ" ਸਭ ਦੇ ਹੀ ਅੰਤ ਪਰ ਹੈ ਜੇ ਆਪ ਕਹੇ ਕਿ ਐਸੇ ਨਹੀ ਹੈ ਤੋ ਲੋ ਮੈਂ ਤੁਹਾਨੂੰ ਨਮੂਨੇ ਮਾਤ੍ਰ ਲਿਖਕੇ ਦਿਖਾਉਂਦਾ ਹਾਂ ਖਾਸ ਸ੍ਰੀ ਅੰਮ੍ਰਿਤਸਰ ਜੀ ਨਮਕ ਮੰਡੀ ਗਲੀ ਮਸਤ ਗੜ੍ਹਾ ਮੇ ਭਾਈ ਘਰਬਾਰਾ ਸਿੰਘ ਜੀ ਤੇ ਭਾਈ ਕਲਜਾਨ ਸਿੰਘ ਜੀ ਦੇ ਘਰ ਏਹ (ਸ੍ਰੀ ਗੁਰੂ ਗ੍ਰੰਥ ਸਾਹਿਬ) ਜੀ ਬਹੁਤ ਬ੍ਰਿਧ ਪ੍ਰਾਚੀਨ ਹਨ ਕਿਉਂਕਿ ਜੋਤੀ ਜੋਤ ਸਮਾਉਣੇ ਦਾ ਚਰਿਤ੍ਰ ੬ (ਗੁਰੂ ਹਰਿਗੋਬਿੰਦ) ਜੀ ਤਕ ਲਿਖ ਕੇ ਤੇ ਲਿਖਾਰੀ ਲਿਖਦਾ ਹੈ ਜੋ ਅਗਲੇ ਗੁਰੂਓਂ ਦਾ ਸੰਮਤ ਜੋ ਜੀਵੇਗਾ ਸੋ ਲਿਖੇਗਾ ਫਿਰ ਦੂਸ੍ਰੀ ਕਲਮ ਸੇ ਦੂਸ੍ਰੇ ਗੁਰੂਆਂ ਦਾ ਜੋਤੀ ਜੋਤ ਸਮਾਉਣੇ ਦਾ ਚਰਿਤ੍ਰ ਲਿਖਾ ਹੈ ਅਤੇ ਨੌਵੇ ਪਾਤਸ਼ਾਹੋ ਦੀ ਬਾਣੀ ਸਾਰੀ ਅੰਤਮੇ ਏਕਠੀ ਲਿਖੀ ਹੈ ਅਤੇ ਰਾਗਮਾਲਾ ਭੀ ਮੌਜੂਦ ਹੈ ਬਾਨੀ ਦਾ ਸਿਲਸਿਲਾ ਇਸ ਬਾਬੇ ਬ੍ਰਿਧ ਜੀ ਪਰ ਇਉਂ ਹੈ, ਸੰਸਕ੍ਰਿਤ, ਸਲੋਕਾਂ ਸੇ, ਗਾਥਾ, ਫੁਨੇਹ, ਚੌਬੋਲੇ, ਫਿਰ ਵਾਰਾਂ ਤੇ ਵਧੀਕ ਸਲੋਕ, ਫਿਰ ਸਲੋਕ (ਤੇਰਾ ਕੀਤਾ ਜਾਤੋ ਨਾਹੀ) ਫਿਰ "ਮੁੰਦਾਵਣੀ,, ਬਾਦ ਸ੍ਵੈਯੇ ਭਟਾਂ ਦੇ, ਮ: ੧॥ ਮ:੨॥ ਮ:੩॥ ਮ:੪॥ ਮ:੫ (ਫਿਰ ਜਿਤਦਰ ਲਖ ਮਹੰਮਦਾ) ਆਦੀ ਬਾਣੀ "ਰਾਗਮਾਲਾ,, ਤਕ ਹੈ ਸੋ ਕਿਉਂ



Sri Satguru Jagjit Singh Ji eLibrary NamdhariElibrary@gmail.com

ਮਿਤ੍ਰ ਜੀ ਜੇ ਆਪਨੇ ਹੋਰ ਇਸੀ ਸਿਲਸਲੇ ਦੇ (ਸ੍ਰੀ ਗੁਰੂ ਗ੍ਰੰਥ) ਜੀ ਦੇਖਣੇ ਹੋਣ ਤੋ ਪਟਣੇ ਸਾਹਿਬ ੨੫ ਯਾ ੩੦ ਦੇ ਕ੍ਰੀਬ ਇਸੀ ਸਿਲਸਲੇ ਊਪਰ ਕਥਨ ਕੀਏ (ਸ੍ਰੀ ਗੁਰੂ ਗ੍ਰੰਥ) ਜੀ ਹਨ ਸੋ ਦੇਖ ਲੈਨੇ ਸੋ ਕਿਉਂ ਮਿਤ੍ਰ ਜੀ ਜਬ "ਮੁੰਦਾਵਣੀ,, ਦਾ ਸਿਲਸਲਾ ਹੀ ਕਿਸੀ ਗ੍ਰੰਥ ਜੀ ਪਰ ਕਿਸੀ ਤਰਹਿ ਸੇ ਹੈ ਔਰ ਕਿਸੀ ਪਰ ਕਿਸੀ ਤਰਹਿ ਹੈ ਤੋ ਫਿਰ ਮੋਹਰ ਕੈਸੇ, ਪਸ ਸਾਬੂਤ ਹੂਆ ਜੋ ਮੋਹਰ ਓਹ ਬਾਣੀ ਹੈ ਜੋ ਸਭ (ਗ੍ਰੰਥ ਸਾਹਿਬੋਂ) ਕੇ ਅੰਤ ਪਰ ਹੈ ਸੋ ਐਸੀ ਬਾਣੀ "ਰਾਗਮਾਲਾ,, ਹੀ ਹੈ ਸੋ ਹੀ ਮੋਹਰ ਹੈ ਤੇ ਜੋ "ਮੁੰਦਾਵਣੀ,, ਹਠ ਸੇ ਮਾਨੋਗੇ ਭੀ ਤੋ ਜਿਨ (ਸ੍ਰੀ ਗੁਰੂ ਗ੍ਰੰਥੋ) ਪਰ ਵਾਰਾਂ ਤੇ ਵਧੀਕਾਦੀ ਸਲੋਕ ਸ੍ਵੈਯੋਂ ਸੇ ਪਹਿਲੇ ਹੈ ਤੇ ਸ੍ਵੈਯੇ ਆਦੀ ਬਾਣੀਆਂ ਪੀਛੇ ਹਨ ਸੋ ਉਨ ਬਾਣੀਓਂ ਪਰ ਭੀ ਓਹੋ ਇਲਜ਼ਾਮ "ਰਾਗਮਾਲਾ,, ਵਾਲਾ ਹੀ ਆ ਜਾਵੇਗਾ ਸੋ ਇਸਤੇ ਹਠ ਧਰਮੋਂ ਕੋ ਛੋਡ ਕਰ ਬੀਚਾਰ ਲੋ ਮੋਹਰ ਜੋ ਹੈ ਸੋ "ਰਾਗਮਾਲਾ,, ਹੀ ਹੈ "ਮੁੰਦਾਵਣੀ" ਨਹੀਂ ਇਤੀ ਚੌਥਾ ਪ੍ਰਸ਼ਨ ॥

ਪਾਂਚਵਾਂ ਪ੍ਰਸਨ ਕਰਤਾਰਰਿਤਪ੍ਰਕਾਸ ਜੀ ਇਉਂ ਫੁਰਮਾਉਂਦੇ ਹਨ ਯਥਾ:—
(੫) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਅਨੁਸਾਰ ਇਸ ਮੇਂ ਰਾਗ ਨਹੀ, ਅਰਥਾਤ ਜਿਸਨੇ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ ਉਹ ਸਾਰੇ ਰਾਗਮਾਲਾ ਵਿਚ ਨਹੀਂ ਯਥਾ "ਮਾਝ" "ਤੁਖਾਰੀ" ਆਦਿ ਔਰ ਜਿਤਨੇ ਰਾਗ ਰਾਗਮਾਲਾ ਵਿਚ ਹੈਨ ਓਹ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀ ਹਨ ਯਥਾ "ਮਾਲਕੌਸ" ਆਦਿ ਇਸਤੇ ਬਿਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਕਈ ਕੁ ਰਾਗੋਂ ਕੋ ਰਾਗਮਾਲਾ ਮੇ ਰਾਗਨੀ ਕਰਕੇ ਲਿਖਾ ਗਿਯਾ ਹੈ ਗੁਨੀ ਜਨ ਇਸ ਉਪਰਲੀ ਬਾਰਤਾ ਕੋ ਅਛੀ ਤਰਹਿ ਸੇ ਬੀਚਾਰ ਸਕਤੇ ਹੈਂ:—

(ਉਤ੍ਰ) ਮਿਤ੍ਰ ਵਰੋ ਸੰਸਾਰ ਭਰਮੇ ਕੋਈ ਐਸੀ ਬਾਣੀ ਨਹੀ ਹੈ ਔਰ ਨਾ ਹੀ ਪੀਛੇ ਹੋਈ ਹੈ ਔਰ ਨਾ ਹੀ ਆਗੇ ਹੋਣੇ ਕੀ ਉਮੀਦ ਹੈ ਜੈਸੀ ਕੁ ਸ੍ਰੀ ਗੁਰੂ ਬਾਣੀ ਪਵਿਤ੍ਰ ਭਾਵ ਔਰ ਅਗਾਧ ਆਸ਼ੇ ਵਾਲੀ ਹੈ ਕਿਉਂਕਿ ਜਿਸਕੀ ਏਕ ੨ ਤੁਕ ਤਥਾ ਏਕ ੨ ਸ਼ਬਦ ਮੇਂ ਚਾਰੋਂ ਬੇਦ, ਖਟ ਸ਼ਾਸਤ੍ਰ, ਸਤਾਈ ਸਿਮ੍ਰਤੀਆਂ, ੧੮ ਪੁਰਾਣ, ੫੨ ਉਪਨਿਖਦਾ, ੯ ਵਿਆਕਰਣ, ਔਰ ਸਾਰੇ ਸੰਗੀਤ ਸ਼ਾਸਤ੍ਰ ਤਥਾ ਸਾਰੇ ਮਤ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਮੇ ਹਨ ਸੋ ਬੀਚਾਰ ਵਾਨੋਂ ਕੋ ਜ਼ਾਹਰ ਪ੍ਰਤੀਤ ਹੁੰਦੇ ਹਨ ਪ੍ਰੰਤੂ ਜਿਸ ਡੱਡੂ ਕੋ ਛਪੜੀ ਕੀ ਖਬਰ ਹੈ ਓਹ ਸਮੁੰਦ੍ਰ ਦਾ ਨਾਮ ਸੁਣਕੇ ਜਲ ਬਲ ਕੋਲੇ ਹੁੰਦਾ ਹੈ ਇਸੀ ਤਰਹਿ ਉਮਰ ਤੋ ਅੰਗ੍ਰੇਜ਼ੀ ਫਾਰਸੀ ਬਿਵਹਾਰਕ ਤਾਲੀਮ ਰੂਪ ਛਪੜੀ ਮੇ ਗੁਜ਼ਰ ਗਈ (ਸ੍ਰੀ ਗੁਰੂ ਗ੍ਰੰਥ ਸਾਹਿਬ) ਰੂਪ ਸਮੁੰਦ੍ਰ ਦਾ ਹਾਲ ਕੁਛ ਭੀ ਮਾਲੂਮ ਨਹੀਂ ਪ੍ਰੰਚੇ ਕਿਸੀ ਮਹਾਤਮਾ ਪਾਸੋਂ ਸਮੁੰਦ੍ਰ ਦੇ ਜਸ ਸੁਣਕੇ ਬ੍ਰੜਾ ਉਠਦੇ ਹਨ ਜੋ ਏਹ ਨਹੀ ਇਹ ਨਹੀ, ਸੋ ਕਿਉਂ ਰਾਗ ਵਿਦਯਾ ਸੇ ਸ਼ੁਨਯ ਮਿਤ੍ਰ ਜੀ ਜਬ ਸ੍ਰੀ ਗੁਰੂ ਸਾਹਿਬ ਜੀ ਨੇ ਰਾਗੋਂ ਮੇਂ ਬਾਣੀ ਰਚਨ ਕੀਤੀ ਹੈ ਤੋ ਕਿਆ ਰਾਗ ਮਤੋਂ ਕੇ ਸਿਲਸਿਲੇ ਨ ਦਿਖਾਉਂਦੇ ਸੋ ਸੁਣੋ ਯਥਾ ਰਾਗਮਤੋਂ ਕੇ ਧ੍ਰਵੇ ਹੈਂ ॥

ਦੋ: ॥ ਚਾਰ ਮਤੋਂ ਕੇ ਧ੍ਰਵੇ ਦੋ, ਹੈਂ ਜਹਿੰ ਬਿਧ ਪ੍ਰਮਾਨ ॥
ਇਕ ਸ੍ਰੀ ਰਾਗ ਅਰੰਭਤੇ, ਦੂਸਰ ਭੈਰਵ ਜਾਨ ॥੧੮॥
ਚੌ: ॥ ਇਕ ਸ਼ੰਭੇਸ਼ਰ ਮਤ ਪ੍ਰਾਚੀਨ ॥
ਦੂਸਰੁ ਹੈ ਹਨਵੰਤ ਪ੍ਰਬੀਨ ॥
ਤੀਸਰ ਮਤ ਹੈ ਭਰਤ ਪਛਾਨੋਂ ॥
ਚੌਥੇ ਕਲੀਨਥ ਮਤਹਿ ਪਛਾਨੋਂ ॥੧੯॥

ਯਹ ਚਾਰ ਮਤੋਂ ਮੇ ਅਵਲ ਸ਼ਿਵਜੀ ਕਾ ਮਤ੧, ਹਨਵੰਤ੨, ਭਰਥ੩, ਕ੍ਰਿਸਨ੪, ਇਨ ਚਾਰੋਂ ਮਤੋਂ ਕੇ ਸਿਲਸਿਲੇ ਦੋ ਹਨ ਯਥਾ, ਸ਼ਿਵ ਮਤ ਅਤੇ ਕ੍ਰਿਸ਼ਣਮਤ ਇਨ ਦੋ ਮਤੋਂ ਕਾ ਧ੍ਰਵਾ ੧ ਹੈ, ਸ੍ਰੀਰਾਗ ਸੇ ਆਰੰਭਕਰ ਅੰਤ ਪ੍ਰਭਾਤੀ ਤਕ ਪੂਰਣ ਕਰਤੇ ਹੈਂ, ਔਰ "ਮਾਝ" "ਤੁਖਾਰੀ" ਇਕ ਦੇਸੀ ਰਾਗ ਹੈ ਕਿਸੀ ਦੇਸ ਮੇ ਤੋ "ਮਾਝ" "ਤੁਖਾਰੀ" ਕਹਿਤੇ ਹੈ ਕਿਸੀ ਦੇਸ਼ ਕੁਛ ਔਰ ਨਾਮ ਸੇ ਇਸਤੇ ਇਸ ਦੇਸ਼ ਮੇਂ ਇਨ ਕੇ ਯਹੀ ਨਾਮ ਹੈ ਪ੍ਰੰਚੇ ਰਾਗੀ ਕੋਈ ਵਿਰਲਾ ਹੀ ਇਨ ਦੋਨੋਂ ਕਾ ਅਲਾਪ ਕਰ ਸਕਤਾ ਹੈ ਔਰ ਇਸ ਧ੍ਰਵੇ ਮੇ "ਮਾਲਕੌਸ"ਕੀ ਬਜਾਇ "ਨਟਰਾਯਣ" ਕਹਿਤੇ ਹੈ ਖਾਲੀ ਨਾਮ ਭੇਦ ਸੇ ਹੀ ਏਕ ਕੇ ਦੋ ਨਾਮ ਹਨ ਔਰ ਬਜਾਇ "ਮੇਘ" ਰਾਗਕੀ "ਮਲਾਰ" ਮਾਨਤੇ ਹੈਂ ॥ ਇਸੀ ਤਰਹਿ ਦੂਸ੍ਰੇ ਦੋਮਤ, ਹਨਮੰਤ, ਤਥਾ ਭਰਥ, ਮਤ ਵਾਲੇ ਆਰੰਭ ਰਾਗੋਂ ਕਾ ਭੈਰਵ,



Sri Satguru Jagjit Singh Ji eLibrary NamdhariElibrary@gmail.com

ਰਾਗ ਸੇ ਮਾਨਤੇ ਹੈਂ ਔਰ ਕਈ ਕੁ ਰਾਗੋਂ ਕੇ ਪਹਿਲੇ ਧ੍ਰਵੇ ਸੇ ਮੁਖਤਲਿਫ ਨਾਮ ਕਹਿਤੇ ਹਨ ਯਥਾ "ਨਟਨਾਰਾਯਣ" ਕੀ ਜਗਹਿ "ਮਾਲਕੌਸ" ਔਰ ਪੁਨਾ "ਮਲਾਰ" ਕੀ ਜਗਹਿ "ਮੇਘ,, ਇਤਾਦੀ ਔਰ ਭੀ ਸੋ ਮਿਤ੍ਵਰ ਜੀ (ਸ੍ਰੀ ਗੁਰੂ) ਸਾਹਿਬੋਂ ਨੇ ਭੀ ੪ ਮਤੋਂ ਕੇ ਦੋਨੋ ਸਿਲਸਲੇ (ਸ੍ਰੀ ਗੁਰੂ ਗ੍ਰੰਥ ਸਾਹਿਬ) ਜੀ ਮੇਂ ਦੱਸੇ ਹਨ, "ਸ੍ਰੀ ਰਾਗ" ਸੇ ਆਦਿ ਆਰੰਭ ਕਰ ਇਸ ਧ੍ਰਵੇ ਮੇ ਬਾਣੀ ਰਚ ਕਰ ਇਸਕੋ ਪੂਰਨ ਕੀਆ ਹੈ ਔਰ ਦੂਸ੍ਰੇ ਧ੍ਰਵੇ ਮੇਂ ਕੇਵਲ "ਰਾਗਮਾਲਾ" "ਭੈਰਵ" ਰਾਗ ਸੇ ਆਰੰਭ ਕਰ ਸਰਬ ਰਾਗੋ ਕੀ ਨਾਮਾਵਲੀ ਯਥਾਯੋਗ ਅੰਤ (ਸ੍ਰੀ ਗੁਰੂ ਗ੍ਰੰਥ ਸਾਹਿਬ) ਜੀ ਕੇ ਲਿਖ ਦਿਤੀ ਹੈ ਏਹੀ ਰੀਤੀ ਬਹੁਤੇ ਸੰਗੀਤੋਂ ਮੇਂ ਭੀ ਹੈ। ਅਗਰ ਡੂੰਘੀ ਦਲੀਲ ਸੇ ਬੀਚਾਰੋਗੇ ਤੋ ਆਪ ਨੂੰ ਜਰੂਰ ਏਹ ਨਿਸਚਾ ਭੀ ਹੋ ਜਾਵੇਗਾ ਸੋ ਕਿਉਂ ਕਿ ਪਹਿਲੇ ਯੁਗੋਂ ਕੇ ਅਨੁਸਾਰ ਬੇਦ ਸ਼ਾਸਤ੍ਰਾਦੀ ਜਿਤਨੇ ਭੀ ਬਨੇ ਵਹਿ ਖਾਸ ਕੌਮੋਂ ਵਾਸਤੇ ਰਹੇ ਯਥਾ ਤੀਨ ਬਰਨੋਂ ਕੋ ਅਧਿਕਾਰ ਰਹਾ ਔਰ ਚੌਥੇ ਬਰਣ ਤਥਾ ਤਿਸਤੇ ਅਲਾਵਾ ਮਜਬੀ ਆਦੀ ਕੌਮਾਂ ਕੋ ਪੜ੍ਹਨਾ ਅਧਿਕਾਰ ਨ ਥਾ ਸੋ (ਸ੍ਰੀ ਗੁਰੂ ਸਾਹਿਬੋਂ) ਕੇ ਅਵਤਾਰ ਹੀ ਇਸੀ ਨਮਿਤ ਸੇ ਥੇ ਜੋ ਚਾਰੋਂ ਬਰਣ ਤਥਾ ਅੱਨ ਕੌਮਾਂ ਕੋ ਭੀ ਉਪਦੇਸ਼ ਕੇ ਅਧਿਕਾਰੀ ਬਣਾ ਉਪਦੇਸ਼ ਦੇ ਸੰਸਾਰ ਸਮੁੰਦ੍ਰ ਸੇ ਤੀਨੋਂ ਯੁਗੋਂ ਕੇ ਡੁੱਬੇ ਹੋਇਆ ਕੋ ਭੀ ਤਰਾ ਦੇਵੇਂ, ਪਸ ਇਸੀ ਤੇ ਸਭ ਕਾ ਸਾਂਝਾ ਨਾਮੁ (ਨਾਨਕ ਨਿਰੰਕਾਰੀ) ਰਖਵਾਯਾ ਅਤੇ (ਸ੍ਰੀ ਗੁਰੂ ਜੀ) ਸਰਬੱਗ ਸਰਬ ਸ਼ਕਤੀ ਮਾਨ ਦੀਨ ਦਯਾਲੂ ਜੀ ਤੀਨੋ ਕਾਲੋਂ ਕੇ ਹਸਤਾਵਲ ਵਤ ਗਿਆਤਾ ਜੀ ਪਵਿਤ੍ਰ ਬਾਣੀ ਕੋ ਇਲਮ ਮੂਸੀਕੀ ਯਾਨੇ ਰਾਗ ਇਲਮ ਮੇ ਰਚਨ ਕੀਆ ਕਾਹੇ ਤੇ ਜੋ ਰਾਗ ਨਾਮ ਪ੍ਰੀਤੀ ਕਾ ਹੈ ਸੋ ਇਸਮੇ ਸਭ ਕੀ ਪ੍ਰੀਤੀ ਹੈ ਕਿਉਂ ਕਿ ਜਿਸਕੋ ਕੁਛ ਭੀ ਰਾਗ ਕੀ ਖਬਰ ਨਹੀ ਵੋਹ ਭੀ ਕਿਸੀ ਨ ਕਿਸੀ ਸਮੇਂ ਮੇਂ ਖੁਸ਼ੀ ਮੇਂ ਆਤਾ ਹੈ ਤੋ ਮੁਖ ਪਸਾਰ ਕਰ ਕੋਈ ਖਯਾਲ ਟਪਾ ਗਾਨੇ ਲਗਜਾਤਾਹੈ ਔਰ ਖੁਸ਼ ਹੋਤਾ ਹੈ ਇਸੀ ਤੇ ਰਾਗ ਇਲਮ ਸਭ ਕੋ ਪ੍ਰਿਅ ਔ ਸਾਂਝਾ ਹੈ ਯਾਤੇ (ਸ੍ਰੀ ਗੁਰੂ ਜੀ) ਭੀ ਸਭ ਕੋ ਸਾਂਝਾ ਉਪਦੇਸ਼ ਕਰਣਾ ਥਾ ਇਸੀ ਹੇਤੂ ਤੇ ਸਭ ਕੋ ਸਾਝਾ ਔਰ ਪਯਾਰਾ ਰਾਗ ਇਲਮ ਹੋਣੇ ਤੇ ਸਭ ਬਾਣੀ ਰਾਗੋਂ ਮੇਂ ਰਚੀ, ਏਕ ਸਾਦਕ ਅਲੀ ਪ੍ਰਸਿਧ ਗਵਈਆ ਦਿਹਲੀ ਕੇ ਨੇ ਭੀਦੋਨੋ ਸਿਲਸਿਲੇ ਦਸੇ ਹਨ ਊਪਰ ਕਹੇ ਚਾਰੋਂ ਮਤੋਂ ਕਾ ਫਰਕ ਉਤ੍ਰੇ ਚੜੇ ਸੁਰੋਂ ਕਾ ਹੈ ਯਾ ਰਾਗਨੀਓਂ ਕੇ ਔਰ ਪੁਤ੍ਰੋਂ ਕੇ ਭੀ ਕੁਛ ਕੁਛ ਫਰਾਕ ਹੈਂ ਅਗਰ ਦੇਖਨਾ ਚਾਹੇਂ ਤੋਂ ਸੰਗੀਤ ਗ੍ਰੰਥੋਂ ਸੇ ਦੇਖ ਲੇਂ ਮੈਨੇ ਤੋ ਬਹੁਤ ਸੰਗੀਤੋਂ ਕੋ ਦੇਖਾ ਹੈ ਪੂੰਚੇ ਕਈ ਸੰਗੀਤ ਭਾਈ ਸਾਹਿਬ ਭਾਈ ਪ੍ਰੇਮ ਸਿੰਘ ਜੀ ਨਾਭਾ ਨਿਵਾਸੀ ਜੀ ਕੇ ਪਾਸ ਮੌਜੂਦ ਹਨ ਦੇਖ ਲੀਜੀਏਂ ਗੇ ਅਗਰ ਊਪਰ ਕਹੇ ਮੀਆਂ ਸਾਦਕ ਅਲੀ ਜੀ ਕਾ ਲੇਖ ਦੇਖਨਾ ਚਾਹੋ ਤੋ ਇਨਹੀ ਕੀ ਬਨਾਈ ਕਿਤਾਬ ਕਾਨੂਨ ਮੂਸੀਕੀ ਜਿਸਮੇਂ ਬਹੁਤ ਸਾਰੇ ਹਿੰਦੂ ਸੰਗੀਤੋਂ ਕਾ ਸਾਰ ਲਿਖਾ ਹੈ ਔਰ ਚਾਰ ਮਤੋਂ ਕੀਆਂ ਤਸਵੀਰਾਂ ਦੇ ਦੇ ਕਰ ਕੁਲ ਬੀਆਨ ਕੀਆ ਹੈ ਦੇਖ ਲੇਵੇਂ ॥ ਅਤੇ ਔਰ ਜੋ ਕਈ ਨਮਿਤ "ਸ੍ਰੀ ਰਾਗ" ਕੇ ਅਰੰਭ ਮੇਂ ਅਤੇ "ਰਾਗਮਾਲਾ" ਅੰਤਮੇ ਰਖਨੇਕੇ ਯਥਾ ਹੈ ਤਥਾ ਸੁਣੋਂ (੨) ਨਮਿਤ ਯਹ ਹੈ ॥ ਕਈ ਕੁ ਬ੍ਰਿਧ ਰਾਗੀ ਸ੍ਰੀ ਗੁਰੂ ਜੀ ਦੇ ਜਦ ਕਿੰਚਤ ਆਸ਼ਯ ਰਾਗ ਵਿਦਿਆ ਕੇ ਜਾਨਣ ਵਾਲੇ ਜੈਸੇ ਆਸਾ ਦੀ ਵਾਰ ਲਗਾਉਣੇ ਦਾ ਸਮਾਂ ਤੜਕੇ ਤੋਂ ਲੈ ਕੇ ਹੁੰਦਾ ਹੈ ਅਤੇ ਰਾਗ ਆਸਾ ਮੇਂ ਗਾਇਨ ਕਰਤੇ ਹੈਂ ਇਸੀ ਤਰਹ ਬਾਈਵਾਰਾਂ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੇਂ ਹੈਂ ਉਨਕੇ ਭੀ ਜੁਦਾ ਜੁਦਾ ਸਮੇ ਅਤੇ ਰਾਗੋਂ ਕੇ ਅਲਾਪ ਕਰਦੇ ਹਨ ਯਥਾ ਰਾਮਕਲੀ ਕੀਆਂ ਤੀਨਵਾਰਾਂ ਹੈਂ ਉਨ ਤੀਨੋਂ ਕੇ ਢੰਗ ਅਲਾਪ ਜੁਦਾ ੨ ਗਾਨੇ ਕੇ ਕਹੀਂ ੨ ਬ੍ਰਿਧ ਰਾਗੀ ਕਰਤੇ ਹੈਂ ਅਤੇ ਸੁਚੱਜੀ, ਕੁਚੱਜੀ, ਏਕ ਸੁਯਾਨ ਕੇ ਘਰ ਗਾਵਣਾ, ਇਆਨੜੀਏ ਕੇ ਘਰ ਗਾਵਣਾ, ਅਤੇ ਘਰ ੧ ਸੇ, ਘਰ ੧੭ ਤਕ, ਪੜਤਾਲਾਂ, ਘੋੜੀਆਂ, ਅਲਾਹਣੀਆਂ, ਚੌਪਦੇ, ਦੁਪਦੇ, ਅਸ਼ਟਪਦੀਆਂ, ਇਨ ਸਰਬ ਕੇ ਢੰਗ ਗਾਨੇ ਕੇ ਜੁਦਾ ੨ ਹੈਂ ਅਤੇ ਕਈ ਕੁ ਬ੍ਰਿਧ ਗੁਰੂ ਘਰ ਦੇ ਪ੍ਰੇਮੀ ਰਾਗੀਓਂ ਕੋ ਪਸਚਾਤਾਪ ਕਰਤੇ ਹੂਏ ਭੀ ਸੁਣਾ ਹੈ ਕਿ ਐਸਾ ਸ੍ਰੀ ਗੁਰੂ ਸਾਹਿਬਾਨ ਕਾ ਢੰਗ ਪ੍ਰਚਲਿਤ ਕੀਆ ਹੂਆ ਅਜ ਕਲ ਲੋਪ ਹੋਤਾ ਜਾਤਾ ਹੈ ਅਤੇ ਚੰਚਲਤਾਈ ਦੀਆਂ ਅਤੇ ਬਾਲਕਾਂ ਦੇ ਗੰਦੇ ੨ ਗੀਤਾਂ ਪਰ ਗੁਰਬਾਣੀ ਕਾ ਵਰਤਾਵ ਹੋ ਰਹਾ ਹੈ ਇਨ ਬ੍ਰਿਧੋਂ ਸੇ ਯੇਹ ਭੀ ਸੁਣਾ ਹੈ ਕਿ ਰਾਗਮਾਲਾ ਮੇਂ ਜੋ ਛੇ ਰਾਗ ਕਥਨ ਕੀਏ ਹੈਂ ਇਨ ਮੇਂ ਸੇ ਸ੍ਰੀ ਰਾਗ ਪਾਂਚਵਾਂ ਹੈ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਭੀ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਸੇ ਗਿਣਤੀ ਮੇਂ ਪਾਂਚਵੇਂ ਹੈਂ ਯਾਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਅਰੰਭ ਮੇਂ ਸ੍ਰੀ ਰਾਗ ਪਾਂਚਵੇਂ ਸੇ ਪੰਚਮ ਸ੍ਰੀ ਗੁਰੂ ਜੀ ਕੀ ਅਰਥ ਅੰਤ੍ਰ ਲਾਪਕਾ ਸੇ ਮੁਰਾਦ ਮਹੱਲੇ ੫ ਕੀ ਹੈ, (੩) ਸਬਬ ਸ੍ਰੀ ਗੁਰੂ ਬਾਣੀ ਮੇਂ ਸ੍ਰੀ ਰਾਗ ਕੋ ਸਭ ਰਾਗੋਂ ਮੇਂ ਸਿਰੋਮਣੀ ਕਥਨ ਕੀਆ ਹੈ ਯਾਤੇ ਭੀ ਸ੍ਰੀ ਗੁਰੂ ਜੀ ਨੇ ਸ੍ਰੀ ਰਾਗ ਕੋ ਆਰੰਭ ਮੇਂ ਰਖਾ ਹੈ ॥ ਗੁਰੂ ਪ੍ਰਮਾਣ—(ਰਾਗਨ ਵਿਚ ਸ੍ਰੀ



Sri Satguru Jagjit Singh Ji eLibrary NamdhariElibrary@gmail.com

ਰਾਗ ਹੈ) ਅਥਵਾ (ਸਭ ਮਿਲ ਸ੍ਰੀ ਰਾਗ ਵੈ ਗਾਵੈਂ) ਗੁਰੂ ਜੀ ਫਰਮਾਉਂਦੇ ਹਨ ਕਿ ਸਰਬ ਰਾਗੋਂ ਮੇਂ ਸ੍ਰੀ ਰਾਗ ਮੁਖ ਹੈ ।। ਇਸੀ ਹੇਤੂ ਸੇਂ ਹਰੇਕ ਮੰਗਲ ਕਾਰਜੋਂ ਮੇਂ ਸਭ ਰਾਗ ਰਾਗਨੀਆਂ ਸ੍ਰੀ ਰਾਗ ਕੋ ਅਪਨਾ ਸਿਰੋਮਣੀ ਗਾਵੇਂ ਨਾਮ ਕਥਨ ਕਰੇ ਹੈਂ ।। ਯਾਂਤੇ ੬ ਰਾਗੋਂ ਕੇ ਬੀਚ ਮੇਂ ਪਾਂਚਵਾਂ ਸ੍ਰੀ ਰਾਗ ਸਰਬ ਮੇਂ ਮੁਖੀਆ ਅਥਵਾ ਪੰਚ ਹੈ ਇਸੀ ਹੇਤੂ ਸੇ ਸ੍ਰੀ ਗੁਰੂ ਜੀ ਨੇ ਆਰੰਭ ਮੇਂ ਲੰਬਰਦਾਰ ਰੂਪ ਸ੍ਰੀ ਰਾਗ ਕੋ ਬੁਲਾਯਾ ਅਤੇ ਉਸੀ ਦੁਆਰਾ ਯਥਾਯੋਗ ਰਾਗ ਰਾਗਣੀਆਂ ਅਥਵਾ ਉਨਕੇ ਪੁਤ੍ਰਾਦਿਕੋਂ ਮੇਂ ਬਾਣੀ ਰਚਨ ਕਰੀ ਅਤੇ ਅੰਤ ਮੇਂ ਉਨ ਖਾਲੀ ਰਹਿਆਂ ਹੋਇਆਂ ਕੀ ਪ੍ਰਾਰਥਨਾ ਸੇਂ ਉਨਕੇ ਆਦਿ ਘ੍ਰਾਣੇ ਸੇ ਗਿਣਤੀ ਰੂਪ ਰਾਗਮਾਲਾ ਰਚ ਅਪਨੀ ਰਸਨਾ ਦੁਆਰਾ ਪਵਿਤ੍ਰ ਕੀਤਾ ।। (੪) ਨਮਿਤ ਯਹ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ) ਨੇ ਸਭ ਸੇ ਪਹਿਲੇ ਪਾਂਧੇ ਪਾਸ ਪੜ੍ਹਨੇ ਸਮੇ ਸ੍ਰੀ ਰਾਗ ਮੇਂ ਹੀ ਸ਼ਬਦ ਉਚਾਰਨ ਕੀਆ ਹੈ ਦੇਖੋ ਨਾਨਕ ਪ੍ਰਕਾਸ਼, ਜਨਮ ਸਾਖੀਓਂ ਮੇ ਸੋ ਸ੍ਰੀ (ਗੁਰੂ) ਜੀ ਦੇ ਪਹਿਲੇ ਉਚਾਰਨ ਕੀਤੇ ਸ੍ਰੀ ਰਾਗ ਨੂੰ ਹੀ ਆਰੰਭ ਮੇਂ ਰਖਨਾ ਮੁਨਾਸਬ ਸਮਝ ਆਰੰਭ ਮੇਂ ਰਖਾ, (੫) ਸ੍ਰੀ ਰਾਗ ਨਾਮ ਭੀ ਮੰਗਲ ਰੂਪ ਹੈ ਅਤੇ ਸੰਗੀਤੋਂ ਮੇ ਤਸ਼ਵੀਰ ਵੀ ਮੰਗਲ ਰੂਪ ਹੈ ਯਾਤੇ (ਸ੍ਰੀ) ਸ਼ੋਭਾਵਾਨ (ਰਾਗ) ਪ੍ਰੇਮ ਸਰੂਪ ਸ੍ਰੀ ਰਾਗ ਕੋ ਹੀ ਆਰੰਭ ਮੇਂ ਰਖਨਾ ਜ਼ਰੂਰੀ ਥਾ, (੬) ਨਮਿਤ ਰਾਗਮਾਲਾ ਅੰਤ ਮੇਂ ਰਖਨੇ ਕਾ ਯਹ ਭੀ ਕਿ ਗੁਰਬਾਣੀ ਕੇਵਲ ੩੧ ਰਾਗੋਂ ਮੇ ਸ੍ਰੀ (ਗੁਰੂ ਸਾਹਿਬ) ਜੀ ਰਚਨ ਕੀਤੀ ਹੈ ਅਤੇ ਰਾਗਮਾਲਾ ਮੇਂ ੮੪ ਰਾਗ ਰਾਗਨੀ ਲਿਖੇ ਹੈਂ ਯਾਤੇ ਗਵਈਓਂ ਕੀ ਸ਼ੰਕਾ ਹੋ ਸਕਤੀ ਹੈ ਜੋ ਗੁਰੂ ਸਾਹਿਬ ਕੇਵਲ ਯਹ ੩੧ ਰਾਗ ਹੀ ਜਾਣਦੇ ਸਨ ਬਾਕੀ ੪੯ ਰਾਗੋਂ ਕਾ ਗਾਇਨ ਨਹੀਂ ਜਾਣਦੇ ਸਨ, ਇਸ ਅਸ਼ੰਕਾ ਦੇ ਨਿਵਾਰਣਾਰਥ ਅੰਤ ਮੇਂ ਰਾਗਮਾਲਾ ਰਚ ਕਰ ਦੂਸਰੋਂ ਕੀ ਆਸ਼ੰਕਾ ਰੂਪ ਦੋਸ਼ ਕੋ ਨਿਵਾਰਣ ਕੀਆ, (੭) ਗੁਰੂ ਸਾਹਿਬ ਰਾਗਮਾਲਾ ਦੁਜਾਰਾ ਹੁਕਮ ਦਿੰਦੇ ਹਨ ਕਿ ੩੧ ਰਾਗ ਰਾਗਨੀਓਂ ਮੇਂ ਉਚਾਰਨ ਕਰੀ ਹੂਈ ਬਾਣੀਕੋ ਗੁਰਬਾਣੀ ਕੇ ਪ੍ਰੇਮੀ ੮੪ ਰਾਗ ਰਾਗਨੀਓਂ ਮੇ ਹੀ ਗਾਇਨ ਕਰ ਸਕਤੇ ਹੈਂ, (੮) ਨਮਿਤ ਯਹ ਕਿ ੬ ਰਾਗੋਂ ਕੀ ੬ ਹੀ ਮੌਸਮਾ ਹੈ ਜੋ ਸਾਲ ਮੇ ਦੋ ੨ ਮਹੀਨਿਓਂ ਪਰ ਬਦਲਤੀ ਰਹਿਤੀ ਹੈਂ ਅਤੇ ਸ੍ਰੀ (ਗੁਰੂ ਪੰਚਮ ਜੀ) ਜਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਬੀੜ ਕਾ ਆਰੰਭ ਕੀਆ ਥਾ ਤਬ ਮੌਸਮ ਸ੍ਰੀ ਰਾਗ ਕੀ ਥੀ ਇਸਤੇ ਭੀ ਸ੍ਰੀ ਰਾਗ ਕੋ ਆਰੰਭ ਮੇਂ ਰਖ ਅੰਤ ਰਾਗਮਾਲਾ ਰਚ ਰਾਗੋਂ ਕੀ ਮਰਦਮ ਸ਼ੁਮਾਰੀ ਰੂਪ ਗਿਣਤੀ ਬਤਲਾਈ, (੯) ਖਤ੍ਰੀਓਂ ਕਾ ਬਰਣ ਸੁਰਖ ਹੈ ਅਤੇ ਸ੍ਰੀ ਰਾਗ ਕਾ ਬਰਣ ਭੀ ਸੁਰਖ ਹੈ ਯਾਤੇ ਸ੍ਵੈ ਵਰਣੀ ਹੋਨੇ ਤੇ ਭੀ ਆਰੰਭ ਮੇਂ ਰਖਣਾ ਜ਼ਰੂਰੀ ਥਾ,ਸੋ ਇਤਨੇ ਕਾਰਣੋਂ ਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਰਾਗੋਂ ਅਨੁਸਾਰ ਤੋਂ ਰਾਗਮਾਲਾ ਮੇ ਨਹੀ ਅਤੇ ਰਾਗਮਾਲਾ ਕੇ ਰਾਗੋਂ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੇ ਨਹੀ ਪ੍ਰੰਤੂ ਊਪਰ ਕਥਨ ਕੀਏ ਕਾਰਣੋਂ ਸੇ ਰਾਗਮਾਲਾ ਭੀ ਸਭ ਗੁਰ ਬਾਣੀਓਂ ਕੇ ਤੁਲਯ ਗੁਰਬਾਣੀ ਹੈ ।।

ਅਗਰ ਕੋਈ ਸਵਾਲ ਕਰੇ ਕਿ ਰਾਗੀਆਂ ਵਾਸਤੇ ਰਹੋ ਭੋਗ ਸੇ ਕਿਆ ਸੰਬੰਧ ।।

ਉਤ੍ਰ—ਉਨਕੋ ਯਹ ਭੀ ਖਿਆਲ ਰਖਨਾ ਚਾਹੀਏ ਕਿ ਜਿਤਨੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੇਂ ਹੈ ਵਹਿ ਸਾਰੀ ਰਾਗ ਰਾਗਣੀਆਂ ਮੇਂ ਹੈ ਸਿਵਾ ਜਪੁਜੀ ਸਾਹਿਬ ਕੇ ਸੋ ਸਜਨਾਂ ਕੋ ਇਕ ਜਪੁਜੀ ਸਾਹਿਬ ਤੋਂ ਸਿਵਾ ਹੋਰ ਸਰਬ ਗੁਰਬਾਣੀ ਸੇ ਖਾਲੀ ਰਹਿਣਾ ਪਵੇਗਾ ਅਤੇ "ਜਪੁਜੀ" ਸਾਹਿਬ ਮਹੱਲੇ ਬਗੈਰ ਹੈ ਆਪਕੋ ਨਿਯਮ ਭੰਗ ਦੋਸ਼ ਕੀ ਪ੍ਰਾਪਤੀ ਹੋਗੀ ।। ਯਾ ਤੇ ਗੁਰ ਬਾਣੀ ਕੇ ਪ੍ਰੇਮੀਆਂ ਕੋ ਤੋ ਸਮੇਤ ਰਾਗਮਾਲਾ ਕੇ ਗੁਰਬਾਣੀ ਸਮਝ ਭੋਗ ਪਾਉਣਾ ਰਾਗਮਾਲਾ ਪਰ ਹੀ ਜ਼ਰੂਰੀ ਹੈ ।।

ਔਰ ਜੋ (ਸ੍ਰੀ ਗੁਰੂ ਗ੍ਰੰਥ ਸਾਹਿਬ) ਜੀ ਮੇਂ ਰਾਗ ਲਿਖਾ ਹੈ ਅਤੇ "ਰਾਗਮਾਲਾ" ਮੇਂ ਰਾਗਨੀ, ਸੋ ਯਹੀ ਕਾਇਦਾ ਸੰਗੀਤੋਂ ਮੇਂ ਭੀ ਹੈ ਜਬ ਗਾਇਨੇ ਕੇ ਢੰਗ ਕੇ ਸ਼ਬਦ ਭਜਨ ਬਿਸ਼ਨਪਦੇ ਠੁਮਰੀ ਆਦੀ ਲਿਖੇ ਜਾਤੇ ਹੈਂ ਤਬ ਰਾਗ ਕਰਕੇ ਹੀ ਲਿਖਾ ਜਾਤਾ ਹੈ ਅਤੇ ਜਬ "ਰਾਗਮਾਲਾ,, ਲਿਖਤੇ ਹੈਂ ਦੋਨੋਂ ਧ੍ਰਵੋਂ ਕੀ ਤਬ ਰਾਗ ਰਾਗਨੀ ਤਥਾ ਪੁਤ੍ਰੋਂ ਕੇ ਭੇਦ ਕੀਏ ਜਾਤੇ ਹੈ ਯਥਾ ਦੇਖੋ ਸੂਰ ਸਾਗਰ ਪ੍ਰੰਚੇ (ਸ੍ਰੀ ਗੁਰੂ) ਜੀ ਤੋ ਕਈ ਸ਼ਬਦੋਂ ਮੇ ਸਾਫ ਤੌਰ ਪਰ ਲਿਖ ਭੀ ਗਏ ਹਨ ਯਥਾ (ਗਉੜੀ ਰਾਗ ਸੁਲਖਣੀ) ਤਥਾ (ਸੋਰਠ ਤਾਮ ਸੁਹਾਵਣੀ) ਯਥਾ (ਸੂਹਵੀਏ ਸੁਹਾਵੀਏ) ਵ (ਰਾਗ ਰਤਨ ਪਰਵਾਰ* ਪਰੀਆਂ† ਸਬਦ ਗਾਵਣ ਆਈਆਂ) (ਗਾਵੈ ਤੁਹਨੋ ਰਾਗ ਪਰੀ ਸਿਉ ਕਹੀਅਨ)

---

*ਰਤਨ ਰੂਪ ਰਾਗੋਂ ਕਾ (ਪ੍ਰਵਾਰ) ਨਾਮ ਪੁਤ੍ਰ †ਪਰੀਆਂ ਨਾਮੁ ਰਾਗਨੀਆਂ ਸ਼ਬਦ ਗਾਇਨ ਆਈਆਂ ਸ੍ਰੀ ਗੁਰੂ ਮੁਖਵਾਕ ਸ਼ਬਦੋਂ ਕੋ ਪ੍ਰੇਮ ਸੇ ਗਾਇਨ ਕਰ ਤਮਾਮ ਰਾਗ ਰਾਗਨੀਆਂ ਪਵਿੱਤ੍ਰ ਹੋ ਗਏ ।।



Sri Satguru Jagjit Singh Ji eLibrary NamdhariElibrary@gmail.com

ਕਿਉਂ ਮਿਤ੍ਰ ਵਰੋ ਰਾਗਨੀਆਂ ਦਾ ਨਾਮ ਭੀ ਗੁਰਬਾਣੀ ਮੇਂ ਪ੍ਰਸਿੱਧ ਸੁਣਲਿਆ ਜੇ ਅਤੇ ਜਬ (ਸ਼ਬਦ ਗਾਵਣ ਆਈਆਂ) ਨਾਮ ਰਾਗਣੀਆਂ ਤਥਾ ਰਾਗ ਜੋ ਨਾਮ ਭਗਤੀ ਗੁਰਬਾਣੀ ਗਾਵਣ ਵਾਲੇ ਹੋਗੇ ਤੋ ਉਨ ਪਵਿਤ੍ਰ ਹੂਏ ਰਾਗ ਰਾਗਣੀਆਂ ਉਨਕੀ "ਰਾਗਮਾਲਾ" ਪੜ੍ਹਨੇ ਸੇ ਭੀ ਪਵਿਤ੍ਰਤਾ ਹੋਤੀ ਹੈ ਅਤੇਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੀ ਮੇਂ ਜਬ ਰਾਗੀ ਸ਼ਬਦ ਗਾਇਨ ਕਰਤੇ ਹੂਏ ਕੋਈ ਬਿਸ਼ਨਪਤਾ ਧ੍ਰਪਤ ਬਾਹਰ ਕਾ ਗਾਨੇ ਲਗੇਂ ਤੋ ਰੋਕੇ ਜਾਤੇ ਹੈਂ ਪ੍ਰੰਤੂ ਰਾਗੋਂ ਕੀ ਸੁਰ ਸਰਗਮ ਗਾਨੇ ਸੇ ਨਹੀਂ ਰੋਕੇ ਜਾਤੇ ਇਸਤੇ ਸਾਬਤ ਹੂਆ ਕਿ ਗੁਰੂ ਘਰ ਮੇਂ ਰਾਗੋਂ ਕੀ ਸੁਰ ਸਰਗਮ ਪ੍ਰਵਾਣ ਹੈ ਤੋ ਫਿਰ ਰਾਗੋਂ ਕੀ ਰਾਗਮਾਲਾ ਪ੍ਰਵਾਣ ਕਿਉਂ ਨਹੀਂ ॥ ਇਤਾਦੀ ਔਰ ਭੀ ਕਈ ਜਗਹਿ ਗੁਰਬਾਣੀ ਮੇਂ ਪ੍ਰਗਟ ਹੈ ਸੋ ਗ੍ਰੰਥ ਬੜ੍ਹਨਤੇ ਇਤਨਾ ਲਿਖਨਾ ਕਾਫੀ ਹੈ ਗੁਨੀ ਜਨ ਬਿਚਾਰ ਲੇਂ ਇਤੀ ਪਾਂਚਵਾਂ ਪ੍ਰਸ਼ਨ:—

ਆਗੇ ਛੇਵਾਂ ਪ੍ਰਸ਼ਨ ਇਉਂ ਲਿਖਤੇ ਹਨ ਯਥਾ

(੬) ਪ੍ਰਸ਼ਨ—ਹੋਰ ਸਾਰੀ ਬਾਣੀ ਦੇ ਤੁਲਯ ਇਸਮੇਂ ਕੋਈ ਪਵਿਤ੍ਰ ਭਾਵ ਨਹੀਂ ਅਰਥਾਤ ਅਕਾਲਪੁਰਖ ਦੇ ਨਾਮ ਅਤੇ ਭਗਤਿ ਆਦਿ ਕਿਸੇ ਭੀ ਗੁਣ ਤੋਂ ਪੂਰਤ ਨਹੀ, (ਉਤ੍ਰ) (ਮਹਾਪੁਰਖਾਂ ਦਾ ਬੋਲਨਾ ਹੋਵੇ ਕਿਤੇ ਪਰਥਾਇ) ਮਿਤ੍ਰ ਵਰੋ (ਸ੍ਰੀ ਗੁਰੂ) ਸਾਹਿਬ ਪਰਮ ਪਵਿਤ੍ਰਾਤਮ ਮਹਾਂ ਪੁਰਖੋਂ ਕਾ ਬੋਲਨਾ ਕਬੀ ਭੀ ਪਵਿਤ੍ਰ ਭਾਵ ਬਗੋਰਨਹੀਂ ਹੈ, ਪ੍ਰੰਤੂ ਹਮ ਔ ਆਪ ਉਸ ਆਸ਼ੇ ਕੋ ਨਾ ਸਮਝ ਸਕੇਂ ਤੋ ਐਵੇਂ ਝੂਠ ਮੂਠ ਅਟਾਪਟ ਲਿਖ ਦੇਵੇਂ ਜੋ ਇਸਮੇਂ ਕੋਈ ਪਵਿਤ੍ਰ ਭਾਵ ਨਹੀ ਔਰ ਯਹ ਗੁਰਬਾਣੀ ਹੀ ਨਹੀਂ ਸੋ ਵਾਹ ਜੀ ਸ਼ਾਬਾਸ਼ ਆਪ ਕੀ ਦਾਨਾਈ ਕਿਉਂ ਕਿ ਹਮ ਨੇ ਤੋ ਵਿਦ੍ਵਾਨੋਂ ਸੇ ਯਹੀ ਸੁਣਾ ਥਾ (ਸ੍ਰੀ ਗੁਰੂ ਸਾਹਿਬ) ਜੀ ਅਪਨੇ ਗੰਭੀਰ ਆਸ਼ਯ ਕੋ ਆਪ ਹੀ ਜਾਣਤੇ ਹੈਂ, ਯਥਾ ਗੁਰੂ ਵਾਕਯ (ਤੁਮਰੀ ਗਤਿਮਿਤਿ ਤੁਮਹੀ ਜਾਨੀ) ਸ੍ਰੀ ਗੁਰੂ ਜੀ ਅਪਨੀ ਗਹਿਨ ਗਤਿ ਗੰਭੀਰ ਆਸ਼ਯਕੋ ਆਪ ਹੀ ਜਾਣਤੇ ਹੈਂ ਸੋ ਮਿਤ੍ਰ ਜੀ ਜੇ ਆਪ ਪੂਰਨ ਆਸ਼ਯ (ਗੁਰੂ) ਜੀ ਕੇ ਕੋ ਜਾਣਤੇ ਹੋ ਤੋ ਲੋ ਦਸੋ ਜੋ ਏਹ ਗੁਰਬਾਣੀ ਕੇਹੜੇ ਪਵਿਤ੍ਰ ਭਾਵ ਗਯਾਨਾਦੀ ਗੁਣ ਨੂੰ ਕਹਿੰਦੀ ਜੇ ਕਿਆ ਹਮਾਰੀ ਯਾ ਆਪਕੀ ਸਮਝ ਮੇਂ ਨਾ ਆਉਣੇ ਤੇ ਏਹ ਭੀ ਗੁਰਬਾਣੀ ਨਹੀਂ ਲੋ ਸੁਣੋ, ੧ (ਏਕ ਸੁਆਨਕੇ ਘਰ ਗਾਵਣਾ) ਤਥਾ (ਇਆਨੜੀਏ ਕੇ ਘਰਿ ਗਾਵਣਾ) ੨ ਦੂਸਰੀ ਵਾਰ ਮਾਝ ਕੀ, ਮਲਕ ਮੁਰੀਦ ਮਥਾ ਚੰਦ੍ਰਹੜ੍ਹਾ ਕੀ ਧੁਨ ਗਾਵਣੀ) ੩ (ਗਾਉੜੀ ਕੀ ਦੂਸ੍ਰੀ ਵਾਰ, ਰਾਇ ਕਮਾਲਦੀ ਮੌਜ ਦੀ ਵਾਰ ਕੀ ਧੁਨ ਉਪਰ ਗਾਵਣੀ) ੪ (ਵਾਰ ਆਸਾ ਕੀ, ਟੁੰਡੇਅਸ ਰਾਜੇ ਕੀ ਧੁੰਨ ਗਾਵਣੀ ॥ ੫ (ਗੂਜਰੀ ਕੀ ਵਾਰ, ਸਕੰਦ੍ਰ ਬਿਰਾਹਮ ਕੀ ਵਾਰ ਕੀ ਧੁਨ ਗਾਵਣੀ ॥ ੬ (ਵਡਹੰਸ ਕੀ ਵਾਰ, ਲਲਾ ਬਹਿਲੀਮਾਕੀ ਧੁਨਗਾਵਣੀ) ੭ (ਰਾਮਕਲੀ ਕੀ ਵਾਰ, ਜੋਧੇ ਵੀਰੇ ਪੂਰਬਾਣੀ ਕੀ ਧੁਨਿ) ੮ (ਸਾਰੰਗ ਕੀ ਵਾਰ, ਰਾਇ ਮਹਿਮੇ ਹਸਨੇ ਕੀ ਧੁਨੀ) ੯ (ਮਲਾਰ ਕੀ ਵਾਰ, ਰਾਣੇ ਕੈਲਾਸ ਤਥਾ ਮਾਲਦੇਉਧੁਨੀ)੧੦ (ਕਾਨੜੇ ਕੀ ਵਾਰ, ਮੂਸੇ ਕੀ ਵਾਰ ਕੀ ਧੁਨੀ)

ਕਿਉਂ ਭਾਈ ਜੀ ਇਸ ਗੁਰਬਾਣੀ ਮੇ ਕਿਆ ਗਯਾਨ ਭਗਤਿ ਵੈਰਾਗ ਜ਼ਾਹਰ ਹੋਤਾ ਹੈ ਅਰਥਾਤ ਕੋਨ ਪਵਿਤ੍ਰ ਭਾਵ ਅਕਾਲ ਪੁਰਖ ਸਬੰਧਿਤ ਨਾਮ ਨੂੰ ਬੋਧਨ ਕਰਤੀ ਹੈ, ਬਲਕਨ ਕਈ ਅਨਮਤੀਓਂ ਕੇ ਨਾਮਾਂ ਕੋ ਤੋ ਜ਼ਾਹਰ ਕਰਤੀ ਹੈ ਜੋ ਗਯਾਨ ਭਗਤੀ ਆਦੀ ਗੁਣੋਂ ਸੇ ਰਹਿਤ ਹੈ, ਸੋ ਮਿਤ੍ਰੋ ਇਸ ਬਾਣੀ ਮੇ ਭੀ ਜੋ ਪਵਿਤ੍ਰ ਭਾਵ ਹੈ ਉਸਨੂੰ ਅੰਤ੍ਰਯਾਮੀ (ਗੁਰੂ) ਜਾਣਦੇ ਹਨ ਸੋ ਜਿਸ ਤਰਹਿ ਇਸ ਊਪਰ ਕਹੀ ਗੁਰਬਾਣੀ ਕੇ ਪਵਿਤ੍ਰ ਭਾਵ ਕੋ ਨ ਜਾਣਕੇ ਆਪ ਪਾਠ ਕਰਦੇ ਹੋ ਔਰ ਗੁਰਬਾਣੀ ਸਮਝਦੇ ਹੋ ਇਸੀ ਤਰਹਿ "ਰਾਗਮਾਲਾ" ਕੋ ਭੀ ਪੜ੍ਹ ਲੀਆ ਕਰੋ ਬੀਮਾਰੀ ਨਵਿਰਤਾਅਰਥ ਅਖਾਂ ਮੀਟ ਅਤੀ ਕੌੜੀ ਦਵਾ ਭੀ ਪੀ ਹੀ ਲਈਦੀ ਹੈ ਇਸੀ ਤਰਹਿ ਕ੍ਰਿਪਾ ਕਰ ਭੋਗ ਸਮੇ "ਰਾਗਮਾਲਾ" ਭੀ ਪੜ੍ਹ ਲੀਆ ਕਰੋ ਉਮੈਦ ਹੈ ਜੋ ਬੇਸਮਝੀ ਭਾਵ "ਰਾਗਮਾਲਾ" ਪਵਿਤ੍ਰ ਭਾਵ ਨੂੰ ਨ ਜਾਨਣੇ ਰੂਪ ਬੀਮਾਰੀ ਭੀ ਜਰੂਰ ਹੀ ਕ੍ਰਿਪਾ ਸਤਿਗੁਰ ਜੀ ਸੇ ਨਸ਼ਟ ਹੋ ਜਾਏਗੀ ਸੋ ਮਿਤ੍ਰ ਜੀ ਇਕ ਔਰ ਭੀ ਬਾਤ ਪ੍ਰਸਿਧ ਸੁਣ ਲੋ ਜੋ (ਜਪੁਜੀ) ਸਾਹਿਬ ਮੇਂ (ਅਸੰਖ ਮੂਰਖ ਅੰਧ ਘੋਰ) ਦੀ ਸਾਰੀ ਪਉੜੀ ਮੇਂ ਕਿਤੇ ਗਯਾਨ ਭਗਤਿ ਆਦੀ ਪਵਿਤ੍ਰ ਭਾਵ ਨਹੀਂ ਬਲਕੇ ਗਯਾਨ ਭਗਤਿ ਸੇ ਰਹਿਤੋਂ ਕੇ ਨਾਮ ਦਰਜ ਹਨ, ਸੋ ਨਿਤਨੇਮੀ ਪਾਠ ਮੇਂ ਇਸ ਪਉੜੀ ਦਾ ਪਾਠ ਕਰਦੇ ਹੋ ਯਾ ਨਹੀਂ ਸੋ ਜੇ ਤੋ ਕਰਦੇ ਹੋ ਤੋਂ ਤੋ ਆਪਕੋ ਨਾਮ ਭਗਤੀ ਬਗੈਰ ਹੋਨੇ ਰੂਪ ਪਾਪ ਹੋਗਾ, ਜੇ ਨਹੀ ਕਰਦੇ ਹੋ ਤੋਂ ਭੀ ਆਪਕੋ ਨਿਯਮ ਭੰਗ ਰੂਪ ਪਾਪ ਹੋਗਾ ਕਾਹੇਤੇ ਆਪ ਕਾ ਸੰਕੇਤ ਹੈ ਜੋ



Sri Satguru Jagjit Singh Ji eLibrary NamdhariElibrary@gmail.com

"ਨਾਨਕ" ਨਾਮ ਵਾਲੀ ਬਾਣੀ ਹੋਵੇ ਸੋ ਗੁਰਬਾਣੀ ਹੈ ਯਾਤੇ (ਉਭੇ ਫਾਸ) ਯਾਨੇ ਦੋ ਤਰਫੀ ਗੱਸੀ ਆਪਕੇ ਗਲ ਮੇਂ ਹੈ ਜੇ ਤੋ ਪੜ੍ਹੋਗੇ ਤੋਂ ਤੋ ਨਿਯਮ ਭੰਗ ਹੋਗਾ ਜੋ ਭਗਤੀ ਗਜਾਨ ਨਾਮ ਬਿਨਾ ਬਾਣੀ ਹੈ ਸੋ ਗੁਰਬਾਣੀ ਨਹੀਂ ਸੋ ਇਸ ਪਉੜੀ ਮੇਂ ਭਗਤੀ ਗਜਾਨ ਨਾਮ ਦੀ ਕਿਤੇ ਗੰਧ ਭੀ ਨਹੀਂ ਯਾਤੇ ਗੁਰਬਾਣੀ ਨਹੀਂ ਸੋ ਜਬ ਬਾਣੀ ਨਹੀ ਤੋ ਫਿਰ ਪਾਠ ਕਰਣੇ ਸੇ ਕਿਆ ਸਬੰਧ, ਅਰ ਜੇ ਨਹੀਂ ਪਾਠ ਕਰੋਗੇ ਤੋ ਨਾਨਕ ਨਾਮ ਪਉੜੀ ਦੇ ਅੰਤ ਮੇਂ ਹੈ ਯਥਾ (ਨਾਨਕ ਨੀਚ ਕਹੈ ਬੀਚਾਰੁ) ਯਾਤੇ ਗੁਰਬਾਣੀ ਹੈ, ਸੋ ਗੁਰਬਾਣੀ ਨੂੰ ਤਜਾਗਣੇ ਦਾ ਜੋ ਪਾਪ ਬਜ੍ਰ ਰੂਪ ਹੈ ਤਿਸ ਕੇ ਭਾਗੀ ਹੋਵੋਗੇ, ਸੋ ਇਸੀ ਤਰਹਿ ਦੇ ਫਲ ਬੋਧਕ ਦੋ ਅਸ਼ਟਪਦੀਆ ਰਾਗ ਆਸਾ ਮੇ ਹਨ ਯਥਾ (ਜਿਨ ਸਿਰ ਸੋਹਨ ਪਟੀਆਂ ਮਾਂਗੀ ਪਾਇ ਸੰਧੂਰ) ਆਦੀ ਸੋ ਇਨ ਕੇ ਭੀ ਪੜ੍ਹਨੇ ਨਾ ਪੜ੍ਹਨੇ ਸੇ ਊਪਰ ਕੀ ਕਹੀ ਕੋਟੀ ਅਨੁਸਾਰ ਦੋ ਤਰਫਾ ਪਾਪਾ ਆਪ ਕੇ ਊਪਰ ਹੀ ਹੋਗਾ, ਸੋ ਜੇ ਕਹੋ ਤੁਸਾਡੇ ਪਰ, ਤੋ ਸਾਡੇਪਰ ਤੋਂ ਏਹ ਪਾਪ ਆਹੀ ਨਹੀ ਸਕਦਾ ਕਾਹੇਤੇ ਕਿ ਜੋ (ਸ੍ਰੀ ਗੁਰੂ ਗ੍ਰੰਥ ਸਾਹਿਬ) ਜੀ ਕੀ ਬੀੜ ਮੇ ਬਾਣੀ ਆ ਚੁਕੀ ਹੈ ਸੋ ਸਾਡੇ ਸੀਸ ਔ ਅੱਖਾਂ ਪਰ ਔ ਹਿਰਦੇ ਮੇ ਪ੍ਰਵਾਣ ਹੈ ਸ੍ਰੀ ਗੁਰੂ ਜੀ ਕਾ ਅਨੁਭਵ ਗੁਰੂ ਸ੍ਵਰੂਪ ਮੋਖ, ਭੋਗ ਦਾਤੀ ਹੈ, ਸੋ ਪ੍ਰਜਵਰ ਜੀ ਜੇ ਤੋ ਊਪਰ ਕਹੀ ਪਉੜੀ ਤਥਾ ਪਹਿਲੀ ਪਾਤਸ਼ਾਹੀ ਦੇ ਦੋਨੋ ਸਬਦ ਨਾਮ ਭਗਤੀ ਗਜਾਨ ਹੀਨ ਗੁਰਬਾਣੀ ਜਾਣ ਪਾਠ ਕਰਦੇ ਹੋ ਤੋਤੋ "ਰਾਗਮਾਲਾ" ਭੀ ਗੁਰਬਾਣੀ ਹੈ ਔਰ ਜਰੂਰ ਪੜ੍ਹਨਾ ਹੀ ਠੀਕ ਹੈ ਇਤੀ ਛੇਵਾ ਪ੍ਰਸਨ:—

ਸਾਤਵਾਂ ਪ੍ਰਸ਼ਨ ਭਾਈ ਸਾਹਿਬ ਜੀ ਇਉਂ ਫੁਰਮਾਉਂਦੇ ਹਨ ॥

(੭) ਪ੍ਰਸ਼ਨ, ਪੰਥ ਦੇ ਮੁਖੀਏ ਵਿਦ੍ਵਾਨਾ ਨੇ ਭੀ ਲਿਖ ਅਤੇ ਫਰਮਾ ਦਿਤਾ ਹੈ ਕਿ ਇਹ "ਰਾਗਮਾਲਾ" ਜਰੂਰ ਗੁਰਬਾਣੀ ਨਹੀ, ਬਲਕੇ ਇਕ ਅਨਮਤੀ "ਮਾਧਵਨਲ" ਨਾਮੇ ਪੁਸਤਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੰਧਨ ਤੋ ੨੧ ਸਾਲ ਪਹਿਲੇ ਇਕ "ਆਲਮ" ਕਵੀ ਨੇ ਇਨ ਬਿੰਨ ਲਿਖੀ ਹੈ ਯਾਤੇ ਓਨ੍ਹਾਂ ਦਾ ਏਹੋ ਕਥਨ ਹੈ ਕਿ ਸ੍ਰੀ ਗੁਰੂਗ੍ਰੰਥ ਸਾਹਿਬ ਜੀ ਦਾ ਭੋਗ ਮੁੰਦਾਵਣੀ ਪਰ ਹੀ ਪਾਉਣਾ ਯੋਗਹੈ, ਅਰਥਾਤ ਰਾਗਮਾਲਾ ਦਾ ਸ੍ਰੀ ਗੁਰੂ ਗ੍ਰੰਥਸਾਹਿਬ ਜੀ ਦੇ ਭੋਗ ਨਾਲ ਕੁਛ ਸਬੰਧ ਨਹੀਂ ॥

(ਉਤ੍ਰ) ਮਿਤ੍ਰ ਜੀ ਮੇਰੀ ਜ਼ਬਾਨ ਆਪਕੇ ਇਸ ਲੇਖ ਕੋ ਝੂਠਾ ਸਾਬੂਤ ਦੇਨੇ ਸੇ ਆਸ਼ੱਕਤ ਹੈ ਮਜਬੂਰਨ ਕਹਿ ਹੋਨੇ ਤੇ ਮਾਫ ਫਰਮਾਵੇ ਗੇ, ਸਾਥ ਯਹ ਬੀ ਬੇਨਤੀ ਹੈ ਜੋ ਆਪਜੈਸੇ ਪੰਥ ਮੁਖੀ ਭਾਈਓਂ ਕੋ ਐਸਾ ਝੂਠਾ ਲੇਖ ਬਿਨਾ ਬੀਚਾਰੇ ਲਿਖਨਾ ਭੀ ਹਰਿਗਿਜ਼ ਨ ਚਾਹੀਏ, ਕਿਉਂਕਿ ਅਕਸਰ ਕਰ ਮਾਧਵ ਕ੍ਰਿਤ "ਮਾਧਵਨਲ ਗ੍ਰੰਥ" ਜੋ ਸੰਸਕ੍ਰਿਤਹੈ ਔਰ ਕਾਸ਼ੀ ਆਦੀ ਪੁਰੀਓਂ ਮੇ ਤਥਾ ਔਰ ਸ਼ਹਿਰੋਂ ਮੇਂ ਪ੍ਰਾਚੀਨ ਗਵਈਓਂ ਕੇ ਪਾਸ ਮੌਜੂਦ ਹੈ ਸੋ ਜਬ ਅਛੀਤਰਹਿ ਸੇ ਦੇਖ ਭਾਲ ਕੀ ਤੋ ਮਾਲੂਮ ਹੂਆ ਜੋ ਐਸੀ "ਰਾਗਮਾਲਾ ਉਸਦੇ ਕਿਸੀ ਹਿਸੇ ਮੇ ਭੀ ਨਹੀ ਬਲਕਨ ਕਾਮਕੰਦਲਾ ਕੀ ਤਾਰੀਫ ਗਾਨੇ ਕੀ ਕੁਛ ਰਾਗ ਰਾਗਨੀਓਂ ਕੇ ਨਾਮ ਭੇਦ ਹੈਂ ਮਗਰ ਇਸ ਤਰੀਕੇ ਸੇ ਨਹੀ, ਅਤੇ ਇਕ ਭਾਸ਼ਾ ਮਾਨਵਾਨਲ ਗ੍ਰੰਥ ਭਾਈ ਬੁਧਸਿੰਘ ਜੀ ਮਾਲਕ ਗੁਰਮਤ ਪ੍ਰੈਸ ਕੇ ਪਾਸ ਮੌਜੂਦ ਹੈ ਉਸਮੇਂ ਐਸੀ ਰਾਗਮਾਲਾ ਕਹੀਂ ਨਹੀਂ ਅਤੇ ਨਾਹੀ ਕੋਈ ਅਸਲੀ ਕਿਤਾਬ ਆਲਮ ਕ੍ਰਿਤ ਮਿਲਦੀ ਹੈ ਔਰ ਜਿਸਕੋ ਆਲਮ ਕ੍ਰਿਤ ਕਹਿਤੇ ਹੈ ਸੋ ਭੀ ਠੀਕ ਨਹੀਂ ਹੈ ਕਾਹੇਤੇ ਪਹਿਲੇ ਭਾਰੀ ਵਿਰੋਧ ਉਸਕਾ ਯਹ ਹੈ ਜੋ ਮੁਸਲ ਮਾਨ ਹੋਕਰ ਮੰਗਲ ਹਿੰਦੂਆਂ ਕੀ ਰੀਤੀ ਸੇ ਨਹੀਂ ਕਰ ਸਕਤਾ ਸੋ ਉਸਕੇ ਆਦਿ ਮੰਗਲ ਇਸ ਤਰਹਿ ਪਰ ਹੈ ਗੁਨੀ ਜਨ ਬੀਚਾਰ ਲੇਂ ਯਥਾ, (ਸ੍ਰਸ੍ਰੀ ਸ੍ਰੀ ਗਣੇਸ਼ਾਯ ਨਮਾ:) ਚੌ: ॥ ਪ੍ਰਿਥਮੇ ਪਾਰਬ੍ਰਹਮ ਕੋ ਪਰਨੋਂ ॥ ਪੁਨਿ ਕਛੁ ਜਗਤੁ ਰੀਤਿ ਰਸੁ ਬਰਨੋਂ ਪਾਰਬ੍ਰਹਮ ਪੂਰਨ ਪਤਿ ਸੁਆਮੀ ॥ ਘਟਿਘਟਿ ਰਹਿਓਸੁ ਅੰਤ੍ਰ ਯਾਮੀ ॥ ਘਟਿ ਘਟਿ ਰਹੈ ਲਖੇ ਨਹਿ ਕੋਈ ॥ ਜਲ ਥਲ ਰਹਿਓ ਸਰਬ ਮੈਂ ਸੋਈ ॥ ਜਾਕੀ ਆਦਿ ਅੰਤ ਨਹਿ ਜਾਨੀ ॥ ਪੰਡਿਤ ਕਥਾ ਗਜਾਨ ਸੁਨ ਮਾਨੀ ॥ ਗਜਾਨੀ ਹੋਇ ਸੁ ਗੁਰਮੁਖਿ ਧਿਆਵੈ ॥ ਖੋਜੀ ਹੋਇ ਸੁ ਖੋਜਤ ਪਾਵੈ ॥ਦੋਹਰਾ॥ ਮਨ ਬਚ ਕ੍ਰਮ ਸੇਵਤ ਚਲਿਤ, ਜਾਗ੍ਰਿਤ ਚਿਤਵਤ ਨਿੱਤ ॥ ਸੰਗ ਡੋਲਤਾ ਸਭ ਫਿਰਤ ਸੋ ਕਰਤਾ ਧਰ ਚਿੱਤ ) ਕਿਉਂ ਮਿਤ੍ਰ ਜੀ ਜ਼ਰਾ ਬਿਚਾਰ ਲੋ ਜੋ ਆਲਮ ਕਵੀ ਮੁਸਲਮਾਨ ਹੋ ਪੁਨਾ ਮੰਗਲ ਹਿੰਦੂਆਂ ਕੇ ਤਰੀਕੇ ਸੇ ਕਰਨਾ ਯਹ



Sri Satguru Jagjit Singh Ji eLibrary NamdhariElibrary@gmail.com

ਅਨੁਚਤ ਬਾਤ ਔਰ ਕੁਛ ਬਨਾਵਟੀ ਸੀ ਹੈ ਕਿਉਂਕਿ ਭਾਈ ਕਾਹਨ ਸਿੰਘ ਨਾਭਾ ਨਿਵਾਸੀ ਜੀ ਅਪਨੇ ਗੁਰਮਤ ਸੁਧਾਕਰ ਮੇਂ ੪੯੮ ਦੀ ਸਤਰ ੧੩ ਤਥਾ ੧੪ ਮੇ ਸਾਫ ਲਿਖਤੇ ਹੈਂ ਕਿ ਆਲਮ ਸੈਦ ਮਹੰਮਦ ਗੌਸ਼ ਕੁਤਬ ਕਾਦਰੀ ਕੇ ਸ਼ਾਗਿਰਦ ਥੇ ਸੋ ਕਿਉਂ ਜੀ ਜਬ ਭਾਰੀ ਸ਼ਰਈਓਂ ਕੇ ਸ਼ਾਗਿਰਦ ਆਪ ਖੁਦ ਭੀ ਮੁਸਲਮਾਨ ਤੋ ਫਿਰ ਮੰਗਲ ਕਿਤਾਬ ਕੇ ਆਦਿ ਮੇਂ ਹਿੰਦੂਆਂ ਕੀ ਰੀਤੀ ਸੇ ਕਿਉਂ, ਲੋ ਮਿਤ੍ਰ ਵਰੋ ਭਾਈਓ ਅਪਨੀ ਦਾੜ੍ਹੀ ਦੂਸਰੇ ਮਜ੍ਹਬੋਂ ਕੇ ਹਾਥ ਆਪੇ ਦੇਨ ਵਾਲਿਓ ਜ਼ਰਾ ਹਠ ਕੋ ਛੱਡਕੇ ਜ਼ਿਹਨ ਨੂੰ ਸਫਾਈ ਕੇ ਝਾੜੂ ਸੇ ਸਾਫ ਕਰ ਡੂੰਘੀ ਦਲੀਲ ਸੇ ਸੋਚਨਾ ਉਪਰ ਕਹੀ ਦਲੀਲ ਠੀਕ ਯਾ ਗਲਤ, ਅਛਾ ਅਬ ਔਰ ਭੀ ਦਾਨਾਈ ਸੇ ਸੋਚਨੇ ਕੀ ਦਲੀਲ ਦਸਦਾ ਹਾਂ ਸੋਚ ਲੈਣੀ, ਗੁਰਮਤ ਸੁਧਾਕਰ ਕੇ ਸਫੇ ੫੦੦ ਪਰ ਫੁਟ ਨੋਟ ਦੀ ਸਤ੍ਰ ੧੫ ਮੇਂ ਭਾਈ ਕਾਹਨ ਸਿੰਘ ਜੀ ਲਿਖਤੇ ਹੈਂ ਕਿ ਅਕਬਰ ਬਾਦਸ਼ਾਹ ਕੇ ਪ੍ਰਸਿਧ ਗਵੀਏ ਤਾਨਸੈਨ ਨੇ ਭੀ ਇਕ "ਰਾਗਮਾਲਾ" ਇਸ "ਰਾਗਮਾਲਾ" ਸੇ ਭਿੰਨ ਬਣਾਈ ਹੈ ਤੋ ਕਿਉਂ ਨ ਮਾਨ ਲੀਆ ਜਾਵੇ ਜੋ ਤਾਨਸੈਨ ਨੇ ਹੀ ਅਕਬਰ ਬਾਦਸ਼ਾਹਕੋ "ਰਾਗਮਾਲਾ" ਬਣਾਕੇ ਗਾਇਨ ਕਰਕੇ ਸੁਣਾਈ ਹੈ ਸੋ (ਸ੍ਰੀ ਗੁਰੂ ਗ੍ਰੰਥ ਸਾਹਿਬ) ਜੀ ਸੇ ਭਿੰਨ ਹੈ ਸੋ ਐਸੀਆਂ "ਰਾਗਮਾਲਾ" ਮੈਨੇ ਭੀ ਇਸੀ ਢੂੰਢ ਮੇ ਸੈਕੜੋਂ ਸੰਗੀਤ ਦੇਖੇ ਹਨ ਸੋ ਜਿਨਮੇ ਕ੍ਰੀਬ ੨੫ ਕੁ ਦੇ "ਰਾਗਮਾਲਾ" ਦੇਖੀਆਂ ਹਨ ਅਤੇ ਜਿਸ ਕੋ ਆਪ ਆਲਮ ਕ੍ਰਿਤ ਕਿਤਾਬ ਕਹਿੰਦੇ ਹੋ ਉਸ ਮੇ ਭੀ ਸਾਫ ਤੌਰ ਸੇ ਲਿਖਾ ਹੈ ॥ ਚੌ: ॥ ਸੰਨ ਨੌ ਸੌ ਇਕਾਨਵ ਆਹੀ ॥ ਕਰੋਂ ਕਥਾ ਅਬ ਬੋਲੋਂ ਤਾਹੀ ॥ ਲੋ ਮੁਨਸਫ ਦ੍ਰਿਸ਼ਟੀ ਸਜਨੋਂ ਏਨਾ ਅਖਰਾਂ ਦੇ ਅਰਥ ਨੂੰ ਅਛੀ ਤਰਹਿ ਦੇਲੀਲ ਦੇ ਕੇ ਸੋਚਨਾ ਜੋ ਏਹ ਅਖਰ ਕੀ ਕਹਿੰਦੇ ਹਨ ॥ ਕਿ ਅਕਬਰ ਬਾਦਸ਼ਾਹ ਦੇ ਪਾਸ ਜਿਸ ਵਕਤ ਤਾਨਸੈਨ ਨੇ "ਰਾਗਮਾਲਾ" ਗਾਇਨ ਕਰਕੇ ਸੁਨਾਈ ਹੈ ਓਸ ਵਕਤ ਸੰਨ ਹਿਜਰੀ ਨੌ ਸੌ ਇਕਾਨਵੇ ਥਾ, ਕਾਹੇ ਤੇ (ਆਹੀ) ਪਦ ਤੇ (ਤਾਹੀ) ਪਦ ਪੂਰਬ ਜੋ ਗੁਜਰ ਚੁਕਾ ਵਕਤ ਹੈ ਉਸਨੂੰ ਜਣਾਉਂਦੇ ਹਨ, ਅਤੇ (ਅਬ) ਪਦ ਇਸ ਸਮੇ ਵਰਤਮਾਨ ਨੂੰ ਜਨਾਉਂਦਾ ਹੈ ਸੋ (ਭਾਵਾਰਥ) ਯਹ ਜੋ ਤਾਨਸੈਨ ਦੇ ਸੁਨਾਏ ਹੁਏ ਚਲਿਤ੍ਰ "ਮਾਧਵਾਨਲ" "ਕਾਮ ਕੰਦਲਾ" ਦੇ ਨੂੰ (ਤਾਹੀ) ਨਾਮ ਤਿਸ ਸਮੇਂ ਦੀ ਕਥਾ ਨੂੰ ਮੈ (ਅਬ) ਨਾਮ ਇਸ ਵਕਤ ਸੁਣਾਉਂਦਾ ਹਾਂ, ਸੋ ਭਾਵ ਤੋ ਇਸਦਾ ਏਹੋ ਨਜ਼ਰ ਆਉਂਦਾ ਹੈ, ਇਸ ਮੇਂ ਕਾਰਣ ਏਹ ਹੈ ਜੋ "ਆਲਮ" ਕਵੀ ਦਾ ਹੋਨਾ ਭੀ ਜ਼ਮਾਨਾ ਅਕਬਰ ਬਾਦਸ਼ਾਹ ਮੇ ਕਿਸੀ ਤਰਹਿ ਸੇ ਸਬੂਤ ਨਹੀ, ਕਿਉਂਕਿ (ਆਈਨੇ ਅਕਬ਼ਰੀ) ਜੋ ਅਕਬਰ ਬਾਦਸ਼ਾਹ ਕੇ ਕੁਲ ਕਾਨੂੰਨ ਕੀ ਕਿਤਾਬ ਹੈ ਜਿਸਮੇ ਤਮਾਮ ਉਸਕੇ ਅਹਿਲਕਾਰ, ਦਾਨਾਉ, ਪੀਰ, ਗੌਸ, ਸ਼ਾਇਰ, ਗਵਈਏ, ਕਵੀਓਂ ਕੇ ਨਾਮ ਇਸ ਤਰਹਿ ਪਰ ਲਿਖੇ ਹੈਂ ਦਸ ਹਜਾਰੀ ਸੇ ਦੋ ਸਦੀ ਤਕ ਕੇ ਅਹਿਲਕਾਰ ੪੧੦ ਚਾਰ ਸੌ ਦਸ ਥੇ, ਪੁਨਾ ਦਾਨਸ਼ ਅੰਦਾਜ਼ਾਂ ਜੋ ਦਾਨਾਈਆਂ ਕੋ ਸੋਚਤੇ ਰਹਿਤੇ ਥੇ ੧੪੨ ਇਕ ਸੌ ਬਿਆਲੀ ਐਸੇ ਅਕਲਮੰਦ ਥੇ, ਔਰ ਕਾਫੀਆ ਸੰਜਾਨੀ ਕਾਫੀਆ ਕੇ ਵਜ਼ਨ ਕਰਨੇ ਵਾਲੇ ਸ਼ਾਇਰ ੬੦ ਸਾਠ ਥੇ, ਔਰ ਕਵੀ ਔਰ ਗਾਨੇ ਬਜਾਨੇ ਵਾਲੇ ੩੬ ਛਤੀਸ, ਤਾਨਸੈਨ, ਬਾਬਾ ਰਾਮਦਾਸ, ਸੂਰਦਾਸ ਆਦੀ ਥੇ, ਕੁਛਕ ਕਵੀਆਂ ਕੇ ਨਾਮ ਨੀਚੇ ਔਰ ਭੀ ਲਿਖਾਂ ਗਾ ਪੁਨਾ ਇਲਾਹੀ ਜਿਨਕੋ ਪੀਰ ਗੌਸ ਕੁਤਬ ਸੰਗਜਾ ਥੀ ੮੭ ਸਤਾਸੀ ਥੇ, ਪੁਨਾ ਇਕ ਸਵੈਯਾ ਅਕਬਰ ਬਾਦਸ਼ਾਹ ਦਾ ਖੁਦ ਬਨਾਯਾ ਹੋਯਾ ਹੈ ਜਿਸ ਮੇ ਅਪਨੇ ਖਾਸ ਕਵੀਓਂ ਕੇ ਨਾਮ ਲਿਖਤੇ ਹੈ ਯੇਹ ਸਵੈਯਾ ਸ਼ਿਵ ਸਿੰਘ ਸਰੋਜ਼ ਕਿਤਾਬ ਮੇ ਹੈ ॥ ਨਰ ੧, ਹਰਿ ੨, ਹੋਲ ੩, ਖਾਨਖਾਨਾ ੪, ਬੀਰਬਲ ੫, ਗੰਗ, ਯਹ ਬੜੇ ਕਵੀ ਥੇ ਮਗਰ ਖਾਨਖਾਨਾਂ ਤੇ ਬੀਰਬਲ ਅਹਿਲਕਾਰੋਂ ਮੇਂ ਭੀ ਥੇ:— ਅਬ ਅਕਬਰ ਕੀ ਕਵਿਤਾ ਕਾ ਸਵੈਯਾ॥

ਪੁੰਖੀ ੭ ਪ੍ਰਸਿਧ ੮ ਪੁਰਿੰਦੂ ੯ ਬ੍ਰਹਮ ੧੦ ਸੁਧਾਰਸ੧੧ ਅੰਮ੍ਰਿਤ੧੨ ਅੰਮ੍ਰਿਤ ਬਾਨੀ ॥ ਗੋਕਲ ੧੩ ਗੋਪ ੧੪ ਗੋਪਾਲ ੧੫ ਗਣੇਸ਼ ੧੬, ਗੁਣੀ ੧੭ ਗੁਣ ਸਾਗਰ ੧੮ ਗੰਗ ੧੯ ਸੁ ਗਿਆਨੀ ॥ ਜੋਧ੨੦ ਜਗਨ੨੧ ਜਮੇ੨੨ ਜਗਦੀਸ਼੨੩ ਜਗਾਮਗ੨੪ ਜ਼ੈਤ੨੫ ਜਗਤ ਹੈ ਜਾਨੀ ॥ ਕੋਰ ਅਕਬਰ ਸੈਨ ਕਥੀ ਇਤਨੇ ਮਿਲਕੇ ਕਵਿਤਾ ਜੁ ਬਖਾਨੀ ॥ ਗੋਆਲ੨੬ ਸੁਲਤਾਨ ਮਹੰਮਦ ਥਾਨੇਸਰੀ੨੭ ਮੌਲਾਨਾ ਬਦਾਯੂਨੀ੨੮ ਸ਼ੇਖ ਫੈਜ਼ੀ ਇਤਨੇ ਉਪਰ ਕਥਨ ਕੀਏ ਅਹਿਲਕਾਰੋਂ ਸੇ ਆਲਮ ਕਾ ਕਹੀ ਨਾਮੋ ਨਿਸ਼ਾਨ ਭੀ ਅਕਬਰ ਸ਼ਾਹ ਕੇ ਪਾਸ ਨਹੀਂ ਹੈ ਸੋ ਨਾ ਮਾਲੂਮ ਭਾਈਆਂ ਦੇ ਦਿਲ ਮੇ ਕਿਉਂ ਵਸ ਗਿਆ ਸ਼ਾਇਦ ਸੁਪਨੇ ਮੇਂ ਕਿਤੇ ਆਲਮ ਕਹਿ ਗਿਆ ਹੋਗਾ ਸੋ ਮਿਤ੍ਰੋ ਇਸ ਤੇ ਆਲਮ ਅਕਬਰ ਕੇ ਵਕਤ ਮੇਂ ਤੋ ਹੂਆ ਨਹੀ, ਇਸਤੇ ਮਾਨ ਲੀਜੀਏ ਜੋ ਉਪਰ ਕਹਿਆ ਪ੍ਰਸੰਗ ਸੰਨ ਦਾ ਤਾਨਸੈਨ ਦੇ ਗਾਉਣੇ ਨੂੰ ਹੀ ਪ੍ਰਸਿੱਧ ਕਰਦਾ ਹੈ ਆਲਮ ਨੂੰ ਨਹੀਂ, ਸੋ ਲੋ ਮੈ ਹੁਣ ਤੁਸਾਨੂੰ "ਆਲਮ,, ਦਾ ਹੋਨਾ ਭੀ ਦਸਦਾ ਹਾਂ ਜਦੋਂ ਹੂਆ ਹੈ ਪ੍ਰੰਤੂ ੨੧ ਇਕੀ ਬਰਸ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੇ ਪਹਿਲੇ ਜੋ ਲਿਖਦੇ ਹਨ ਸੋ



Sri Satguru Jagjit Singh Ji eLibrary NamdhariElibrary@gmail.com

ਨਿਰੀ ਗੱਪ ਹੈ, ਬਲਕਨ ੫੧ ਸਾਲ ਬੀੜ ਬੰਧਨੋਂ ਪਿਛੇ ਹੂਆ ਹੈ ਕਿਉਂਕਿ ਮੇਰੀ ੧ ਸਾਲ ਦੀ ਢੂਡ ਭਾਲ ਸੇ ਇਕ ਗ੍ਰੰਥ ਐਸਾ ਮਿਲਾ ਹੈ ਜਿਸਮੇ ਇਕ ਹਜ਼ਾਰ ਸਤਾਨਵੇ ਕਵੀਆਂ ਦਾ ਖੁਲਾਸਾ ਹਾਲ ਸਾਫ ਸਾਫ ਸਮੇਤ ਅਸਥਾਨੋ ਔਰ ਸੰਮਤੋ ਕੇ ਲਿਖਾ ਹੈ ਕਈ ਕੁ ਔਰ ਕਵੀਓ ਕੇ ਨਾਮ ਭੀ ਹੈਂ ਪ੍ਰੰਚੇ ਸੰਮਤ ਠਾਮ ਨਹੀ ਜਿਸ ਮ ਅਵੱਲ ਸੰਮਤ ਬ੍ਰਿਕਮੀ ੧੫੯੪ ਬਾਦਸ਼ਾਹ ਅਕਬਰ ਕੇ ਜ਼ਮਾਨਾ ਸੇ ਲੇਕਰ ੧੯੩੩ ਤਕ ਕੇ ਨਾਮੀ ਕਵੀਓ ਕੇ ਨਾਮ ਹੈਂ, ਇਸ ਕਿਤਾਬ ਮੇ "ਆਲਮ,, ਕਵੀ ਕਾ ਹੋਨਾਬਜ਼ਮਾਨਾ ਮੌਜ਼ਿਮਸ਼ਾਹ ਸ਼ਾਹਜ਼ਾਦਾ ਸ਼ਾਹਜਹਾਂ ਕੇ ਮੇਂ ਹੈ, ਜੀਵਨ ਬ੍ਰਿਤਾਂਤ ਇਸਕਾ ਇਸ ਤਰਹਿ ਪਰ ਲਿਖਾ ਹੈ, ਜੋ ਜਨਮ ਇਸਕਾ ਧਨਾਂਢ ਬ੍ਰਾਹਮਣੋਂ ਕੇ ਘਰਿ ਕਾ ਥਾ ਔਰ ਕਾਵ੍ਯ ਰਚਨਾਂ ਮੇਂ ਲਾਇਕ ਪੰਡਿਤ ਥਾ ਮਗਰ ਇਕ ਰੰਗਰੇਜ਼ਨ ਔਰਤ ਕੇ ਇਸ਼ਕ ਮੇ ਮੁਸਲਮਾਨ ਹੋਕਰ ਮੌਜ਼ਮਸ਼ਾਹਿ ਸ਼ਾਹਜ਼ਾਦਾ ਸ਼ਾਹਜਹਾਂ ਕੀ ਖਿਦਮਤ ਮੇ ਬਹੁਤ ਦਿਨੋਂ ਤਕ ਰਹਾ ਔਰ ਕਵਿਤਾ ਇਨਕੀ ਬਹੁਤ ਸੁੰਦ੍ਰ ਹੈ, ਇਸ ਕਿਤਾਬ ਕਾ ਨਾਮ ਸ਼ਿਵ ਸਿੰਘ ਸ੍ਰੋਜ਼ ਹੈ ਅਤੇ ਸ਼ਾਸਤ੍ਰੀ ਅਖਰੋਂ ਮੇਂ ਛਾਪਾ ਲਖਨਊ ਕੀ ਛਪੀ ਹੂਈ ਹੈ ਇਸਕੇ ੧੯ ਸਫੇ ਪਰ ਇਨਕੀ ਰਚਨਾ ਕਾ ਇਕ ਦੋਹਿਰਾ ਤੇ ਇਕ ਸ੍ਵੈਯਾ ਭੀ ਹੈ ਸ੍ਵੈਯੇ ਕੀ ਤੀਸਰੀ ਚੌਥੀ ਤੁਕ ਮੇ ਬਾਦਸ਼ਾਹ ਕਾ ਨਾਮ ਇਸ ਤਰਹਿ ਸੇ ਲਿਖਾ ਹੈ ॥ ਮੌਜ਼ਮਸ਼ਾਹਿ ਤੁਮੇ ਕਰਤਾ ਕਰਿਵੇ ਕੋ ਦਿਲੀ ਪਤਿ ਹੈ ਵਰ ਦੀਨੇ ॥ ਕਾਵਿਲ ਹੈ ਤੇ ਰਹੈ ਕਿਨਹੂ ਕਹਾਂ ਕਾਵਿਤ ਹੋਤ ਹੈ ਕਾਵਿਲ ਕੀਨੇ ॥ ਇਸੀ ਕਿਤਾਬ ਕੇ ੩੪੯ ਸਫੇ ਪਰ ਆਲਮ ਕੇ ਹੋਨੇ ਕਾ ਸੰਮਤ ਬ੍ਰਿਕਮੀ ੧੭੧੨ ਕਾ ਲਿਖਾ ਹੈ ਔਰ ਕਹਾ ਪ੍ਰਸੰਗ ਭੀ ਹੈ, ਜੋ ਸਜਨ ਦੇਖਨੇ ਕਾ ਸ਼ੌਕ ਰਖਤੇ ਹੋਂ ਵਹਿ ਊਪ੍ਰ ਲਿਖੀ ਕਿਤਾਬੋਂ ਮੇ ਦੇਖ ਲੇਂ, ਜੋ ਲਿਖਤੇ ਹੈਂ ਕਿ "ਆਲਮ" ਨੇ ਇਨ ਬਿਨ ਲਿਖੀ ਹੈ, ਸੋ ਇਸਕਾ ਬੀਚਾਰ ਭੀ ਇਉਂ ਹੈ, ਯਾਦ ਰਹੇ ਜੋ ਪਹਿਲੇ ਤੇ "ਮਾਧਵਸੰਗੀਤ" ਗ੍ਰੰਥ ਸੰਸਕ੍ਰਿਤ ਹੈ ਔਰ ਜਿਸਮੇ ਐਸੀ "ਰਾਗਮਾਲਾ,, ਹੈ ਹੀ ਨਹੀ, ਪੁਨਾ ਦੂਸਰਾ "ਆਲਮ,, ਕਾ ਹੋਨਾ ਭੀ ਬਾਦਸ਼ਾਹ ਅਕਬਰ ਕੇ ਵਕਤ ਮੇ ਸਿੱਧ ਨਹੀਂ ਹੋਤਾ ਬਲਕਨ ਇਕ ਸੋ ਅਠਾਈਸ ਬਰਸ ਬਾਦਸ਼ਾਹ ਅਕਬਰ ਸੇ ਪੀਛੇ ਬਾਦਸ਼ਾਹ ਸ਼ਾਹਜਹਾਂ ਕੇ ਸ਼ਾਹਜ਼ਾਦੇ ਕੇ ਵਕਤ ਮੇਂ ਹੂਆ ਹੈ, ਤੀਸਰੇ "ਆਲਮ" ਕ੍ਰਿਤ "ਮਾਧਵਸੰਗੀਤ" ਕਾ ਉਲਥ ਰੂਪ ਗ੍ਰੰਥ ਭੀ ਅਸਲੀ ਕਹੀਂ ਨਹੀ ਮਿਲਾ ਕਿਉਂਕਿ ਮੈਨੇ ਬਹੁਤ ਤਲਾਸ਼ ਦਿਹਲੀ, ਆਗ੍ਰਾ, ਲਖਨਊ, ਕਾਹਨਪੁਰ, ਪ੍ਰੀਆਗ, ਕਾਸ਼ੀ, ਪਟਨਾ, ਪਟਯਾਲਾ, ਨਾਭਾ, ਲਾਹੌਰ, ਅੰਮ੍ਰਿਤਸਰਾਦੀ, ਸ਼ਹਿਰੋਂ ਮੇਂ ਕੀਆ ਔਰ ਸੈਕੜੋਂ ਹੀ ਸੰਗੀਤ ਦੇਖੇ ਪ੍ਰੰਚੇ ਅਸਲੀ ਗ੍ਰੰਥ "ਆਲਮ,, ਕ੍ਰਿਤ ਕਹੀਂ ਭੀ ਨਹੀ ਪਾਯਾ, ਔਰ ਦੋ ਕੁ ਜਗਹਿ ਵੋਹ ਗ੍ਰੰਥ ਪਾਯਾ ਭੀ ਹੈ ਯਥਾ ਪਟਯਾਲਾ ਮੇਂ ਵ ਦਮਦਮੇਂ ਸਾਹਿਬ ਮੇਂ ਸੋ ਵਹਿ ਅਸਲੀ "ਆਲਮ" ਕ੍ਰਿਤ ਨਹੀ ਕਿਉਂਕਿ "ਆਲਮ,, ਕਵੀ ਕੀ ਪੰਡਤਾਈ ਕੀ ਤਾਰੀਫ ਮੈ ਆਪ ਸਾਹਿਬੋਂ ਕੇ ਦ੍ਰਿਸ਼ਟੀ ਗੋਚਰ ਊਪਰ ਕਰ ਆਯਾ ਹਾਂ ਜੋ ਵਹਿ ਲਾਇਕ ਕਵੀ ਥਾ ਔਰ ਇਸਕੀ ਰਚਨਾਂ ਕੇ ਚਟਕੀਲੇ ਗ੍ਰੰਥ ਇਕ ਦੋ ਮੈਨੇ ਲਖਨਊ ਮੇ ਦੇਖੇ ਭੀ ਹੈ ਪ੍ਰੰਚੇ ਐਸੀ ਜਾਹਿਲੋ ਜੈਸੀ ਕਵਿਤਾ ਏਕ ਲਾਇਕ ਕਵੀਕੇ ਜ਼ਿਮੇ ਦੇਣੀ ਭੀ ਠੀਕ ਨਹੀ, ਭਲਾ ਜੇ ਮਾਨਭੀ ਲੀਆ ਜਾਏ ਜੋ ਏਹੀ ਗ੍ਰੰਥ ਆਲਮ ਕ੍ਰਿਤ ਹੈ ਤੋਂ ਭੀ "ਰਾਗਮਾਲਾ" "ਆਲਮ" ਕ੍ਰਿਤ ਨਹੀ, ਕਿਉਕਿ ਪਹਿਲੇ ਤੋ ਯਹ ਨਮਿਤ ਜੋ "ਆਲਮ" ਕਾ ਹੋਨਾ (ਸ੍ਰੀ ਗੁਰੂ ਗ੍ਰੰਥ ਜੀ ਕੀ ਬੀੜ ਬੰਧਨੋਂ) ਪਹਿਲੇ ਨਹੀਂ ਹੈ, ਬਲਕਨ ੫੧ ਇਕਵੰਜਾ ਬਰਸ ਪੀਛੇ ਸੰ: ਬਿ: ੧੭੧੨ ਮੇਂ ਹੂਆ ਹੈ, ਦੂਸਰਾ ਜਿਸਕੋ ਆਪ "ਆਲਮ" ਕ੍ਰਿਤ ਕਹਿੰਦੇ ਹੋ ਉਸਮੇਂ ਸਾਫ ਲਿਖਤਾ ਹੈ ਕਿ, (ਕਛੁ ਆਪਨ ਕਛੁ ਪਰ ਕ੍ਰਿਤ ਜੋਰੇ ॥ ਯਥਾ ਸ਼ਕਤ ਕੇ ਅਖਰ ਜੋਰੇ ॥ ਲੌ ਸਜਨੋ ਪਹਿਲੇ ਤੋ ਕਾਫੀਆ ਭੀ ਦੇਖ ਲੌ ਅਤੇ ਫਿਰ ਇਨ ਤੁਕਾ ਦੇ ਅਰਥ ਨੂੰ ਭੀ ਬੀਚਾਰਲੋ ਜੋ ਕੀ ਕਹਿਦਾ ਜੇ ਕਿ ਕੁਛਆਪਨੀ ਕਵਿਤਾ ਤੇ ਕੁਛ (ਪਰਕ੍ਰਿਤ) ਨਾਮ ਪ੍ਰਾਈ ਰਚਨਾ ਕੀਤੀ ਹੋਈ ਯਥਾ ਯੋਗ ਅਖਰਾਂ ਨੂੰ ਇਸ ਗ੍ਰੰਥ ਮੇਂ (ਜੋਰੈ) ਨਾਮ ਰਖਦਾ ਹਾਂ ਪਸ ਅਬ ਤੋ ਸਾਬਤ ਹੂਆ ਜੋ "ਰਾਗਮਾਲਾ" 'ਆਲਮ, ਕ੍ਰਿਤ ਨਹੀ (ਸ੍ਰੀ ਗੁਰੂ ਗ੍ਰੰਥ ਸਾਹਿਬ ) ਜੀ ਵਿਚੋਂ ਹੀ ਲੈ ਕੇ ਉਸਨੇ ਲਿਖ ਦਿਤੀ ਹੈ ਪ੍ਰੰਤੂ ਇਨਬਿਨ ਭੀ ਨਹੀ ਹੈ ਕੁਛ ਅਖਰਾਂ ਨੂੰ ਭੰਨ ਤੋੜਕੇ ਹੀ ਲਿਖ ਦਿਤੀ ਹੋਗੀ, ਔਰ ਜੇ ਦੀਰਘ ਦ੍ਰਿਸ਼ਟੀ ਸੇ ਬੀਚਾਰ ਕਰ ਦੇਖਾ ਜਾਏ ਤੋ ਜਿਤਨੇ ਭੀ ਸੰਗੀਤ ਹੈ ਉਨ ਸਭ ਪਰ ਹੀ ਪੂਰਬ ਕਹੇ ਦੋ ਮਤ ਭੇਦ ਸੇ ਰਾਗੋਂ ਕੇ ਦੋ ਸਿਲਸਲੇ ਹੀ ਚਲਤੇ ਹੈ ਪ੍ਰੰਤੂ ਕਵਿਤਾ ਕਾ ਢੰਗ ਸਭ ਸੰਗੀਤੋਂ ਕਾ ਜੁਦਾ ਜੁਦਾ ਹੈ ਕਿਸੀ ਮੇਂ ਤੋ ਇਬਾਰਤ ਹੈ ਔਰ ਕਿਸੀ ਮੇ ਛੰਦਾ ਬੰਦੀ, ਮਗਰ ਛੰਦ ਰਚਨਾ ਇੰਨ ਬਿੰਨ ਕਿਸੀ ਕੀ ਭੀ ਨਹੀ ਸੋ ਇਸੀ ਤਰਹਿ ਸੇ ਸਰਬ ਬੇਦ, ਸ਼ਾਸਤ੍ਰਾ ਦੀ, ਕਾਵ੍ਯ ਕੋਸਾਦੀ, ਪੁਨਾ ਸੰਗੀਤਾ ਦੀ, ਸਰਬ ਦਾ ਸਾਰ ਰੂਪ (ਸ੍ਰੀ ਗੁਰੂ ਗ੍ਰੰਥ ਸਾਹਿਬ) ਜੀ ਕੀ ਭੀ ਛੰਦ ਰਚਨਾ ਆਦਿ ਸੇ ਅੰਤ ਪ੍ਰਯੰਤ "ਰਾਗਮਾਲਾ" ਤਕ ਸਭ ਸੇ ਅਲਹਿਦਾ ਢੰਗ ਕੀ ਹੀ ਹੈ ਸੋ ਇਸੀ ਤੇ ਸਭ ਸਾਹਿਬੋ ਕੀ ਦ੍ਰਿਸ਼ਟੀ ਗੋਚਰ ਚੰਦ "ਰਾਗਮਾਲਾ" ਭੀ ਕੀ



Sri Satguru Jagjit Singh Ji eLibrary NamdhariElibrary@gmail.com

ਜਾਤੀ ਹੈ, ਆਪ ਇਨ ਬਿਨਤਾ ਦੇਖ ਲੇਂ ॥

ੴ ਸਤਿਗੁਰ ਪ੍ਰਸਾਦਿ ॥

ਅਥ ਰਾਗਮਾਲਾ ਬਰਨਨੰ ਮਾਧਵ ਨਲਸੰਗੀਤ ਸੇ

ਸੋ: ॥ ਪ੍ਰਥਮੇ ਭੈਰਵਰਾਗਪੰਚ ਬਰੰਗਨ ਅਸਟਸੁਤ ॥ ਜਾਕੇ ਮਸਤਕ ਭਾਗ ਜਾਨਤ ਸੁ ਕਵਰਾਜ ਭਨ ॥੯੮॥
ਦੋ: ॥ ਬੰਗਾਲੀ ਪੁਨ ਭੈਰਵੀ ਅਸਨੇਹੀ ਸੁ ਉਚਾਰ ॥

ਪੁੰਨਜਾਕੀ ਬਿਲਾਵਲੀ ਏ ਭੈਰਵ ਕੀ ਨਾਰ ॥੯੯॥ ਅੜੱਲ ॥ ਬਰਬਲ ਔ ਬੰਗਾਲ ਬਖਾਨਨਿ ਕੀਜਿਯੈ ॥ ਪੰਚਮ ਮਧਪੁਨ ਹਰਖਤਿ ਲਲਤ ਭਨੀਜੀਯੈ ॥ ਮਾਧਵ ਔ ਦੇਸਾਖ ਬਿਲਾਵਲ ਜਾਨੀਯੈ ॥ ਹੋ ਅਸਟ ਪੁਤ੍ਰ ਸੁਭ ਭੈਰਵਰਾਗ ਬਖਾਨੀਯੈ ॥੧੦੦॥ ਪੁਨਹਾ ॥ ਅਨਦ ਬਹੁਲਾ ਜਾਨ ਕੁੰਭਾਰੀ ਭਾਖੀਯੈ ॥ ਧੌਲਸਿਰੀ ਚਾਰਸਟੀ ਸੂਹਬ ਲਾਖੀਯੈ ॥ ਸੂਹ ਬਿਲਾਵਲ ਜਾਨ ਕੁੰਭਾਰੀ ਮਾਨਰੇ ॥ ਭੈਰਵ ਸੁਤਕੀ ਨਾਰਿ ਸੁਘਰ ਪਹਿਚਾਨਰੇ ॥੧੦੧॥ ਇਤਿ ਭੈਰਵ ॥ ਅਥ ਮਾਲ ਕੌਸ ਬਰਨਨੰ ॥ ਦੋਹਰਾ ॥ ਮਾਲ ਕੌਸ ਦਾਰਾ ਸਹਿਤ ਸੁਤ ਨਾਰਨ ਕੈ ਸੰਗ ॥ ਕਾਮ ਕੰਦਲਾ ਮੁਖਰਟਤ ਬਾਜਤ ਤਾਲ ਮੁਚੰਗ ॥੧੦੨॥ ਗੌੜ ਸਿਰੀ ਗੰਧਾਰਨੀ ਅੰਧਾ ਕੀ ਗਾਵੰਤ ॥ ਸੀਹਠ ਔਰ ਧਨਾਸਿਰੀ ਪਾਚੋ ਨਾਰ ਭਣੰਤ ॥ ੧੦੩ ॥ ਚੌਪਈ ॥ ਚੰਦ੍ਰਕਾਸ ਮਿਸਟਾਂਗ ਬਖਾਨੋ ॥ ਖੋਖਰ ਭਵਰ ਮਿਵਾਰਕ ਜਾਨੋ ॥ ਨੰਦਨ ਮ੍ਰਾਰੂ ਕੌਸਕ ਲਹਿਯੈ ॥ ਮਾਲ ਕੌਸਕੇ ਨੰਦਨ ਕਹਿਯੈ ॥੧੦੪॥ਦੋ:॥ ਭੀਮ ਪਲਾਸੀ ਕਬੂ ਗਨ ਧ੍ਰੰਸੀ ਬੁਰਕਾ ਜਾਨ॥

ਜੈਤ ਸਿਰੀ ਕਾਮੋਦਨੀ ਖਸਟ ਚੇਰਕਾ ਮਾਨ ॥੧੦੫॥ ਇਤੀ ਮਾਲਕੌਸ ॥ ਅਥ ਹਿੰਡੋਲ ਬਰਨਨੰ॥ਸੋ:॥ ਗਾਵਤ ਰਾਗ ਹਿੰਡੋਲ ਪੰਚ ਬਰੰਗਨ ਕੰਦਲਾ ॥ ਲੋਚਨ ਮੋਲ ਅਮੋਲ ਬਾਜਤ ਤਾਲ ਮਿਚੰਗਧੁਨ ॥ ੧੦੬॥ ਚੋ:॥ ਤੈਲੰਗੀ ਔ ਸਿੰਧੂਰੀ ਦੇਵਗਿਰੀ ਪਹਿਚਾਨ ॥ ਬਾਸੰਤੀ ਆਭਾਰਿਆ ਨਾਰਿ ਹਿੰਡੋਲੇ ਜਾਨ ॥ ੧੦੭॥ ਅੜਿਲ ॥ ਚੰਦ੍ਰ ਬਿੰਬ ਸੁਭਰਾਗ ਬਸੰਤ ਸੁਜਾਨੀਯੈ ॥ ਬਰਧਨ ਮੰਗਲ ਰਾਗ ਬਿਨੋਦ ਸੁਠਾਨੀਯੈ ॥ ਸਰਸ ਬਾਨ ਕਾ ਮੋਦ ਕਵੀ ਮੁਖ ਕਹਿਤ ਹੈ ॥ ਹੋਕਾਮ ਕੰਦਲਾ ਨਾਰਿ ਸਤੀਸੁਰ ਲਹਿਤ ਹੈ ॥੧੦੮॥ਦੋ:॥ ਪੂਰਬੀ ਤਿਵਰਨਿ ਰਹਬ ਪੁਨਿ ਨੀਲਾਵਤ ਏਜਾਨ ॥ ਕੇਸੂਵੀ ਪਾਰੇਵਿਯਾ ਪੁਰਿਯਾ ਸਹਚਰਮਾਨ ॥੧੦੯॥ ਇਤੀ ਹਿੰਡੋਲ ॥ ਅਥ ਦੀਪਕ ਬਰਨਨੰ ॥ਸੋਰਠਾ॥ ਦੀਪਕਰਾਗ ਅਨੂਪ ਕਾਮ ਕੰਦਲਾ ਰਟਤ ਮੁਖ ॥ ਸੁੰਦ੍ਰ ਤੀਸਰ ਰੂਪ ਮਾਧਵ ਬੂਝਤ ਸਕੱਲ ਸੁਰ ॥੧੧੦॥ ਪਟ ਮੰਜਰ ਕਾਮੋਦਕ ਛੇਲੀ ਰਾਗਨੀ ॥ ਟੋਡੀ ਕਰਤ ਅਲਾਪ ਜ਼ੁਲਫ਼ ਜਿਹ ਨਾਗਨੀ ॥ ਅਵਰ ਗੂਜਰੀ ਜਾਨ ਸੁ ਦੀ ਸਤ ਸੁੰਦਰੀ ॥ ਹੋ ਨਿਰਤ ਕਰਤ ਕਰ ਬੀਚ ਬਿਰਾਜਤ ਮੁੰਦ੍ਰੀ ॥੧੧੧॥ਦੋ:॥ ਕਮਲ ਕੁਸਮ ਸਤ ਰਾਮ ਰਟ ਕੁੰਤਲ ਚੰਪਕ ਜਾਨ ॥ ਲਹਲ ਕੁਲੰਗ ਹੇ ਮਾਲ ਸੁਭ ਦੀਪਕ ਸੁਤ ਏਹ ਮਾਨ ॥੧੧੨॥ ਅੜਿਲ॥ ਏਮਨ ਸੁਜਾਤ ਕੁਮਾਰ ਮਗਾਲ ਬਖਾਨਹੀ ॥ ਜੈਜਾਵੰਤੀ ਜਾਨ ਹੰਬੀਰੀ ਠਾਨਹੀ ॥ ਰੁਦ੍ਰਾਨੀ ਸੁਰਸਾਥ ਸੁਗਾਵਤ ਚੰਚਲਾ॥

ਹੋ ਨਾਚਤ ਨਾਰ ਸੁਧਾਰ ਸੁ ਤਨਕੇ ਅੰਚਲਾ ॥੧੧੩॥ ਇਤੀ ਦੀਪਕ ॥ ਅਥ ਸਿਰੀਰਾਗ ਬਰਨਨੰ ॥ ਸਿਰੀਰਾਗ ਸੰਗ ਭਾਰਜਾ ਨੰਦਨ ਪ੍ਰਿਆ ਸੁ ਗਾਏ ॥ ਬਾਜਤ ਤਾਲ ਤੰਬੂਰੁ ਬਹੁ ਸੁਨਰੀਝਤ ਸੁਰਗਾਏ ॥੧੧੪॥ ਬੈਰਾਟੀ ਕਰਨਾਟਿਯਾ ਗੌਰੀ ਸਿੰਧਵੀ ਜਾਨ ॥ ਰਾਮਕਲੀ ਸਾ ਬੇਰਿਆ ਸਿਰੀ ਰਾਗ ਕੀ ਮਾਨ ॥੧੧੫॥ਦੋ:॥ ਸਿੰਧੂ ਮਾਲਵ ਗੌਰ ਗਜ ਗੁਨ ਸਾਗਰ ਗੰਭੀਰ ॥ ਕੁੰਭ ਕਲਿਯਾਨ ਪੁਨ ਭਾਖੀਯੈ ਔਰ ਹਬੀਰ ਸੁਧੀਰ ॥੧੧੬॥ਅੜਲ॥ ਕੁੰਭੀ ਕੁਹਰ ਸੁਜਾਨ ਸਰਸਤੀ ਗਾਵਹੀ ॥ ਬੱਛ ਧਨੰਛੀ ਮਾਨ ਸੁਹੰਸੀ ਭਾਵਹੀ ॥ ਮਾਲ ਸਿਰੀ ਸਸਰੇਖਾ ਗਾਵਤ ਅੰਗਨਾ॥

ਹੋ ਸੋਚ ਸੰਕੋਚ ਬਿਚਾਰਕਰਤ ਸੁਰਭੰਗਨਾ ॥੧੧੭॥ ਇਤੀ ਸਿਰੀ ਰਾਗ ॥ ਅਥ ਮੇਘ ਰਾਗ ਬਰਨਨੰ ॥ਦੋ:॥ ਮੇਘ ਰਾਗ ਗਾਵਤ ਸੰਕੋਚ ਕਾਂਮ ਕੰਦਲਾ ਬਾਮ ॥ ਕੁਟਲਅਲਿਕ ਮੁਖਪਰ ਛੂਟੀ ਮਾਨੋ ਅਹਿਜੁਗ ਸਯਾਮ ॥੧੧੮॥ਪੁਨਹਾ॥ ਸੋਰਠ ਸੂਹਬ ਨਾਰ ਮੇਘ ਕੀ ਜਾਨੀਯੈ ॥ ਅਸਾਵਰੀ ਮਲਾਰੀ ਕੁੰਕਨ ਠਾਨੀਯੈ ॥ ਕਾਮ ਕੰਦਲਾ ਨਾਰਿ ਰਾਗ ਖਟ ਗਾਇਕੈ ॥ ਮਾਧਵ ਜੂਕੋ ਚਿਤ ਸੁਲਯੋ ਚੁਰਾਇਕੈ ॥੧੧੯॥ ਸੋ: ॥ ਨਟ ਮਾਰਗ ਪੁਨ ਕਾਨਰਾ ਗੌਡ ਮਲਾਰ ਬਖਾਨ ॥ ਜਲਧਰ ਸੰਕਰ ਭਰਨ ਕਹ ਔਰ ਕਿਦਾਰਾ ਠਾਨ । ਚੌਪਈ । ਸ੍ਰੀ ਪਰਜ ਕੋਲਾਨੀ ਧੀਰਾ ॥ ਕਾਦੰਬ੍ਰ ਨਟ ਮਾਹੀ ਬੀਰਾ ॥ ਕਦੂਮ ਪਹਾਰ ਹੰਬੀਰੀ ਜਾਨ ॥ ਕੋਲਾਹਲਏ ਚੇਰੀ ਠਾਨ ॥ ਇਤ ਸ੍ਰੀ ਰਾਗਮਾਲਾ

॥ਚੌਪਈ॥ ਸੰਮਤ ਅਠਦਸ ਸਹਿਸ ਭਣਿੰਜੇ ॥ ਤੀਸਸਪਤ ਤਹਿ ਉਪਰਦਿਜੇ ॥ ਵਦੀ ਅਸਾੜ ਥਿਤ ਪੜਵਾ ਲਹੀਏ ॥ ਪੂਰਨ ਕਥਾ ਭਈ ਚਿਤ ਚਹੀਏ ॥ ਅਥ ਕਵੀ ਅਸਥਾਨ ਗ੍ਰਿਹਿ ਬਰਨਨੰ ॥



Sri Satguru Jagjit Singh Ji eLibrary NamdhariElibrary@gmail.com

ਦੋਹਿਰਾ ॥ ਦੇਸਮਾਲਵਾ ਕੇ ਵਿਖੇ ਪੁਰਤਲਵੰਡੀ ਨਾਮੁ ॥
ਸ੍ਰੀ ਦਮਦਮਾ ਢਿਗ ਬਸਤ ਸਤਿਗੁਰ ਕੋ ਅਸਥਨਾ ॥

ੴ ਸਤਿਗੁਰ ਪ੍ਰਸਾਦਿ ॥

(ਅਥ ਰਾਗਮਾਲਾ ਕਵਲਛੀ ਰਾਮ)

ਚੌਪਈ ॥ ਪ੍ਰਿਥਮ ਰਾਗ ਭੈਰਵ ਪ੍ਰਮਾਨ ॥ ਜਾਕੀ ਪੰਚ ਬਰੰਗਨ ਠਾਨ ॥ ਅਥ ਪੰਚ ਭਾਰਜਾ ॥ ਬੰਗਾਂਲੀ ਭੈਰਵੀ ਸਰੂਪ ॥ ਅਬਿਲਾਵਲੀ ਅਤਿਹ ਅਨੂਪ ॥ ਪੁੰਨਜਾਕੀ ਪੁਨ ਪਰਮ ਪ੍ਰਬੀਨੀ ॥ ਅਸਨੇਹੀ ਪਤਕੇ ਸੰਗ ਭੀਨੀ ॥ ਆਠਪੁੱਤ੍ਰ ਬਰਨਨੰ ॥

ਲਾਇਕ ਸੁਤ ਬੰਗਾਲ ਬਖਾਨੈ ॥ ਪੰਚਮ ਮਧ ਅਰ ਹਰਖਹ ਜਾਨੈ ॥ ਅਰ ਦੇਸਾਖ ਲਲਤ ਸੰਗ ਸੋਹੈ ॥ ਬੇਲਾਵਲ ਮਾਧਵ ਮਨ ਮੋਹੈ ॥ ਅਬ ਭੈਰਵ ਪੁਤ੍ਰਦਾਰਾ ॥ ਅਨੰਦ ਬਹੁਲਾ ਅਰ ਕੁੰਭਾਰੀ ॥ ਚਾਰਾਸਟ ਸੁੰਦ੍ਰ ਸੁਕੁਮਾਰੀ ॥ ਸੂਹਾਂ ਬਿਲਾਵਲੀ ਬਖਾਨੋ ॥ ਧੌਲਸਿਰੀ ਤਾਂਕੇ ਸੰਗ ਜਾਨੋ ॥ ਸੂਹਬ ਬਹੁਲਾ ਅਰ ਕੁੰਭਾਰਾ ॥ ਏਹ ਆਠੋ ਭੈਰੋ ਸੁਤਦਾਰਾ ॥ ਇਤੀ ॥ (ਅਥ ਮਾਲਕੌਸ) ਚੌਪਈ ॥ ਮਾਲਕੌਸ ਰਾਗਸੁਨ ਲੇਹੁ ॥ ਗੌੜਸਿਰੀਸੋਂ ਜਾਂਕੋਨੇਹੁ ॥ ਗੰਧਾਰਨੀ ਸੀਹਠੀ ਪਿਜਾਰੀ ॥ ਅੰਧਾਕੀ ਧਨਾਸਿਰੀ ਨਾਰੀ ॥ (ਪੁਤ੍ਰਨਾਮ) ਤਾਂਕੋ ਸੁਤ ਸੁਨ ਮਾਰੂਰਾਗ ॥ ਮੇਵਾਰਕ ਬਰਬਲ ਬਡ ਭਾਗ ॥ ਅਰ ਮਿਸਟਾਂਗ ਕਹਤ ਮੁਖ ਸੋਹੈ ॥ ਚੰਦ੍ਰਕਾਂਸ ਭਵਰ ਮਨ ਮੋਹੈ ॥ ਨੰਦਨ ਮਾਲਕੌਸ ਕੋ ਨੰਦਨ ॥ ਖੋਖਰ ਸੁਨਤ ਚਲਤ ਨਹਿ ਸਯੰਦਨ ॥ (ਅਥ ਪੁਤ੍ਰ ਦਾਰਾ) ਸਦਜਰੈ ਭੀਮ ਪਲਾਸੀ ਸੁਨੀ ॥ ਜੈਤ ਸਿਰੀਕਾਮੋਦਨ ਗੁਨੀ ॥ ਕੱਬੂ ਗਨਤ ਸਾਥਹੈ ਧੰਸੀ ॥ ਬੁਰਕਾ ਮੋਹਤ ਹੈ ਜੋ ਬੰਸੀ ॥੨॥ ਇਤਿ॥ (ਅਥ ਹਿੰਡੋਲ ਦਾਰਾ ਸੁਤ ਬਹੂਨਾਮ ਚੌਪਈ ॥ ਤ੍ਰਿਤੀਏ ਸੁਨਹੁ ਰਾਗ ਹਿੰਡੋਲ ॥ (ਅਥ ਦਾਰਾ) ਤੈਲੰਗੀ ਸੋਂ ਕਰੇ ਕਲੋਲ ॥ ਦੇਵਗਰੀ ਬਾਸੰਤੀ ਸੰਗਨ ਸਿੰਧਰੀ ਆਭਾਰੀ ਅੰਗਨ ॥ (ਪੁੱਤ੍ਰ ਨਾਮ) ਤਾਕਉ ਬੇਟਾ ਮੰਗਲ ਜਾਨੋ ॥ ਚੰਦਰ ਬਿੰਬ ਸੁਭਰਾਗਬਖਾਨੋ ॥ ਆਨੰਦਸੋ ਬਿਭਾਸ ਸੁਨਾਵਹੁ ॥ ਬਰਧਨ ਅਰ ਬਾਸੰਤ ਪੁਨ ਗਾਵਹੁ ॥ ਔਰ ਬਿਨੋਦ ਰਾਗ ਸੁਨ ਸਾਥ ॥ ਜਾਂਕੋ ਸੁਨ ਰੀਝੇ ਸੁਰ ਨਾਥ ॥ (ਪੁਤ੍ਰ ਦਾਰਾ) ਪੁਰਬੀ ਤਿਰਵਨ ਦੂਆਰੀਕਹੀ ॥ ਪਰੇਵੀ ਪੂਰੀ ਅਸ ਸਹੀ ॥ ਰਹਬ ਸੁ ਨੀਲਾਵਤੀ ਬਖਾਨੀ ॥ ਕੇਸਰਬੀ ਆਠੋ ਸਮ ਜਾਨੀ ॥੩॥ ਇਤਿ ॥ (ਅਬ ਦੀਪਕ ਦਾਰਾ ਪੁੱਤ੍ਰਨਾਮ) ਚੌਪਈ ॥ ਚੌਥੇ ਦੀਪਕ ਰਾਗਬਖਾਨੋ ॥ (ਭਾਰਜਾਨਾਮ) ਕਾਮੋਦੀ ਪਟ ਮੰਜਰ ਜਾਨੋ ॥ ਟੋਡੀ ਗੂਜਰ ਅਰ ਕਾਛੇਲੀ ॥ ਪਾਂਚ ਦੀਪਕ ਨਾਰ ਸੁਹੇਲੀ ॥ (ਪੁੱਤ੍ਰਨਾਮ) ਕਮਲ ਕੁਸਮ ਸਤ ਰਾਮ ਪਯੰਪੋ ॥ ਕੁੰਤਲ ਕੁਲਗ ਲਹਲ ਮੁਖ ਜੰਪੋ ॥ ਚੰਪਕ ਅਰ ਹੇਮਾਲੇ ਰਾਗ ॥ ਜੋ ਜਾਨੇ ਤਾਕੇ ਬਡ ਭਾਗ ॥ (ਪੁੱਤ੍ਰ ਭਾਰਜਾ) ਏਮਨ ਜੈਜਾਵੰਤੀ ਬਨੀ ॥ ਹੰਬੀਰੀ ਔ ਸੁਜਤ ਸੁਹਨੀ ॥ ਅਰ ਕੁਮਾਰ ਮੰਗਾਲ ਮਨੋਹਰ ॥ ਰੁਦ੍ਰਾਨੀ ਚਿਤ ਏਤ ਲੇਤ ਹਰ ॥ ਇਤਿ ॥ ਅਥ ਸਿਰੀ ਰਾਗ ਦਾਰਾ ਸੁਤ ਦਾਰਾਨਾਮ ॥ਚੌਪਈ॥ ਸਿਰੀ ਰਾਗਕੀ ਰਾਗਨ ਜੋਰੀ ॥ ਬੈਰਾਟੀ ਕਰਨਾਟੀ ਗੌਰੀ ॥ ਸਾਬੇਰੀ ਰਾਮ ਕਲੀਨਾਰ॥ ਔਰ ਸਿੰਘਨੀ ਕਹੋਂ ਪੁਕਾਰ (ਪੁੰਤ੍ਰਦਾਰਾ) ਸਿੰਧੁਮਾਲਵ ਗੌਰ ਗੰਭੀਰ ॥ ਗੁਰ ਸਾਗਰ ਔ ਬਗਰ ਸੁਧੀਰ ॥ ਪੁਨ ਕਲਜਾਨ ਕੁੰਭ ਗਜਰਾਗ ॥ ਜਾਂਕੇ ਸੁਨੇ ਜਾਤ ਦੁਖ ਤਜਾਗ ॥ ਹੰਸੀ ਬਛ ਧਨੰਛੀ ਕਹੀ ॥ ਕੁੰਭੀ ਕੁਹਰਮ ਅਨੰਦੀ ਸਹੀ ॥ ਸਸਿਰੇਖਾ ਸਰਸ੍ਵਤੀ ਗਨੋ ॥ ਮਾਲ ਸੁਰਸਤੀ ਦੂਖ ਸਭਹਨੋ ॥ ਇਤਿ (ਅਥ ਮੇਘ ਰਾਗ ਦਾਰਾਪੁਤ੍ਰ ਦਾਰਾ ਨਾਮ) ਛਠਵ ਮੇਘ ਰਾਗ ਅਤ ਸੋਹੈ ॥ਭਾਰਜਾਨਾਮ॥ ਮਲਾਰੀ ਸੋਰਠ ਮਨ ਮੋ ਹੈ ॥ ਸੂਹਬ ਆਸਾਵਰੀ ਸੁਨੀਕੀ ॥ ਪੁਨਿ ਕੁੰਕਨੀ ਏ ਪਾਚੋ ਪੀਕੀ ॥ ਪੁਤ੍ਰ ਨਾਮ ਨਟ ਕਾਨਰਾ ॥ ਔ ਸਾ ਰਾਗ ਗਨੋ ਕੇਦਾਰਾ ॥ ਗੌਂਡ ਮਲਾਰ ਜਲੰਧਰ ਜਪੈ ॥ ਸੰਕਰਾ ਭਰਨਾ ਅਸਮ ਥਪੈ ॥ ਪੁਤ੍ਰ ਦਾਰਾ ਨਾਮ ॥ ਪਰਜ ਕੂਲਾਨੀ ਅਰ ਹੰਬੀਰ॥ਕੋਲਾਹਲ ਕਦੰਬਰੀ ਧੀਰ ॥ ਅਰ ਕਦੂਮ ਨਟ ਸੰਗ ਪਹਾਰੀ ॥ ਮਾਹੀ ਖਟ ਦਸ ਅੰਗ ਸਿੰਗਾਰੀ ॥ ਦੋਹਰਾ ॥ ਰਾਗ ਰਾਗ ਸੰਗ ਪਾਂਚ ਤ੍ਰਿਅ ਅਠ ਸੁਤ ਬਨਤਾ ਤਾਸ ॥ ਸਿਰੀ ਰਾਗ ਕੇ ਤੀਨ ਬਢਿ ਜਾਂਕੇ ਅਧਿਕ ਉਲਾਸ ॥੭॥ ਜਿਤੇ ਰਾਗ ਔ



Sri Satguru Jagjit Singh Ji eLibrary NamdhariElibrary@gmail.com

ਰਾਗਨੀ ਨਾਮ ਕਹੇ ਮਨ ਲਾਇ ॥ ਭਿੰਨ ਭਿੰਨ ਤਿਹ ਬਿਧ ਕਹੌਂ ਗ੍ਰੰਥਨ ਦੀਓ ਬਤਾਇ ॥ ਇਤਿ ਸ੍ਰੀ ਦਿਵਾਨ ਲਛੀ ਰਾਮ ਪਰਮ ਧਰਮੱਗਤ ਬੁਧ ਪ੍ਰਕਾਸ ਦਰਪਨ ਕਥਨ ਮੱਲ ਭਾਏ ਜਥ ਪ੍ਰਤਿ ਬ੍ਰਨਨ ਨਾਮ ਦੂਤੀ ਪ੍ਰਭਾਵ : ॥ ਦੋ: ਸੰਮਤ ਦਸ ਅਰ ਸਾਤ ਸੈ ਅਠਤੀ ਹੈ ਸੰਗ ਤਾਸ ॥ ਬੁਧ ਪ੍ਰਕਾਸ ਦਰਪਨ ਸੁਨੋ ਗੁਨੀ ਜਨ ਕਰੋ ਪ੍ਰਕਾਸ ॥

ੴ ਸਤਿਗੁਰ ਪ੍ਰਸਾਦਿ ॥

ਏਹ ਰਾਗਮਾਲਾ ਹੈ ਜਿਸਨੂੰ ਆਲਮ ਦੀ ਕਹਿੰਦੇ ਹਨ ॥ ਦੋਹਰਾ ॥ ਬਾਜਹਿ ਸ੍ਰਬ ਸੰਗੀਤ ਗਤਿ ਤੰਤਉਤੰਤਘਨਤਾਲ । ਬਹੁਰ ਅਲਾਪਹਿਰਾਗ ਖਟ ਪੰਚ ਪੰਚ ਸੰਗ ਬਾਲ ॥੩੩॥ ਚੌਪਈ ॥ ਪ੍ਰਿਥਮ ਰਾਗ ਭੈਰਵ ਵੈ ਕਰਹੀ ॥ ਪਾਂਚੋ ਕਾਮਨ ਮੁਖੋ ਉਚਰਹੀ ॥ ਪ੍ਰਿਥਮ ਭੈਰਵੀ ੧ ਬਿਲਾਵਲੀ ੨ ॥ ਪੁਨਹ ਕੀ ੩ ਗਾਵਹ ਬੰਗਲੀ ੪ ॥ ਫੁਨ ਅਸਲੋਹਕੀ ੫ ਭੈਵਾਗੀ ॥ ਏਹ ਭੈਰੋਂ ਕੀ ਪਾਂਚੋ ਨਾਰੀ ॥ ਏਹ ਭੈਰੋ ਰਾਗ ਕੀ ਇਸਤ੍ਰੀ ॥ ਦੇਸਕਾਰ ਮਾਧਵ ਤਿਹ ਕੀਨਾ ॥ ਲਲਤ ੧ ਬਿਲਾਵਲ ੨ ਤਿਨ ਪੈ ਚੀਨਾ ॥ ਵੰਗਾਲੀ ੩ ਹਰਆਵਲ ਕਰਹੀ ੪ ॥ ਕਰ ਬਿਹਾਗੁ ੫ ਮਧੁ ਗੁਨ ਸੰਚਰਹੀ ੬ ॥ ਪਰਭਾਤੀ ੭ ਬਿਲਾਵਲੀ ਮੁਲਤਾਨੀ ਰਹੀ ੮ ॥ ਏਹ ਭੈਰੋ ਕੀ ਪੁਤ੍ਰੀ ਕਹੀ ॥ ਸੋਰਠਾ ॥ ਮਾਲਕੌਸ ਫੁਨਕੀਨਪੰਚ ਵਰੰਗਨ ਸੰਗ ਲੈ ॥ ਐ ਸੁਤ ਆਠ ਪ੍ਰਬੀਨ ਕਾਮਕੰਦਲਾ ਮੁਹ ਕਹੈ ॥ ੩੪ ॥ ਚੌਪਈ ॥ ਗੁਡਤ ਗਿਰੀ ਪਾਛੇ ਅਲਾਪੀ ੧ ॥ ਦੇਵ ਗੰਧਾਰੀ ਤਿਹ ਪਰ ਥਾਪੀ ੨ ॥ ਜਥਾ ਸੀਹਠੀ ਤੇ ਵੈ ਕਰਹੀ ੩ ॥ ਅੰਧਾਰੀ ਸਾਂਘੇ ਸੰਚਰਹੀ ੪ ॥ ਧਨਾਸਰੀ ਪਾਛੇ ਤਿਨ ਕੀਨਾ ॥ ੫ ਮਾਲਕੌਸ ਸੰਗ ਪਾਚੋ ਚੀਨਾ ॥ ਮਾਰੂ੧ ਮਿਸਟ ੨ ਮੇਵਾਰਾ ੩ ॥ ਵਰਵਲ ਚੰਦ ੪ ਉਕਾਸਿਉ ਭਾਰਾ ੫॥ ਖੋਖਰ ਅਰ ਭਵਰਾਨੰਦ ਆਏ॥ ਮਾਲਕੌਸ ਸੰਗ ਆਠੋ ਸੁਤ ਗਾਏ॥

ਸੋਰਠਾ ॥ ਫੁਨ ਆਇਓ ਹਿੰਡੋਲ ਪੰਚ ਨਾਰ ਸੰਗ ਅਸਟਸੁਤ ॥ ਉਪਜਹ ਤਾਨ ਕਲੋਲ ਗਾਵਹਿ ਤਾਨ ਮਿਲਾਇਕੈ ੩੫ ॥ ਚੌਪਈ ॥ ਤਿਲੰਗੀ ੧ ਦੇਵਗਰੀ ੨ ਅਬ ਆਈ ॥ ਬਸੰਤੀ ੩ ਸੰਧੂਰੀ ਸਹਾਈ ੪ ॥ ਸਰਸ ਅਹੀਰੀ ੫ ਲੈ ਆਰਜਾ ॥ ਸੰਗ ਆਈ ਪਾਂਚੋ ਭਾਰਜਾ ॥ ਏਹ ਹਿੰਡੋਲ ਕੀ ਇਸਤ੍ਰੀ ॥ ਸੁਰਮਾਨੰਦ ੧ ਭਸਕਰ ਆਏ ੨ ॥ ਚੰਦ੍ਰਾ ਬਿੰਬ ਮੰਗਲਾ ਸੁਹਾਏ ੩ ॥ ਪੰਚਵਾਨ ੪ ਅਰੁਵਾਰ ੫ ਬਿਨੋਦਾ ੬ ॥ ਗਾਵਹੁ ਸੰਗਸ ਬਸੰਤ ਕਮੋਦਾ ੮ ॥ ਅਸਟ ਪੁਤ੍ਰ ਉਨ ਕਹੇ ਸਵਾਰੀ ॥ ਫੁਨ ਆਈ ਦੀਪਕ ਕੀ ਬਾਰੀ ॥ ਦੋਹਰਾ ॥ ਕਛੇਲੀ ੧ ਪਟ ਮੰਜਰੀ ੨ ਟੋਡੀ ੩ ਕਹੀ ਅਲਾਪ ॥ ਕਾਮੋਦੀ ੪ ਅਰੁ ਗੂਜਰੀ ੫ ਸੰਗ ਦੀਪਕ ਕੇ ਥਾਪ ॥ ੩੬ ॥ ਚੌਪਈ ॥ ਕਾਲਿੰਗੀ ੧ ਕੁੰਤਲ ੨ ਅਰੁ ਰਾਮਾ ੩ ॥ ਕਾਮ ੪ ਲੋਕ ੫ ਸੁਤ ਪੰਚਕ ਨਾਮਾ ॥ ਗੌਰੀ ੬ ਅਰੁ ਕਾਨਰਾ ੭ ਕਲਿਆਨਾ ੮ ॥ ਅਸਟ ਪੁਤ੍ਰ ਦੀਪਕ ਕੇ ਜਾਨਾ॥ ਪੰਚਸ ਸਿਰੀ ਰਾਗ ਵੈ ਗਾਵਹਿ ॥ ਪਾਂਚੋ ਸੰਗ ਰਾਗਨੀ ਲਿਆਵਹਿ ॥ ਬੈਰਾਟੀ ੧ ਕਰਨਾਟੀ ਧਰੀ ੨ ॥ ਗੌਰੀ ਗਾਵਹਿ ੩ ਆਸਾਵਰੀ ੪ ॥ ਪੁਨ ਪਾਛੈ ਸਿੰਧਵੀ ਅਲਾਪੀ ੫ ॥ ਸਿਰੀ ਰਾਗ ਸੰਗ ਪਾਂਚੋ ਥਾਪੀ ॥ ਦੋਹਰਾ ॥ ਮਾਲਵ ੧ ਸਾਰੰਗ ੨ ਸਰਸਜਬ ੩ ਅਰ ਅਗੰਡ ੪ ਗੰਭੀਰ ੫ ॥ ਅਸਟ ਪੁਤ੍ਰ ਸ੍ਰੀ ਰਾਗ ਕੇ ਗੌੜ ੬ ਕੁੰਭ ੭ ਹੰਮੀਰ ੮ ॥੩੭॥ ਚੌਪਈ ॥ ਖਸਟਮ ਮੇਘ ਰਾਗ ਵੈ ਕਰਹੀ ॥ ਪਾਂਚੋ ਕਾਮਨ ਮੁਖੋ ਉਚਰਹੀ ॥ ਸੋਰਠ ੧ ਗੌਂਡ ੨ ਮਲਾਰੀ ਧੁਨੀ ੩ ॥ ਫੁਨ ਗਾਵਹੁ ਆਸਾ ਕੁਕਨੀ ੪ ॥ ਊਚੇ ਸੁਰ ਫੁਨ ਸੂਹੋ ਕੀ ਕੀਨੀ ੫ ॥ ਮੇਘ ਰਾਗ ਸੰਗ ਪਾਂਚੋ ਚੀਨੀ ॥ ਬੈਰਾਟੀ ੧ ਰੰਗਜੰਧਰ ੨ ਕੇਦਾਰਾ ੩ ॥ ਲੀਜੀਧਰ ੪ ਨਟ ਜਲ ੫ ਅਰੁ ਧਾਰਾ ੬ ॥ ਫੁਨ ਗਾਵਹੁ ਸੰਕਰ ੭ ਅਰੁ ਸਿਆਮਾ ੮ ॥ਮੇਘ ਰਾਗ ਪੁਤ੍ਰ ਕੇ ਨਾਮਾ ॥ ਦੋਹਰਾ ॥ ਖਸਟ ਰਾਗਉਨ ਮਿਲਕਹੇ ਸੰਗ ਰਾਗਨੀ ਤੀਸ ॥ ਸਬੈ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ ॥੩੮॥ ਚੌਪਈ ॥ ਗਏ ਰਾਗ ਸਭਹੀਨਸ ਚੀਤਾ ॥ ਫੁਨ ਓਇ ਮੁਖੋ ਉਘਟਹਿ ਸੰਗੀਤਾ ॥ ਰੰਗ ਭੂਮ ਬਹੁ ਭਾਂਤ ਸਵਾਰੀ ॥ ਤਾਲ ਮਿਲਾਇ ਕਰੈ ਪੈਤਾਰੀ ॥ ਦੀਵਟ ਦੀਵ ਜਰਹਿ ਬਹੁ ਭਾਤੀ ॥ ਬਹੁਤ ਮਿਸਾਲ ਮੈਨ ਕੀ ਵਾਤੀ ॥ ਅੰਤਰਿ ਔਟ ਪਛੋਰਾ ਦੀਨੀ ॥ ਪੁਹਪ ਅੰਜਰੀ ਦੁਹ ਕਰ ਲੀਨੀ ॥ ਸਬ ਮਿਲ ਸਿਰੀ ਰਾਗ ਮੈ ਗਾਵਹਿ ॥ ਸੰਗਰੇ ਗਉਰ ਗਨੇਸ ਮਨਾਵਹਿ ॥ ਇਸ ਗ੍ਰੰਥ ਮੇਂ ਹੀ ਸੰ: ੯੯੧ ਲਿਖਾ ਹੈ ॥ ਸੋ ਕਿਉਂ ਮਿਤ੍ਰ ਜੀ ਯਹ ਤੋ ਆਪਕੋ ਮਾਲੂਮ ਹੋ ਹੀ ਗਯਾ ਹੈ ਕਿ ਆਲਮ ਕਵੀ ੨੧ ਬਰਸ ਬੀੜ ਬੰਧਨੋਂ ਪਹਿਲੇ



Sri Satguru Jagjit Singh Ji eLibrary NamdhariElibrary@gmail.com

ਨਹੀ ਹੂਆ ਬਲਕਨ ੫੧ ਬਰਸ ਪੀਛੇ ਮੌਜ਼ਮ ਸ਼ਾਹਿ* ਸ਼ਾਹਜ਼ਾਦਾ ਦੇ ਪਾਸ ਹੂਆ ਹੈ ਅਤੇ ਇਨ ਬਿਨਤਾ ਦਾ ਬੀਚਾਰ ਭੀ ਆਪ ਕੋ ਤੀਨ ਰਾਗਮਾਲਾ ਲਿਖਕੇ ਦਸ ਦਿਤਾ ਹੈ ਜੋ ਸ੍ਰੀ ਗੁਰੂ ਸਾਹਿਬ ਜੀ ਦੀ ਰਚਿਤ "ਰਾਗਮਾਲਾ" ਹੀ ਉਸਨੇ ਲਿਖ ਦਿੱਤੀ ਹੋਗੀ ਭਲਾ ਜੇ ਫਿਰ ਭੀ ਕੋਈ ਹਠ ਧਰਮੀ ਭਾਈ ਕਹੈ ਜੋ ਇਨ ਬਿੰਨ ਹੋਨੇ ਤੇ ਹਮ ਸ੍ਰੀ ਗੁਰੂ ਰਚਿਤ ਨਹੀਂ ਮੰਨਦੇ ਤੋ ਮੈਂ ਪੂਛਤਾ ਹਾਂ ਜੇ ਕੋਈ ਹੋਰ ਬਾਣੀ ਬਿਸ਼ਨ ਪਦੇ ਵਗੈਰਾ ਗੁਰ ਬਾਣੀ ਦੇ ਇੰਨ ਬਿੰਨ ਹੋਨ ਤੋ ਕਿਆ ਵਹਿ ਗੁਰ ਬਾਣੀ ਭੀ ਗੁਰਬਾਣੀ ਨਹੀ ਜੇ ਐਸੇ ਆਪ ਕਹੇ ਕਿ ਹਾਂ, ਤੋ ਐਸੇ ਬਿਸ਼ਨਪਦੇ ਸ਼ਬਦ ਔਰ ਕਈ ਮਹਾਤਮਾਂਓ ਕੇ ਭੀ ਮੌਜੂਦ ਹਨ ਜੋ ਐਨ ਠੀਕ ੨ ਹੀ ਇੰਨ ਬਿੰਨਤਾ ਪਾਠ ਕੀ ਭੀ ਅਤੇ ਅਰਥਕੀ ਭੀ ਮੌਜੂਦ ਹੈ ਪ੍ਰੰਚੇ ਮੈਂ ਉਨ ਪਾਠੋਂ ਕੋ ਇਸ ਗ੍ਰੰਥਮੇ ਲਿਖ ਕੇ ਅੱਨਜ ਮਤੋਂ ਹਾਥ ਅਪਨੀ ਦਾੜ੍ਹੀ ਪਕੜਾਨੀ ਨਹੀ ਚਾਹੁੰਦਾ ਜੇ ਫੇਰ ਸੱਜਨ ਹਠਸੇ ਕੁਝ ਲਿਖੇਂ ਗੇ ਤੋ ਜਰੂਰੀ ਹੀ ਬਤੌਰ ਜ਼ਮੀਮੇ ਕੇ ਛਪਵਾਕੇ ਸਜਨਾ ਦੀ ਦ੍ਰਿਸ਼੍ਰੀ ਗੋਚਰ ਕਰਾਂਗਾ ॥ ਅਤੇ ਜੋ ਇਸੀ ਪ੍ਰਸ਼੍ਨਦੇ ਅੰਤਮੇ ਲਿਖਾ ਹੈ ਭੋਗ "ਮੁੰਦਾਵਣੀ" ਪਰਹੀ ਪਾਉਣਾ ਚਾਹੀਏ "ਰਾਗਮਾਲਾ" ਸੇ ਭੋਗ ਦਾ ਕੋਈ ਸਬੰਧ ਨਹੀਂ, ਯਹ ਰਾਇ ਭੀ ਭਾਈਆਂ ਦੀ ਬਿਲਕੁਲ ਗਲਤ ਹੈ ਕਿਉਂ ਕਿ ਪਹਿਲੇ ਤੋ "ਮੁੰਦਾਵਣੀ" ਦਾ ਪੂਰਣ ਜਬਾਬ ਆਪਕੇ ੪ ਸ੍ਵਾਲ ਕੇ ਉਤ੍ਰ ਮੇ ਲਿਖ ਚੁਕਾ ਹਾਂ ਅਤੇ ਯਹ ਭੀ ਦਸ ਚੁਕਾ ਹਾਂ ਕਿ ਮੁੰਦਾਵਣੀ ਕਾ ਸੰਕੇਤ ਸਾਰੇ (ਗੁਰੂ ਗ੍ਰੰਥ ਸਾਹਿਬੋਂ) ਮੇ ਅੰਤ ਹੋਣੇ ਕਾ ਨਹੀ ਫਿਰ ੫ ਸ੍ਵਾਲ ਕੇ ਉਤ੍ਰ ਮੇਂ ਰਾਗੋਂ ਕੇ ਮਤ ਭੇਦ ਭੀ ਦਿਖਾ ਦੀਏ ਹੈ ਇਸਤੇ ਦੂਸਰੇ ਹਨਵੰਤ ਮਤ ਕੇ ਭੇਦ ਸੇ "ਰਾਗਮਾਲਾ" ਰਚ ਕਰ ਅੰਤ (ਸ੍ਰੀ ਗੁਰੂ ਗ੍ਰੰਥ ਸਾਹਿਬ) ਜੀ ਕੇ ਮੋਹਰ ਲਗਾਈ ਹੈ ਇਸਤੇ ਜ਼ਰੂਰ ਹੀ ਭੋਗ "ਰਾਗਮਾਲਾ" ਤੇ ਪਾਉਣਾ ਚਾਹੀਏ, ਜੇ ਕੋਈ ਐਸੇ ਕਹੈ ਕਿ ਦੋ ਮਤ ਭੇਦੋਂ ਸੇ "ਰਾਗਮਾਲਾ" ਭੀ ਗੁਰੂ ਜੀ ਨੇ ਲਿਖ ਦਿਤੀ ਹੋਗੀ ਪ੍ਰੰਤੂ ਇਸਕਾ ਭੋਗ ਸੇ ਕਿਆ ਸਬੰਧ, ਰਾਗੀ ਇਸ ਭੇਦੋਂ ਕੋ ਗਾਉਣੇ ਵਕਤਿ ਆਪ ਹੀ ਕਰਲੀਆ ਕਰੇਂ ਗੇ, ਸੋ ਯਹ ਅਸ਼ੰਕਾ ਭੀ ਬਣੇ ਨਹੀ ਕਿਉਂਕਿ "ਇਯਾਨੜੀਏ ਕੇ ਘਰਿ ਗਾਵਣਾ" "ਵ ਏਕ ਸੁਜਾਨ ਕੇ ਘਰ ਗਾਵਣਾ" ਵ "ਰਹਾਉ" ਤਥਾ ਘਰਿ ੧੬ ਦੂਜਾ ਤਥਾ ਸਤਾਰਹਿ, ੧੭ ਤਕ ਅਥਵਾ "ਸ੍ਰੀ ਰਾਗ" "ਮਾਝ" "ਗਉੜੀ" "ਆਸਾ" ਆਦੀ ਰਾਗੋਂ ਕੇ ਨਾਮੁ ਭੀ ਰਾਗੀ ਗਵਈਓਂ ਕੇਵਾਸ੍ਤੇ ਹੀ ਠੀਕ ਹੈ ਪਾਠੀਓਂ ਕਾ ਕੋਈ ਤਅੱਲਕ ਨਹੀ, ਇਸੀ ਤਰਹਿ ਉਪ੍ਰ ਕਹੀ ਧੁਨਾ ਭੀ ਢਾਢੀ ਧੁਨਾ ਗਾਉਣੇ ਵਾਲੋਂ ਕੇ ਵਾਸ੍ਤੇ ਹੀ ਹੈਂ ਪਾਠੀਓਂ ਕੋ ਇਨਾ ਊਪਰ ਕਹੇ ਰਾਗ ਧੁਨੋਂ, ਸੇ ਜਬਾਬ ਅਰਥਾਤ ਪਾਠਕ ਭਾਈਓਂ ਕੋ ਪਾਠ ਸਮੇਂ ਮੇ "ਰਾਗਸੋਰਠਾਦੀ" ਨਾਮ ਨ ਲੇਨਾ ਚਾਹੀਏ, ਸੋ ਮਿਤ੍ਰ ਵਰੋ ਜੈਸੇ ਸਭ ਪਾਠੀ ਇਨ ਊਪ੍ਰ ਕਹੇ ਰਾਗਦਿਕੋ ਕਾ ਨਾਮ ਪਾਠ ਸਮੇ ਲੇਨੇ ਸੇ ਪੁਨੁਤਪੱਤੀ ਸਮਝ ਕਰ ਸਬਦ ੨ ਮੇ ਨਾਮ ਲੇਤੇ ਹੈਂ, ਤਥਾਪਿ "ਰਾਗਮਾਲਾ" ਪੜ੍ਹ ਭੋਗ ਪਾਉਣੇ ਸੇ ਭੀ ਪੁਨੁਤਪੱਤੀ ਹੈ, ਅਤੇ (ਸ੍ਰੀ ਗੁਰੂ ਅਰਜਨ ਦੇਵ) ਜੀ ਕੀ ਆਗਿਆ ਭੀ ਗੁਰ ਬਿਲਾਸ ਛਠਮ ਪਾਤਸ਼ਾਹ ਜੀ ਕੇ ਮੇ ਦਰਜ਼ ਹੈ, ਯਥਾ "ਪਾਵੋ ਭੋਗ ਰਾਗਮਾਲਾ ਪੜ੍ਹ ॥ ਸਭੀ ਪਾਪ ਜਾਹਿ ਤਮਰੇ ਸੜ,, ਇਤਾਦੀ ਸ੍ਰੀ ਗੁਰੂਮੁਖ ਕਥਨ ਹੈ ਜਿਸਕੋ ਵਿਸਤਾਰ ਸੇ ੧੦ ਪ੍ਰਸ਼੍ਨ ਕੇ ਉਤ੍ਰ ਮੇ ਲਿਖਾਂ ਗਾ ਅਬ ਪ੍ਰਮਾਨ ਗੁਰ ਬਾਣੀ ਕਾ ਦਸਦਾ ਹਾਂ ॥ ਇਤੀ ੭ ਪ੍ਰਸ਼ਨ:—

ਯਥਾ,, ਰਾਗ ਗਉੜੀ ਮ: (ਰਾਗਰਤਨ ਰਸਨਾਂ ਅਲਾਪ) (ਰਾਗ ਨਾਦ ਸਭ ਸਚ ਹੈ ਕੀਮਤਿ ਕਹੀ ਨ ਜਾਇ) (ਰਾਗ ਨਾਦ ਸਭ ਸੋਹਿਣੇ ਲਾਗੇ ਸਹਿਜ ਧਿਆਨ) (ਧੰਨਸੁ ਰਾਗ ਸੁਰੰਗੜੇ ਆਲਾਪਤ ਤਿਖ ਜਾਇ) ਕਿਉ ਮਿਤ੍ਰ ਵਰੋ ਜਬ ਸ੍ਰੀ ਮੁਖਵਾਕਜ ਗੁਰਬਾਣੀ ਆਗਿਆ ਦਿੰਦੀ ਹੈ, ਜੋ ਰਤਨ ਰੂਪ ਰਾਗੋਂ ਕੋ ਰਸਨਾਂ ਕਰ ਅਲਾਪਨ ਕਰੋ, ਪੁਨਾ ਰਾਗੋਂ ਕਾ (ਨਾਦ) ਨਾਮ ਊਚੀ ਸ੍ਵਰੋਂ ਸੇ ਅਲਾਪਨ ਕਰਨਾ ਹੀ ਸਤਚਿਤ ਅਨੰਦ ਰੂਪ ਅਕਾਲਪੁਰਖ ਕਾ ਮਿਲਾਪ,ਕਰਨੇ ਵਾਲਾ ਹੈ ਅਤੇ ਜਿਸ ਕੀ ਕੀਮਤ ਨਹੀ ਕਹੀ ਜਾਤੀ ਤੇ ਐਸੇ ਉਤਮ ਰਤਨਰੂਪ ਰਾਗੋਂ ਕੀ ਨਾਮਾਵਲੀ ਰੂਪ "ਰਾਗਮਾਲਾ" ਪੜ੍ਹਨੇ ਸੇ ਕੌਨ ਪਾਪ ਭਾਵ ਕੋਈ ਪਾਪ ਨਹੀ ਬਲਕਨ ਪੁੰਨ ਉਤਪਤੀ ਹੈ ਐਸੇ ਪ੍ਰਮਾਨ ਰਾਗੋਂ ਕੀ ਮਹਿਮਾ ਕੇ ਸੈਕੜੋਂ ਹਨ ਮਗਰ ਗ੍ਰੰਥ ਬੜ੍ਹਨੇ ਸੇ ਮੈ ਨਹੀ ਲਿਖੇ ॥ ਇਤੀ ੭ ਪ੍ਰਸ਼ਨ (੮) ਆਠਵੇ

*ਮੌਜ਼ਮਸ਼ਾਹਿ ਨਾਮ ਬਾਦਸ਼ਾਹ ਆਲਮਗੀਰ ਬਹਾਦ੍ਰ ਸ਼ਾਹ ਕਾ ਨਾਮ ਤਵਾਰਖੋਂ ਮੇ ਪ੍ਰਸਿਧ ਹੈ



Sri Satguru Jagjit Singh Ji eLibrary NamdhariElibrary@gmail.com

ਪ੍ਰਸ਼ਨ ਮੇਂ ਭਾਈ ਸਾਹਿਬ ਗਵਾਹੀ ਭਾਈ ਗਜਾਨ ਸਿੰਘ ਜੀ ਗਜਾਨੀ ਕੀ ਤਵਾਰੀਖ ਗੁਰੂ ਖਾਲਸਾ,, ਛਾਪਾ ਟੈਪ, ਸੰ: ੧੯੯੧ ਈਸਵੀ, ਪਤ੍ਰਾ ਨੰਬ੍ਰ ੪੮੦, ੪੮੧ ਕੀ ਦੇਤੇ ਹੈਂ ॥

(ਉਤ੍ਰ) ਪ੍ਰਗਟ ਹੋ ਕਿ ਗਜਾਨੀ ਗਜਾਨ ਸਿੰਘ ਜੀ ਕੀ ਗਵਾਹੀ ਮਾਨੋਂਗੇ ਤੋ ਵਹਿ ਤੋ ਆਪ ਕੇ ਊਪਰਕੀਏ ਪ੍ਰਸ਼ਨਾਂ ਕੋ ਖਾਕ ਮੇਂ ਮਿਲਾਨੇ ਵਾਲੀ ਹੈ ਕਿਉਂਕਿ ਜੋ ਉਨਕੀ ਪਹਿਲੀ ਰਚਨਾ "ਤਵਾਰੀਖ ਗੁਰੂ ਖਾਲਸਾ" ਛਾਪਾ ਪੱਥਰ ਪ੍ਰੈਸ (ਗੁਰੂ ਗੋਬਿੰਦ ਸਿੰਘ ਜੀ) ਸਜਾਲਕੋਟ ਸੰ: ਬਿ: ੧੯੪੮ ਵ ਸੰ: ਈ: ੧੮੯੧ ਮੇ ਛਪੀ ਥੀ ਉਸਦੇ ਭਾਗ ੧ ਪਤ੍ਰਾ ਨੰਬ੍ਰ ੨੦੫ ਮੇ "ਰਾਗਮਾਲਾ" ਗੁਰਬਾਣੀ ਮਾਨੀ ਹੈ "ਜੈਸੇ ਭਗਤਾ ਦੀ ਬਾਣੀ (ਸ੍ਰੀ ਗੁਰੂ ਜੀ) ਨੇ ਬੀੜ ਮੇਂ ਚੜ੍ਹਾਈ ਹੈ, ਇਸੀ ਤਰਹਿ "ਰਾਗਮਾਲਾ" ਭੀ ਆਲਮ ਭਗਤਿ ਦੀ ਚੜ੍ਹਾ ਦਿਤੀ ਹੈ, ਵਿਸਤਾਰ ਇਸਤਰਹਿ ਪਰ ਿਖਾ ਹੈ ਜੋ ਕਬੀਰ ਸੇ ਲੇਕਰ ਗੋਰਖ ਭਰਥਰੀ ਗੋਪੀਚੰਦ ਤਕ ਅਤੇ ਸੰਮਨ ਮੂਸਨਾਦੀ ਸਭੀ ੪੯ ਹੈ ਅਤੇ ਛਟਮ ਪਾਤਸ਼ਾਹ (ਸ੍ਰੀ ਗੁਰੂ ਹਰਿਗੋਬਿੰਦ ਜੀ) ੫੦ "ਆਲਮ" ਕਵੀ ੫੧ਵੇਂ ਹੈਂ ਏਨਾ ਇਕਵੰਜਾ ਸਤ ਪੁਰਖਾ ਦੀ ਬਾਣੀ (ਸ੍ਰੀ ਗੁਰੂ ਗ੍ਰੰਥ ਸਾਹਿਬ) ਜੀ ਮੇਂ ਹੈ ਸੋ ਕਿਉਂ ਪ੍ਰਿਜਵਰਜੀ ਜਬ ਗਜਾਨੀ ਸਿੰਘ ਜੀ ਹੋਰਨਾ ਭਗਤਾਂ ਭੱਟਾਂ ਕੀ ਬਾਣੀ ਸਮਾਨ "ਰਾਗਮਾਲਾ" ਕੋ ਭੀ ਗੁਰਬਾਣੀ ਮਾਨਤੇ ਹੈਂ ਤੋ ਖੰਡਨ ਮੇ ਗਵਾਹੀ ਕੈਸੇ, ਅਤੇ ਜੋ ਅਪਨੇ ਗਵਾਹੀ ਛਾਪਾ ਟਾਇਪ ਕੀ ਦੀ ਹੈ ਸੋ ਪ੍ਰਮਾਨ ਠੀਕ ਨਹੀ ਕਿਉ ਜੋ ਗਜਾਨੀ ਸਿੰਘ ਜੀ ਬਹੁਤ ਬ੍ਰਿਧ ਆਯੂ ਕੇ ਹਨ ਅਥਵਾ ਆਪ ਜੈਸੇ ਸਤਿ ਪੁਰਸ਼ਾ ਦੀ ਪ੍ਰੇਰਨਾ ਅਨੁਸਾਰ ਲਾਲਚ ਅੰਸ ਮੇਂ ਆਕਰ ਸੋ ਦੋਨੋਂ ਸਬਬੋਂ ਮੇਂ ਗੁਰੂ ਜੀ ਕੇ ਪ੍ਰਮਾਣ ਹੈਂ ਯਥਾ ਬ੍ਰਿਧਾਯੂ ਮੇਂ (ਸਤਰਹਿ ਕਾ ਮਤ ਹੀਨ ਅਸੀ ਹਾਂ ਕਾ ਬਿਵਹਾਰ ਨ ਪਾਵੇ) ਅਤੇ ਜੇ ਆਪ ਸਾਹਿਬੋਂ ਕੀ ਪ੍ਰੇਰਨਾ ਸੇ ਲਾਲਚ ਮੇਂ ਫੰਸ ਕਰ ਉਲਟ ਪਲਟ ਲਿਖਦੇ ਹਨ ਤੋ ਇਸ ਮੇਂ ਭੀ ਗੁਰੂ ਵਾਕ ਹੈ (ਇਉਂ ਲੋਭੀਕਾ ਜੀਉਟਲ ਪਲੇ) ਸੋ ਲੋਭੀਆਂ ਕੋ ਜਬ ਲੋਭ ਅੰਸ ਮਿਲੇ ਉਸੀ ਸਮੇ ਪੂਰਬਾਪਰ ਬੀਚਾਰ ਛੱਡਕੇ ਅੰਡ ਵੰਡ ਲਿਖ ਮਾਰਦੇ ਹੈਂ ॥ ਔਰ ਗੁਰੂ ਪ੍ਰਮਾਣ ॥ (ਹੇ ਲੋਭਾ ਲੰਪਟ ਸੰਗਸਿਰਮੋਰਹਿਅਨਕਲਹਿਰੀਕਲੋਲਤੇ ॥ ਧਾਵੰਤ ਜੀਆ ਬਹੁਪ੍ਰਕਾਰੰ ਅਨਿਕ ਭਾਤ ਬਹੁ ਡੋਲਤੇ ॥ ਨਚਮਿਤ੍ਰੰ ਨਚ ਇਸ਼ਟੰ ਨਚ ਬਾਧਵ ਨਚ ਮਾਤ ਪਿਤਾ ਤਵ ਲਜਿਆ)(ਲੋਭੀ ਕਾ ਵਿਸਾਹੁ ਨ ਕੀਜੈ ਜੇ ਕਾ ਪਾਰਬਸਾਇ) ਸੋ ਇਸ ਵਾਸਤੇ ਯਾ ਤੋ ਬ੍ਰਿਧਾਯੂ ਕਾ ਸਬਬ ਯਾ ਲਾਲਚ ਅੰਸ਼ ਕਾ ਕਿਉਂਕਿ ਤਵਾਰੀਖ ਛਾਪਾ ਪਥਰ ਮੇਂ ਉਲਟ ਲਿਖਨਾ ਅਤੇ ਪੂਰਬ ਉਤ੍ਰ ਨ ਬੀਚਾਰ ਕਰਨਾ ਸਿਵਾ ਇਨ ਦੋ ਸਬਕੋਂ ਕੇ ਤੀਸਰਾ ਕੋਈ ਮਾਲੂਮ ਨਹੀਂ ਹੁੰਦਾ ਲੌ ਅਬ ਗਜਾਨੀ ਸਿੰਘ ਜੀ ਦਾ ਲੇਖ ਭੀ ਤਵਾਰੀਖ ਖਾਲਸਾ ਛਾਪਾ ਟਾਇਪ ਸਫਾ ੪੮੦, ੪੮੧, ਦੇ ਫੁਟ ਨੋਟ ਕਾ ਦੇਖ ਲੌ ਪਹਿਲੇ ਕੀ ਲਿਖਦੇ ਹਨ ਅਤ ਪੀਛੇ ਕੀ ਲਿਖਦੇ ਹਨ ਯਥਾ, ਆਲਮ ਨਾਮ ਕਵੀਸ਼ਰ ਭਗਤਿ ਨੇ ਹੋਰ ਭਗਤਾਂ ਵਾਂਙ ਓਸ ਸਮੇ ਆ ਕੇ ਆਪਣੀ ਰਚੀ ਹੋਈ ਬਾਣੀ ਗੁਰੂ ਜੀ ਦੀ ਭੇਟਾ ਕੀਤੀ, ਪਰ ਏਸ ਵੇਲੇ ਮੁੰਦਾਵਣੀ ਲਿਖੀ ਜਾ ਚੁਕੀ ਸੀ ਤਾਂ ਹੀ ਏਹ ਬਾਣੀ ਭਾਈ ਗੁਰਦਾਸ ਜੀ ਨੇ ਗੁਰੂ ਜੀ ਦੇ ਹੁਕਮ ਨਾਲ ਗ੍ਰੰਥ ਸਾਹਿਬ ਜੀ ਦੇ ਅੰਤ ਵਿਚ ਓਸਦੀ ਬਾਣੀ ਵਿਚੋਂ (ਮੁੰਦਾਵਣੀ ਦੇ ਪਿਛੇ) ਕੇਵਲ ਰਾਗਮਾਲਾ ਲਿਖ ਦਿਤੀ ਹੋਰ ਛੱਡ ਦਿਤੀ (੧) ਏਸ ਵਿਚ ਕਿਸੇ ਮਹੱਲੇ ਦਾ ਨਾਮ ਨਹੀਂ (੨) ਨਾਨਕ ਨਾਮ ਭੀ ਨਹੀ (੩) ਗੁਰੂ ਜੀ ਦੀ ਕਵਿਤਾ ਨਾਲ ਕਵਿਤਾ ਨਹੀਂ ਮਿਲਦੀ (੪) ਗ੍ਰੰਥ ਸਾਹਿਬ ਦੇ ਸਾਰੇ ਰਾਗ ਏਸ ਵਿਚ ਨਹੀਂ ਤੇ ਏਸ ਦੇ ਗ੍ਰੰਥ ਸਾਹਿਬ ਵਿਚ ਨਹੀ (੫) ਈਸ੍ਵਰ ਦੇ ਨਾਮ ਦੀ ਸਤਿਸੰਗ ਦੀ ਗੁਰਾਂ ਦੀ ਮਹਿਮਾ ਏਸ ਵਿਚ ਨਹੀਂ (੬) ਮਾਧਵਾ ਨਲ ਪੋਥੀ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੰਨ੍ਹਣ ਤੋਂ ੯੧ ਬਰਸ ਪਹਿਲੇ ਦੀ ਹੈ ॥ ਲੌ ਪੰਥ ਵਿਦ੍ਵਾਨੋਂ ਵੀਚਾਰ ਲੌ ਗਜਾਨੀ ਜੀ ਦੇ ਲੇਖ ਨੂੰ, ਭਲਾ ਜਬ ਆਲਮ ਕਵੀ ਭਗਤਿ ਪ੍ਰਮੇਸ਼੍ਵਰ, ਕਬੀਰਆਦੀਭਗਤੋਂ ਜੈਸਾ ਥਾ ਅਤੇ ਉਸਦੀ ਬਹੁਤ ਬਾਣੀ ਪੇਸ਼ ਕੀਤੀ ਹੋਈ ਵਿਚੋਂ ਇਕ ਰਾਗਮਾਲਾ ਪਸੰਦ ਕਰਕੇ ਲੈ ਲੀਤੀ ਅਤੇ ਬਾਕੀ ਦੀ ਬਾਣੀ ਓਸਦੀ ਵਾਪਸ ਕਰ ਦਿਤੀ ਅਤੇ ਭਾਈ ਗੁਰਦਾਸ ਜੀ ਨੂੰ ਹੁਕਮ ਦੇ ਕੇ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੇਂ ਚੜ੍ਹਵਾ ਲਈ ਤੇ ਫਿਰ ਗੁਰ ਬਾਣੀ ਕਿਉਂ ਨਹੀਂ ਗੁਰੂ ਕੇ ਪ੍ਰੇਮੀਆਂ ਨੂੰ ਏਹ ਭੀ ਯਾਦ ਹੋਗਾ ਕਿ ਜਬ ਕਾਹਨਾ ਛੱਜੂ ਪੀਲੋ ਆਦੀ ਭਗਤ ਲਾਹੌਰੋਂ ਗੁਰੂ ਜੀ ਦੇ ਪਾਸ ਆਪਣੀ ਬਾਣੀ ਗੁਰੂ ਬੀੜ ਮੇਂ ਚੜ੍ਹਵਾਨੇ ਗਏ ਸੀ



Sri Satguru Jagjit Singh Ji eLibrary NamdhariElibrary@gmail.com

ਅਤੇ ਗੁਰੂ ਜੀ ਨੇ ਸ਼ੁਸ਼ਕ* ਵੇਦਾਂਤ ਕਥਨ ਕੀਤੇ ਹੁਏ ਕੋ ਦੇਖਕੇ ਨਹੀਂ ਸੀ ਚੜ੍ਹਾਈ, ਤੋਂ ਨਾਮ ਭਗਤੀ ਬਗੈਰ ਰਾਗਮਾਲਾ ਗੁਰੂ ਜੀ ਨੇ ਕਿਸ ਤਰਹਿ ਚੜ੍ਹਵਾ ਲਈ, ਅਤੇ ਜਬ ਗਜਾਨੀ ਜੀ ੪੯੦ ਸਫੇ ਕੇ ਨੋਟ ਮੇਂ ਲਿਖ ਚੁਕੇ ਹੈ ਕਿ ਆਲਮ ਭਗਤਿ ਦੀ ਪੇਸ਼ ਕੀਤੀ ਬਾਣੀ ਵਿਚੋਂ ਗੁਰੂ ਜੀ ਰਾਗਮਾਲਾ ਲੈ ਕੇ ਭਾਈ ਗੁਰਦਾਸ ਪਾਸੋਂ ਗ੍ਰੰਥ ਸਾਹਿਬ ਜੀ ਮੇ ਲਿਖਵਾਈ ਹੈ ਤੋ ਫਿਰ ਸੂਰਮਿਓਂ ਕੀ ਤਰਹਿ ਮਹੱਲੇ ਅਤੇ ਨਾਨਕ ਨਾਮ ਬਗੈਰ ਔਰ ਗੁਰੂ ਜੀ ਦੀ ਕਵਿਤਾ ਨਾਲ ਕਵਿਤਾ ਨਹੀਂ ਮਿਲਦੀ ਇਤਾਦੀ ਅਸ਼ੰਕ ਕਿਉਂ ਕੀਤੀਆਂ, ਲੋਂ ਅਬ ੯੧ ਬਰਸ ਪਹਿਲੇ ਬੀੜੋਂ ਮਾਧਵ ਨਲ ਸੰਗੀਤ ਮੇਂ ਲਿਖੀ ਹੈ ਇਸ ਪਰ ਭੀ ਬੀਚਾਰ ਕਰ ਲੋਂ ਕਿ (੧) ਤੋ ਮਾਧਵਾ ਨਲ ਪੁਸਤਕ ਦਾ ੯੧ ਬਰਸ ਪਹਿਲੇ ਬਣਨਾ ਸਿਧ ਨਹੀਂ ਹੋ ਸਕਤਾ ਕਿਉਂਕਿ ਮਾਧਵਨਲ ਵਿਕ੍ਰਮਜੀਤ ਦੇ ਵਕਤ ਹੂਆ ਹੈ ਜਿਸਦੇ ਹੋਨੇ ਨੂੰ ਬੀੜ ਬੰਧਨ ਸਮੇ ੧੬੦੦ ਸੌ ਦੇ ਕੁਛ ਊਪਰ ਬਰਸ ਗੁਜ਼ਰ ਚੁਕੇ ਥੇ ਫਿਰ ੯੧ ਬਰਸ ਪਹਿਲੇ ਮਾਧਵ ਨਲ ਸੰਗੀਤ ਮੇਂ ਕਿਸ ਤਰਹਿ ਲਿਖੀ ਗਈ, (੨) ਦੂਸਰਾ ਮਾਧਵ ਨਲ ਸੰਗੀਤ ਨਹੀਂ ਬਲਕ ਮਾਧਵ ਤੇ ਕਾਮਦੰਦਲਾ ਦੀ ਫਕਤ ਪ੍ਰੀਤਿ ਦਾ ਹਾਲ ਹੈ, ਕਿਉਂਕਿ ਸੰਗੀਤੋਂ ਮੇਂ ਰਾਗੋਂ ਕੀ ਕੁਲ ਕੈਫੀਅਤਿ ਹੋਤੀ ਹੈ ਸੋ ਇਸ ਮੇਂ ਹੈ ਨਹੀਂ (੩) ਜੇ ਕਹੈਂ ਕਿ ਆਲਮ ਨੇ ੯੧ ਬਰਸ ਪਹਿਲੇ ਬਣਾਈ ਹੈ, ਇਸਕੋ ਭੀ ਗੁਨੀ ਜਨ ਬੀਚਾਰ ਲੋਂ ਕਿ ਜਬ ਆਲਮ ਨੇ ਰਾਗਮਾਲਾ ਬਣਾਈ ਸੀ ਉਸ ਵਕਤ ਮੇ ਭੀਤੋ ਆਲਮ ਬੀਸ ਯਾਪਚੀਸ ਬਰਸ ਦੀ ਉਮਰ ਦਾ ਹੋਗਾ, ਸੋ ਸ੍ਰੀ ਗੁਰੂ ਜੀ ਦੇ ਬੀੜ ਬੰਧਨ ਸਮੇਂ ੧੨੫ ਸਵੇ ਕੁ ਸੌ ਬਰਸ ਦੀ ਆਯੂ ਦਾ ਹੋ ਕੇ ਤੇ ਦਿਲੀਓਂ ਗੁਰੂ ਜੀ ਦੇ ਪਾਸ ਰਾਗਮਾਲਾ ਲੈ ਕੇ ਕਿਸ ਤਰਹਿ ਪਹੁੰਚ ਪਇਆ ਪਹਿਲੇ ਤੋ ੧੨੫ ਬਰਸ ਤਕ ਉਸਦਾ ਜੀਉਂਦੇ ਰਹਿਣਾ ਹੀ ਨਹੀ ਬਣਦਾ ਜੇ ਜੀਉਦਾ ਭੀ ਰਿਹਾ ਹੈ ਤੋ ਜ਼ਈਫੀ ਹਾਲਤ ਮੇਂ ਉਸਦਾ ਆਉਣਾ ਭੀ ਨਹੀ ਬਣਦਾ (੪) ਗੁਰੂ ਜੀ ਨੂੰ ਭੀ ਅਲਪਗਤਾ ਦਾ ਇਲਜ਼ਾਮ ਦਿਤਾ ਜੋ ਗੁਰੂ ਜੀ ਨੇ ਮੁੰਦਾਵਣੀ ਮੋਹਰ ਸੇ ਮੁੰਦ ਦਿਤਾ ਸੀ ਤੇ ਮਗਰੋਂ ਆਲਮ ਆਪਣੀ ਬਾਣੀ ਲਿਆਇਆ ਜਿਸਦੇ ਵਿਚੋਂ ਰਾਗਮਾਲਾ ਲੈ ਲਈ ਕਿਆ ਗੁਰੂ ਜੀ ਸਰਵੱਗ ਸਰਵ ਸ਼ਕਤੀ ਮਾਨ ਜੀ ਭੂਤਭਵਿਖਤਕੀ ਜਾਨਣ ਹਾਰ ਨਹੀਂ ਜਾਣਦੇ ਸਨ ਜੋ ਆਲਮ ਨੇ ਸਾਨੂੰ ਰਾਗਮਾਲਾ ਲਿਆਕੇ ਦੇਨੀ ਹੈ ਅਸੀਂ ਚੜ੍ਹਾਉਨੀ ਹੈ ਜਦੋਂ ਨੌਵੇਂ ਗੁਰੂ ਜੀ ਦੀ ਬਾਣੀ ਚੜ੍ਹਨ ਵਾਸ੍ਤੇ ਕੋਰੇ ਪਤ੍ਰੇ ਰਖ ਲੈ ਅਤੇ ਰਾਗਮਾਲਾ ਵਾਸਤੇ ਕੋਰੇ ਪਤ੍ਰੇ ਕਿਉਂ ਨ ਛਡੇ, ਇਤਾਦੀ ਲੇਖ ਗਜਾਨੀ ਜੀ ਕੇ ਊਪਰ ਕਹੇ ਸਬਬੋਂ ਸੇ ਹੀ ਹੈਂ, ਅਤੇ ਹੋਰ ਭੀ ਗਜਾਨੀ ਜੀ ਦੇ ਲੇਖ ਉਲਟ ਪਲਟ ਕੀਤੇ ਹੂਏ ਇਨ ਸਬਬੋਂ ਕਾ ਕਾਰਣ ਦਸਦਾ ਹਾਂ, ਯਥਾ ਦੁਰਗਾ ਪੂਜਨਾ ਦੀ ਔਰ ਦੁਰਗਾ ਦਾ ਪ੍ਰਗਟ ਹੋਨਾ ਪੰਥ ਪ੍ਰਕਾਸ਼ ਮੇ ਲਿਖਦੇ ਹਨ ਅਤੇ ਤਵਾਰੀਖ ਮੇ ਖੰਡਨ ਲਿਖਦੇ ਹਨ ਇਕ ਔਰ ਭੀ ਗੁਰੂ ਇਤਹਾਸੋਂ ਸੇ ਵਿਰੁਧ ਲੇਖ ਗਜਾਨੀ ਜੀ ਲਿਖਦੇ ਹਨ ਯਥਾ ਤ੍ਰਿਲੋਕ ਸਿੰਘ ਫੂਲਕੀ ਬੰਸ ਨੇ ੧੭੪੨ ਸੰ: ਬਿਕ੍ਰਮੀ ਮੇ ਆਪਣੇ ਦਾਦੇ ਰੂਪ ਚੰਦ ਦੇ ਨਾਮ ਪਰ ਭਾਈ ਰੂਪਾ ਪਿੰਡ ਬਸਾਯਾ ਸੋ ਕੈਸਾ ਕੁ ਝੂਠ ਹੈ ਕਿਉਂਕਿ ਸੂਰਜ ਪ੍ਰਕਾਸ਼ ਤਥਾ ਗੁਰਬਿਲਾਸ ਛਠਮ ਪਾਤਸ਼ਾਹੀ ਜੀ ਮੇਂ ਪ੍ਰਸਿੱਧ (ਸ੍ਰੀ ਗੁਰੂ ਹਰਗੋਬਿੰਦ ਜੀ) ੬ ਪਾਤਸ਼ਾਹ ਜੀ ਕਾ ਡ੍ਰੋਲੀ ਸੇ ਦੁਪਹਿਰਾ ਮੇਂ ਘੋੜੇ ਪਰ ਸਵਾਰ ਹੋਕਰ ਤੁਕਲਾਣੀ ਪਿੰਡ ਦੇ ਪਾਸ ਜਾਣਾ ਜਿਥੇ ਸਾਧੂ ਰੂਪਾ ਕੂਨ੍ਹੇ ਦਾ ਪਾਣੀ ਠੰਢਾ ਗੁਰੂ ਜੀ ਦੇ ਲਾਇਕ ਜਾਣ ਨਾ ਪੀ ਕਰ ਪਜਾਸ ਸੇ ਬੇਹੋਸ਼ ਥੇ ਉਨਸੇ ਪਾਣੀ ਮਾਂਗਕਰ ਪੀਣਾ ਤੇ ਸਰਬ ਹਥੀਆਰ ਪੋਸ਼ਾਕਾਦੀ ਬਖਸ਼ਸ਼ ਭਾਈ ਰੂਪਚੰਦ ਕੋ ਦੇਣੀ ਅਤੇ ਆਪਣੇ ਹਥੀਂ ਭਾਈ ਰੂਪਚੰਦ ਦੇ ਨਾਮ ਦੀ ਮੋਹੜੀ ਗਾਡ ਪਿੰਡ ਦਾ ਬਸਾਉਣਾ ਸੰ: ਬਿ: ੧੬੭੪ ਮੇਂ ਲਿਖਾ ਹੈ ਸੋ ਇਸੀ ਤਰਹਿ ਔਰ ਭੀ ਕਈ ਕੁ ਲੇਖ ਗਜਾਨੀ ਜੀ ਬਦਲ ਸਦਲ ਕਰਦ੍ਰੇ ਰਹੇ ਹਨ ਯਾ ਤੇ ਬ੍ਰਿਧਾਯੂ ਕਾ ਅਥਵਾ ਆਪ ਲੋਗੋਂ ਕੀ ਪ੍ਰੇਰਨਾ ਕਾ ਸਬਬ ਨਹੀਂ ਤੋ ਹੋਰ ਹੈ ਹੀ ਕਿਆ ਜੇ ਕਦਾਚਿਤ ਖਜਾਲ ਸੇ ਵੀਚਾਰਵਾਨ ਇਸ ਲੇਖ ਸਾਰੇ ਗਜਾਨੀ ਸਿੰਘ ਜੀ ਕੇ ਕੋ ਵੀਚਾਰੇਂਗੇ ਤੋ ਜ਼ਰੂਰ ਹੀ ਹਾਸੀ ਯੋਗ ਸਮਝੇਂਗੇ ਕਿਉਂਕਿ ਜਿਸ ਲੇਖ ਮੇ ਪੂਰਬਾਪਰ ਕਾ ਬੀਚਾਰ ਹੀ ਨਹੀਂ ਵੂਹ ਮਾਨਣੇ ਯੋਗ ਕੈਸੇ, ਜੇ ਪੂਛੋਂ "ਪੂਰਬਾਪਰ ਕਾ ਬੀਚਾਰ ਕੈਸੇ" (ਤਥਾਪ ਸੁਣੀਏ) ਪਹਿਲੇ ਤੋ ਗਜਾਨੀ ਸਿੰਘ ਜੀ ਛਾਪਾ ਪਥਰ ਕੇ ਊਪ੍ਰ ਕਹੇ ਨੰਬ੍ਰ ਪਰ ਲਿਖਤੇ ਹੈਂ ਜੋ ਜੈਸੇ ਭਗਤਾਂ, ਭਟਾਂ ਦੀ ਬਾਣੀ ਹੈ ਤਥਾ ਹੀ "ਆਲਮ,, ਕ੍ਰਿਤ 'ਰਾਗਮਾਲਾ' ਹੈ ਔਰ ਗੁਰੂ ਜੀ

*ਵੈਰਾਗ ਭਗਤਿ ਬਗੈਰ ਕਾ ਨਾਮ ਹੈ



Sri Satguru Jagjit Singh Ji eLibrary NamdhariElibrary@gmail.com

ਨੇ ਹੀ ਬੀੜ ਮੇ ਚੜ੍ਹਾਈ ਹੈ, ਅਤੇ ਅਗੇ ਚਲ "ਆਲਮ,, ਕਵੀਕ੍ਰਿਤ "ਰਾਗਮਾਲਾ" ਸੰਮਤ ਬਿ: ੧੫੭੧ ਮੇ ਬੀੜ (ਸ੍ਰੀ ਗੁਰੂ ਗ੍ਰੰਥ ਸਾ:) ਜੀ ਕੀ ਬੰਧਨੋ ੬੧ ਬਰਸ ਪਹਿਲੇ ਬਣੀ ਲਿਖਦੇ ਹਨ ਸੋ ਜਬ ਸੰ: ਬਿ: ਅਤੇ ਸੰ: ਹਿਜ੍ਰੀ ਦਾ ਮਿਲਾਨ ਕਰੀਏ ਤੋ ਸੰ: ਬਿ: ੧੫੭੧ ਦਾ ਸੰਨ ਹਿ: ੯੩੮ ਨੌ ਸੌ ਅਠੱਤੀ ਬਣਦਾ ਹੈ ਅਤੇ ਕਰਤਾ ਰਹਿਤ ਪ੍ਰਕਾਸ਼ ਜੀ ਬੀੜ ਬੰਧਨੋ ੨੧ ਬਰਸ ਪਹਿਲੇ "ਰਾਗਮਾਲਾ" ਦਾ ਬਣਨਾ ਲਿਖਦੇ ਹਨ ਜਿਸਦਾ ਸੰ: ਬਿ: ੧੬੪੦ ਬਣਦਾ ਹੈ ਅਤੇ ਸੰ: ਹਿ: ੧੦੦੬ ਬਣਦਾ ਹੈ ਲੌ ਵੀਚਾਰਵਾਨੋਂ ਵੀਚਾਰ ਲੌ ਛੇ ਦਿਨ ਹਿਜਰੀ ਸਾਲ ਦੇ ਬਿਕ੍ਰਮੀ ਸਾਲ ਨਾਲੋਂ ਘਟ ਹੁੰਦੇ ਹਨ ਸੋ ੬ ਦਿਨਾ ਨੂੰ ਘਟਾ ਕੇ ਪੂਰਾ ਕਰ ਲਵੋ ॥ ਜਬ ਗਵਾਹੀ ਦਾਤਾ ਈ ਅਤੇ ਗਵਾਹੀ ਲੈਣ ਵਾਲੇ ਦੀ ਰਾਇ ਹੀ ਨਹੀ ਮਿਲਦੀ ਤੋ ਗਵਾਹੀ ਕੈਸੇ, ਪੁਨਾ ਜੋ ਸਾਡੇ ਭਾਈ "ਆਲਮ ਕ੍ਰਿਤ ਪੋਥੀ ਦਾ ਸਾਬੂਤ ਦਿੰਦੇ ਹਨ ਉਸ ਮਨਘੜਤ ਪੋਥੀ ਵਿਚ ਸੰ: ੬੯੧ ਹਿ: ਲਿਖਿਆ ਹੈ ਜਿਸਦਾ ਸੰ: ਬਿ: ੧੬੩੦ ਬਣਦਾ ਹੈ ਗੁਣੀ ਜਨ ਬੀਚਾਰ ਲੇਂ ਅਤੇ ਮੁਨਸਫ ਦ੍ਰਿਸ਼ਟੀ ਸੇਂ ਸਚ ਝੂਠ ਨਿਤਾਰ ਲੇਂ ਕੁਛ ਔਰ ਸੰਮਤੋਂ ਕਾ ਬੀਚਾਰ ੯ ਪ੍ਰਸ਼੍ਨ ਗਵਾਹੀ ਭਾਈ ਕਾਨ੍ਹ ਸਿੰਘ ਨਾਭਾ ਨਿਵਾਸੀ ਜੀ ਕੀ ਮੇਂ ਖੋਲ੍ਹਾਂਗਾ ਅਤੇ ਅਗੇ ਇਸੀ ਊਪ੍ਰ ਕਹੇ ਪ੍ਰਸੰਗ ਮੇ ਹੀ ਗਜਾਨੀ ਗਜਾਨ ਸਿੰਘ ਜੀ (ਗੁਰੂ) ਜੀ ਦੇ ਪਾਸ ਭਗਤਾਂ ਦਾ ਆਉਣਾ ਅਸੰਭਵ ਲਿਖਦੇ ਹਨ ਜੋ ਅਜ ਕਲ ਦੇ ਮੁੰਡੇ ਮਿਸ ਮ੍ਰੇਜਮ ਸੇ ਕਈ ਬਰਸੋਂ ਦੇ ਮਰੇ ਰੂਹ ਯਾਨੇ ਅਸਵਾਹਿਕ ਸ਼ਰੀਰ ਮਗਵਾ ਬਾਤੇਂ ਕਰ ਕਲਕੱਤੇ ਆਦੀ ਸ਼ਹਿਰੋਂ ਮੇਂ ਤਮਾਸ਼ੇ ਦਿਖਾ ਰਹੇ ਹਨ, ਅਤੇ (ਗੁਰੂ ਜੀ) ਕੋ ਭਗਤਾਂ ਦੇ ਮਗਵਾ ਲੈਨੇ ਮੇਂ ਕੌਨ ਪ੍ਰੀਸ਼੍ਰਮ ਥਾ ਕਿਉਂਕਿ ਭਗਤ (ਸ੍ਰੀ ਗੁਰੂਓਂ) ਜੀ ਕਾ ਸ੍ਵਰੂਪ ਹੀ ਥੇ, ਯਥਾ ਗੁਰੂ ਵਾਕਯ (ਹਰਿ ਹਰਿ ਜਨ ਦੁਇ ਏਕ ਹੈ ਬਿਬ ਬੀਚਾਰ ਕਛੁ ਨਾਹਿ ॥ ਜਲ ਤੇ ਉਪਜ ਤਰੰਗ ਜਿਉਂ ਜਲ ਹੀ ਬਿਖੈ ਸਮਾਹਿ ) "ਅਰਥ" ਹਰੰਤੀ ਪਾਪਾਣੀ ਇਤੀ ਹਰਿ, ਜੋ ਉਚਾਰਨ ਮਾਤ੍ਰਸੇ ਸਰਬ ਪਾਪਾਂ ਕੋ ਹਰੇ ਸੋ ਕਹੀਏ ਹਰਿ, ਸੋ ਹਰੀ ਪ੍ਰਮਾਤਮ ਦੇਵ (ਸ੍ਰੀ ਗੁਰੂ) ਤਾਂ ਸ੍ਰੀ ਗੁਰੂ ਹਰਿਕੇ, (ਜਨ ) ਨਾਮ 'ਭਗਤਿ, ਦੋਨੋਂ ਏਕ ਰੂਪ ਹੈਂ (ਬਿਬ ) ਨਾਮ ਦ੍ਵੈਤ ਭੇਦਾਈ ਪੰਚ ਭ੍ਰਮ (ਕਛੁ) ਨਾਮ ਜ਼ਰਾ ਮਾਤ੍ਰਭੀ ਨਹੀ, (ਪ੍ਰਸ਼੍ਨ) ਜਬ ਜ਼ਰਾ ਮਾਤ੍ਰ ਭੀ ਭੇਦ ਨਹੀਂ, ਤੋ ਹਰਿਤੇ ਹਰਿਕੇ ਜਨ ਨਾਮ 'ਭਗਤਿ, ਦੋ ਨਾਮ ਕਿਉਂ (ਉਤ੍ਰ) ਜੈਸੇ ਜਲ ਔਰ ਜਲ ਕੇ ਤਰੰਗੋਂ ਮੇ ਕਥਨ ਮਾਤ੍ਰ ਭੇਦ ਹੈ ਵਾਸ੍ਤਵਮੇਂ ਕੁਛ ਭੇਦ ਨਹੀਂ ਤਥਾਚ, (ਪ੍ਰਸ਼੍ਨ) ਗੁਰੂ ਜੀ ਕੋ ਹਰਿ ਕਿਉਂ ਕਹਾ, ਤਹਾਂ ਗੁਰੂ ਪ੍ਰਮਾਨ (ਗੁਰੂ ਨਾਨਕ ਨਾਨਕ ਹਰਿ ਸੋਈ) ਬ੍ਰਿਤੀ ਅਰੂੜ੍ਹੇਨ ਅਗਜਾਨ ਤਤਕਾਰਯੰ ਗ੍ਰਣਾਤੀ ਇਤਿ ਗੁਰੂ, ਬ੍ਰਿਤੀ ਮੇਂ ਇਸਥਤ ਹੋ ਅਗਜਾਨ ਤਥਾ ਤਾਂ ਅਗਜਾਨ ਕਾ ਕਾਰਯ ਜਨਮ ਮਰਣਾਦੀ ਪ੍ਰਪੰਚ ਤਾਕੋ ਜੋ (ਗ੍ਰਣਾਤੀ) ਭਖਨ ਕਰੋਤੀ ਨਾਮ ਜੋ ਖਾਜਾਵੇ ਭਾਵ ਕਿ ਨਸ਼ਟ ਕਰ ਦੇਵੇ ਤਿਸ ਕਾ ਨਾਮ ਗੁਰੂ ਹੈ, ਸੋ ਐਸੇ ਗੁਰੂ (ਗੁਰੂ ਨਾਨਕ) ਹੈਂ ਸੋ 'ਹਰਿ' (ਗੁਰੂ ਨਾਨਕ) ਹੈਂ ਸੋ ਐਸੇ ਗੁਰੂਓਂ ਦਾ ਸ੍ਵਰੂਪ ਭਗਤਿ, ਤਿਨਸ੍ਵੈਂ ਸ੍ਵਰੂਪ ਭਗਤੋਂ ਕਾ ਗੁਰੂ ਜੀ ਕੇ ਪਾਸ ਆਉਣਾ ਅਸੰਭਵ ਕਿਉਂ ਕਿੰਤੂ ਨਿਰਯਤਨ ਹੀ (ਗੁਰੂ) ਜੀ ਕੇ ਪਾਸ ਆਉਣਾ ਬਣੇ ਹੈ ਸੋ ਐਸੇ ਹਾਸੀ ਯੋਗਜ਼ ਗਜਾਨੀ ਜੀ ਕੇ ਲੇਖ ਕੋ ਗਵਾਹੀ ਰੂਪ ਮਾਨਣਾ ਭੀ ਸਮੀ ਚੀਨ ਨਹੀਂ ਇਤੀ ਆਠਵਾਂ ਪ੍ਰਸ਼ਨ:

(੯) ਪ੍ਰਸ਼੍ਨ ਗਵਾਹੀ ਭਾਈ ਕਾਨ੍ਹ ਸਿੰਘ ਜੀ ਨਾਭਾ ਨਵਾਸੀ ਕ੍ਰਿਤ ਗੁਰਮਤ ਸੁਧਾਕਰ ਦੇ ਪਤ੍ਰਾ ਨੰਬ੍ਰ ੪੯੮, ੪੯੯, ੫੦੦ ਵਿਚ "ਭਾਈ ਚੌਪਾ ਸਿੰਘ" ਜੀ ਕ੍ਰਿਤ ਰਹਿਤ ਨਾਮਾਂ ਦੇ ਅੰਕ ਨੰਬ੍ਰ ੨੪ ਦੇ ਵਿਸਤਾਰ ਮੇਂ ਵਿਸਤਾਰਕ ਲਿਖੀ ਹੈ ॥ (ਉ:) ਮਿਤ੍ਰ ਵਰੋ ਅਤੀ ਅਫਸੋਸ ਹੈ ਜੋ ਜਿਸ ਕੋ ਭੋਲਾ ਪੰਥ ਆਪਣੇ ਆਗੂ ਅਤੇ ਵਿਦ੍ਵਾਨ ਸਮਝੇ ਅਤੇ ਵ੍ਹ ਐਸੇ ਉਤ ਕ੍ਰਿਸ਼੍ਟ ਮਹਾਨ ਭਾਵ ਪੰਥ ਕੋ ਝੂਠੇ ਲੇਖ ਲਿਖਾ ਕੇ ਧੋਖਾ ਦੇਵੇ ਉਸ ਪਰ ਕਿਉਂਕਿ ਭਾਈ ਕਾਨ੍ਹ ਸਿੰਘ ਨਾਭਾ ਨਿਵਾਸੀ ਜੀ ਕੋ ਪੰਥ ਵਿਦ੍ਵਾਨ ਯਾ ਪੰਥ ਮੁਖੀ ਯਾ ਪੰਥਾਗੂ ਯਾ ਪੰਥ ਸਰਗ੍ਰੋ ਕਰਕੇ ਪੰਥਕ ਲੇਖਕ ਲਿਖਦੇ ਹਨ ਅਤੇ ਭਾਰੀ ਸਨਮਾਨ ਤਨ ਮਨ ਕਰਕੇ ਕਰਨੇ ਕੋ ਤਜਾਰ ਹਨ ਪ੍ਰੰਚੇ ਅਫਸੋਸ ਭਾਈ ਸਾਹਿਬ ਪਰ ਜੋ ਅਟਾਪਟ ਅਨਹੂਏ ਲੇਖ ਲਿਖਕੇ ਤੇ ਪੰਥ ਮੇ ਹਫੜਾ ਦਫੜੀ ਪਾ ਧੜੇਬਾਜ਼ੀਆਂ ਕਰ ਦਿਤੀਆਂ, ਸੋ ਸ਼ਾਇਦ ਸਜਨ ਕਹੈਂ ਗੇ ਜੋ ਭਾਈ ਜੀ ਨੂੰ ਐਸੇ ਕਿਉਂ ਲਿਖਿਆ ਸੋ ਲੌ ਅਬ ਭਾਈ ਜੀ ਦੇ ਲੇਖਾ ਦਾ ਭੀ ਸਜਨ ਬੀਚਾਰ ਕਰ ਲੇਂ, ਗੁਰਮਤ ਸੁਧਾਕਰ ਸਫਾ ੪੯੮ ਪਰ ੨੪ ਅੰਕ ਰਹਿਤ ਨਾਵਾਂ ਭਾਈ ਚੌਪਾ ਸਿੰਘ ਜੀ ਕਾ ਹਵਾਲਾ ਦੀਆ ਹੈ ਸੋ ਬਿਲਕੁਲ ਗਲਤ ਹੈ ਕਿਉਂਕਿ ੨੪ ਅੰਕ ਰਹਿਤਨਾਵੇਂ ਮੇਂ ਯਹ ਲੇਖ ਹੀ ਨਹੀ ਬਲਕਨ ਅੰਕ ੪੩੦ ਮੇਂ ਭਾਈ ਚੌਪਾ ਸਿੰਘ



Sri Satguru Jagjit Singh Ji eLibrary NamdhariElibrary@gmail.com

ਜੀ ਸਾਫ ਲਿਖਦੇ ਹਨ ਜੋ ਭੋਗ ਸਿਜਾਹੀ ਕੀ ਬਿਧਿ ਪੜ੍ਹ ਪਾਵੇਂ ॥ ਜਬ ਸਿਜਾਹੀ ਕੀ ਬਿਧਿ ਪੜ੍ਹ ਕੇ ਭੀ ਭਾਈ ਚੌਪਾ ਸਿੰਘ ਜੀ ਭੋਗ ਪਾਉਣੇ ਦੀ ਆਗਿਆ ਦਿੰਦੇ ਹਨ ਤੋ ਫਿਰ ਕਹੀਏ "ਰਾਗਮਾਲਾ" ਸੇ ਤੋਂ ਸਜਾਹੀ ਕੀ ਬਿਧਿ ਪੀਛੇ ਹੈ ਯਾ ਤੇ "ਰਾਗਮਾਲਾ" ਵਿਚੋਂ ਛਡ ਕੇ ਤੇ ਸਜਾਹੀ ਕੀ ਬਿਧਿ ਜਾ ਪੜ੍ਹਨੀ ਯਹ ਸਮੀਚੀਨ ਨਹੀਂ ਅਤੇ ੨੩ ਔ ੨੪ ਅੰਕ "ਗੁਰਮਤ ਸੁ:" ਦੇ ਸਫੇ ੪੯੮ ਪਰ ਤੋ ਇਉਂ ਹੈ ਯਥਾ:—

ਅੰਕ (੨੩) ਲੜਕੇ ਨੂੰ ਗ੍ਰੰਥ ਸਾਹਿਬ ਕਾ ਪਾਠ ਸਿਖਾਲੇ !

ਅੰਕ (੨੪) ਗ੍ਰੰਥ ਸਾਹਿਬ ਕਾ ਭੋਗ (ਨਵਮ ਬਾਦਸ਼ਾਹ ਕੇ 'ਸਲੋਕਾਂ ਪਰ ਪਾਵੇ:—

ਸਭ ਵਿਦ੍ਵਾਨ ਜ਼ਰਾ ਖਿਜਾਲਸੇ ਬੀਚਾਰੇਂ ਜੋ ਭਾਈ ਕਾਹਨ ਸਿੰਘ ਜੀ ਊਪ੍ਰ ਕਹੇ ਅੰਕ ੨੩, ਵ ੨੪, ਦੇ ਕੌਨਸੇ ਅਖਰੋਂ ਕਾ ਅਰਥ ਫੁੱਟਨੋਟ ਮੇਂ ਲਿਖਦੇਂ ਹਨ ਜੋ "ਰਾਗਮਾਲਾ" ਨਹੀਂ ਪੜ੍ਹਨੀ ਏਹ "ਮਾਧਵਨਲ" ਨਾਮੀ ਪੁਸਤਕ ਮੇਂ ਦਰਜ ਹੈ ਅਤੇ "ਆਲਮ" ਕਵੀ ਨੇ ਬਾਦਸ਼ਾਹ "ਅਕਬਰ" ਦੇ ਵਕਤ ਸੰ: ੯੯੧ ਹਿਜ੍ਰੀਮੇ ੨੧ ਬਰਸ ਬੀੜ ਸੇ ਪਹਿਲੇ ਬਣਾਈ ਹੈ ਅਤੇ ਬੀੜ ਗੁਰੂ ਜੀ ਨੇ ੧੦੧੨ ਹਿ: ਮੇਂ ਬਾਂਧੀ ਹੈ ਸੋ ਕਿਉਂ ਪ੍ਰਿਜਵਰੋ ਊਪਰ ਕਹੇ ਅੰਕ ਮੇਂ ਤੋ ੯ ਪਾਤਸ਼ਾਹ ਜੀ ਕੇ ਸਲੋਕ ਪੜ੍ਹ ਭੋਗ ਕਹਾ ਅਤੇ ਅਗੇ ਚਲ ਭਾਈ ਚੌਪਾ ਸਿੰਘ ਜੀ "ਰਾਗਮਾਲਾ" ਸਜਾਹੀ ਦੀ ਬਿਧਿ ਭੀ ਪੜ੍ਹਨੇ ਦੀ ਆਗਿਆ ਦਿੰਦੇ ਹਨ ਤੇ ਭਾਈ ਜੀ ਯਥਾਰਥ ਵਕਤਾ ਲਿਖਦੇ ਹਨ "ਰਾਗਮਾਲਾ" ਹੀ ਨਹੀ ਪੜ੍ਹਨੀ ਸੋ ਕਦਾਚਿਤ ਏਹ ਲੇਖ ਹੀ ਮਾਨ ਲੀਆ ਜਾਵੇ ੯ ਸਲੋਕ ਪੜ੍ਹਕੇ ਭੋਗ ਪਾਉਣੇ ਵਾਲਾ ਤੋ "ਮੁੰਦਾਵਣੀ" ਪੜ੍ਹਨੇ ਸੇ ਭੀ ਜਬਾਬ ਹੂਆ ਅਤੇ ਜੇ "ਮੁੰਦਾਵਣੀ" ਦੇ ਪੜ੍ਹਨ ਦਾ ਭਾਈ ਜੀ ਉਪ੍ਰੋਂ ਅੱਧਜਹਾਰ ਕਰਦੇ ਹਨ ਤੋ "ਰਾਗਮਾਲਾ" ਦਾ ਭੀ ਜਰੂਰ ਹੀ ਕਰਨਾ ਲਗੇਗਾ, ਅਤੇ ਜੋ ਊਪ੍ਰ ਸੰਮਤ ੯੯੧ ਭਾਈ ਜੀ ਨੇ ਦਸਿਆ ਹੈ ਅਬ ਸੰਮਤੋਂ ਕਾ ਭੀ ਤਖਮੀਨਾ ਲਗਾਕੇ ਦਸਦਾ ਹਾਂ ਵਿਦ੍ਵਾਨ ਬੀਚਾਰ ਲੋਂ, ਸੰ: ਬਿ: ੧੬੬੧ ਮੇ ਬੀੜ (ਸ੍ਰੀ ਗੁਰੂ ਗ੍ਰੰਥ ਸਾਹਿਬ) ਜੀ ਕੀ ਸ੍ਰੀ ਗੁਰੂ ਪੰਚਮ ਪਾਤਸ਼ਾਹ ਜੀ ਬਾਧੀ ਹੈ ਜੋ ਊਪਰ ਕਹਾ ਸੰ: ਬਿ: (ਗੁਰੂ ਗ੍ਰੰਥ ਸਾਹਿਬ) ਜੋ ਪਹਿਲੀ ਬੀੜ ਕਰਤਾਰਪੁਰ ਮੇ ਹੈ ਤਿਸ ਮੇਂ ਜ਼ਾਹਰ ਲਿਖਾ ਹੈ, ਪਹਿਲੇ ਤੋ "ਆਲਮ" ਹੀ ਬੀੜੋਂ ਪੀਛੇ ੫੧ ਬਰਸ ਹੂਆ ਹੈ ਫਿਰ 'ਆਲਮ' ਕ੍ਰਿਤ ਅਸਲੀ ਪੋਥੀ ਭੀ ਕੋਈ ਨਹੀ, ਭਲਾ ਕਦਾਚਿਤ ਜੇ ਫਰਜ਼ੀ ਪੋਥੀ ਦਾ ਸੰ: ਹੀ ਊਪ੍ਰਕਹਾਦੁਰਜਨਤੋਸ਼। ਨਜਾਸੇ ਮਾਨ ਲੀਆ ਜਾਏ ਤੋ ਉਸਦੇ ਦੋਹਰੇ ਨੌ ਸੌ ਇਕਾਨਵੇ ਦਾ ਅਰਥ ਜੋ ਪੰਥ ਅਚਾਰਯ ਹਠਧਰਮੀ ਕਰਦੇ ਹਨ ਸੋ ਨਹੀ ਬਣਦਾ ਜਿਸਕੋ ਮੈ ਊਪਰ ਵਿਸਤਾਰਸੇ ਲਿਖ ਆਯਾ ਹਾਂ ਪ੍ਰੰਤੂ ਜੇ ਇਨਕੇ ਹਠ ਧਰਮੀ ਅਰਥਕੋ ਹੀ ਮਾਨਾ ਜਾਏ ਤੋ ਭੀ ਸੰਮਤੋਂ ਕੀ ਸੰਮਤੀ ਨਹੀ ਬਣਦੀ ਕਿੰਤੂ ਇਖਤਲਾਫ ਹੈ ਯਥਾ ਗਜਾਨੀ ਗਜਾਨ ਸਿੰਘ ਜੀ ਤੋ ਬੀੜੋ ਪਹਿਲੇ ੯੧ ਬਰਸ ਦਸਦੇ ਹਨ ਜੋ ਊਪਰ ਦਿਖਾ ਦੀਆ ਹੈ, ਅਤੇ ਭਾਈ ਕਾਹਨ ਸਿੰਘ ਜੀ ਤਥਾ ਭਾਈ ਤੇਜਾ ਸਿੰਘ ਭਸੌੜੀ ੨੧ ਬਰਸ ਬੀੜੋਂ ਪਹਿਲੇ ੯੯੧ ਹਿਜ੍ਰੀ ਮੁਜਬ ਦਸਦੇ ਹਨ, ਜਿਸਨੂੰ ਕੁਲ ੩੩੫ ਬਰਸ ਮੁਤਾਬਕ ੧੩੨੬ ਹਿਜ੍ਰੀ ਕੇ ਹੁੰਦੇ ਹਨ ਅਬ ਸੰ: ਬਿ: ੧੯੬੫ ਹੈ, ਤੇ ਹਿ: ੧੩੨੬ ਹੈ, ਹਿਸਾਬ ਸੇ ਵਿਚੋਂ ੩੩੫ ਨਿਕਾਲਦੇਵੋ ਤੋ ੧੬੩੦ ਬਿ: ਅਤੇ ੯੯੧ ਹਿਜ੍ਰੀ ਹੁੰਦਾ ਹੈ ਇਸ ਹਿਸਾਬ ਸੇ ਬੀੜੋਂ ਪਹਿਲੇ ੩੧ ਬਰਸ ਬਣਦੇ ਹਨ ਸੋ ਦੋਨੋਂ ਊਪ੍ਰ ਕਹੇ ਪੰਥਮੁਖੀ ੨੧ ਬਰਸ ਕਹਿਦੇ ਹਨ ਤੇ ਗਜਾਨੀ ਜੀ ੯੧ ਬਰਸ ਪਹਿਲੇ ਦਸਦੇ ਹਨ ਵਿਦ੍ਵਾਨ ਝੂਠ ਸਚ ਨਿਤਾਰ ਲੇਂ ਅਬ ਰਹਾ ਜੋ ਬੀੜ ੧੦੧੨ ਹਿਜ੍ਰੀ ਮੇ ਬਾਂਧੀ ਹੈ ਸੋ ਭੀ ਨਹੀ ਬਣਦਾ ਕਿਉਂਕਿ ਊਪ੍ਰ ਕਥਨ ਕੀਏ ਹਿਸਾਬ ਸੇ ੧੦੧੨ ਹਿਜ੍ਰੀ ਮੇ ਬਿ: ੧੬੫੧ ਬਣਦਾ ਹੈ ਅਤੇ ਬੀੜ ੧੬੬੧ ਮੇਂ ਬਾਂਧੀ ਹੈ ਤੋ ਕਹੀਏ ਜਬ ਸੰਮਤੋਂ ਕੀ ਸੰਮਤੀ ਹੀ ਭਾਈ ਕਾਨ੍ਹ ਸਿੰਘਾ ਦੀ ਪੰਥ ਮੁਖੀਓਂ ਦੀ ਨਹੀਂ ਬਣਦੀ ਤੋ ਗਵਾਹੀ ਮਾਨਣੇ ਯੋਗ ਕੈਸੇ ਕਿਉਂਕਿ ਅਬ ਸੰ: ਕੇ ਮਿਲਾਨ ਸੇ ਸਿੱਧ ਹੂਆ ੯੯੧ ਹਿ: ਮੁਜਬ ਸੰ: ਬਿ: ੧੬੩੦ ਅਤੇ ੧੦੧੨ ਹਿ: ਸੰ: ਮੁਜਬ ਬਿ:ਸੰ: ੧੬੫੧ ਥਾ ਤੇ ਬੀੜ ਗੁਰੂ ਗ੍ਰੰਥਸਾਹਿਬ ਜੀ ਕੀ ਸੰ: ਬਿਕ੍ਰਮੀ ੧੬੬੧ ਮੇਂ ਬੰਧੀ ਜਿਸਕਾ ਸੰ:ਹਿ: ੧੦੨੨ ਬਣਦਾ ਹੈ ਲੋ ਹਿਸਾਬੀ ਸਜਨੋਂ ਹਿਸਾਬ ਲਗਾਕੇ ਤੀਨੋਂ ਪੰਥ ਮੁਖੀਆਂ ਦਾ ਅਨਰਥ ਕਰਨਾ ਤੇ ਭੋਲੇ ਪੰਥ ਨੂੰ ਧੋਖਾ ਦੇ ਕੇ ਸ੍ਰੀ ਗੁਰੂ ਜੀ ਕੀ ਸਿਖੀ ਸੇ ਖਾਰਜ ਕਰਨਾ ਤਥਾ ਸ੍ਰੀ ਗੁਰੂਓਂ ਕੋ ਅਲਪਗ ਔਰ ਭੁਲੇ ਹੋਏ ਦਸਨ ਵਾਲਿਆਂ ਦੇ ਝੂਠ ਸਚ ਨੂੰ ਨਿਤਾਰ ਲੋਂ, ਅਤੇ ਮੁਖ ਸੇ ਯਹ ਭੀ ਕਹੋ ਜੋ ਵਾਹ ਜੀ ਵਾਹ ਪੰਥਮੁਖੀਓ ਸ਼ਾਇਦ ਆਪ ਕੋ ਪੰਥ ਨੇ



Sri Satguru Jagjit Singh Ji eLibrary NamdhariElibrary@gmail.com

ਅਨਰਥ ਕਰਨ ਵਾਸਤੇ ਹੀ ਪੰਥ ਕਾ ਮੁਖੀਆਪਨ ਦਰਜਾ ਬਖਸ਼ਿਆ ਹੋਗਾ ਅਗਰ ਐਸੇ ਹੀ ਪੰਥਮੁਖੀ ਹੈਂ ਤੋ ਫਿਰ ਖਾਤਮਾ ਹੀ ਸਮਝ ਲੀਆ ਜਾਵੇ ॥ ਅਗੇ ਚਲ ਭਾਈ ਜੀ ਉਪਰ ਕਹੇ ਗੁਰਮ: ਦੇ ਸਫੇ ੪੯੮ ਦੀ ੧੪ ਸਤ੍ਰ ਸੇ ੧੭ ਤਕ ਲਿਖਦੇ ਹਨ ਜੋ ਰਾਗੋਂ ਮੇ ਲਿਖੀ ਹੁਈ ਬਾਨੀ ਦੇਖ ਕੇ ਤੇ ਰਾਗੋਂ ਕੀ ਨਾਮਾਵਲੀ ਰੂਪ "ਰਾਗਮਾਲਾ" ਕੋ ਭਾਈ ਗੁਰਦਾਸ ਅਥਵਾ ਕਿਸੀ ਸਿਖ ਨੇ "ਰਾਗਮਾਲਾ" ਲਿਖ ਦਿਤੀ ਹੈ, ਸੋ ਜਬ ਭਾਈ ਕਾਨ੍ਹਸਿੰਘ ਜੀ ਨੂੰ ਏਹ ਪੂਰੀ ਖਬ੍ਰ ਹੀ ਨਹੀ ਜੋ ਭਾਈ ਗੁਰਦਾਸ ਨੇ ਯਾ ਕਿਸੀ ਸਿਖਨੇ ਤੋ ਭਾਈ ਜੀ ਦੀ ਗਾਵਾਹੀ ਮਾਨਣੇ ਯੋਗ ਕੈਸੇ ਕਿਉਂ ਜੋ ਸੰਸੇ ਆਤਮਕ ਬਾਤ ਹੋ ਕਿ ਨਾ ਮਾਲੂਮ ਫਲਾਂ ਨੇ ਕੀ ਯਾ ਫਲਾਂ ਨੇ, ਸੋ ਕਬੀ ਮਾਨਣੇ ਯੋਗ ਨਹੀ ਹੁੰਦੀ ਅਤੇ ਯਹ ਬਾਤ ਭੀ ਭਾਈ ਗੁਰਦਾਸ ਜੀ ਕੀ ਪ੍ਰਸਿਧ ਹੈ ਜਬ ਸਰਬ ਭਗਤਾਂ ਦੀ ਬਾਣੀ ਗੁਰੂ ਜੀ ਨੇ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੇਂ ਚੜ੍ਹਾਈ ਤੇ "ਭਾਈ ਗੁਰਦਾਸ) ਜੀ ਕੋ ਭੀ ਸੂਖਮ ਸੰਕਲਪ ਹੂਆ ਕਿ ਮੈ ਭੀ ਤੋ ਭਗਤਾਂ ਸੇ ਕਮ ਨਹੀ ਮੇਰੀ ਬਾਣੀ (ਗੁਰੂ) ਜੀਨੇ ਕਿਉਂ ਨਹੀ ਚੜ੍ਹਾਈ ਇਸੀ ਸੰਕਲਪ ਮੇਂ ਹੀ ਕਿਸੀ ਕਾਰਜ ਕੋ ਭਾਈ ਜੀ ਗੋਇੰਦਵਾਲ ਮੇਂ ਗੈ ਅਤੇ ਬਾਉਲੀ ਸਾਹਿਬ ਇਸ਼ਨਾਨ ਕੀਆ ਅਤੇ ਬਾਣੀ ਆਪਣੀ ਦਾ ਪਾਠ ਕਰਨ ਲਗੇ ਜਿਸ ਸੇ ਬਾਉਲੀ ਮੇਂ ਡੂਬਣੇ ਲਗੇ ਸੋ ਸ੍ਰੀ (ਵਾਹਿਗੁਰੂ) (ਸਤਿਨਾਮੁ) ਕਹਿਣੇ ਸੇ ਬਚੇ ਜਬ ਸ੍ਰੀ ਅੰਮ੍ਰਿਤਸਰ ਜੀ ਮੇ ਆਏ ਤੋ ਸ੍ਰੀ ਗੁਰੂ ਦੀਨਦਯਾਲ ਜੀ ਨੇ ਹੁਕਮ ਦੀਆ ਕਿ ਭਾਈ ਜੀ ਤੁਸੀ ਆਪਣੀ ਬਾਣੀ ਭੀ ਬੀੜਮੇਂ ਚੜ੍ਹਾਓ ਭਾਈ ਜੀ ਨੇ ਇਨਕਾਰ ਕੀਆ ਜੋ ਮੈ ਹਜੂਰ ਕੀ ਬਰਾਬਰੀ ਕੇ ਲਾਇਕ ਨਾਹੀ (ਗੁਰੂ) ਜੀ ਬਹੁਤ ਵਾਰ ਕਹਾ ਪੁੱਛੇ ਭਾਈ ਜੀ ਨੇ ਬੇਨਤੀ ਪੂਰਬਕ ਇਨਕਾਰ ਹੀ ਕੀਆ ਸੋ (ਸ੍ਰੀ ਗੁਰੂ) ਜੀ ਨੇ ਵਰ ਦੀਆ ਕਿ ਗੁਰਬਾਣੀ ਤਾਲਾ ਅਤੇ ਭਾਈ ਜੀ ਦੀ ਬਾਣੀ ਤਾਲੀ ਸੋ ਬਗੈਰ ਤਾਲੀ ਨਾਮ ਕੁੰਜੀ ਦੇ ਤਾਲਾ ਕਹੀਏ ਜੰਦ੍ਰਾ ਕਬੀ ਭੀ ਨਹੀ ਖੁਲ ਸਕਦਾ ਅਤੇ ਸਾਥ ਹੀ ਏਕ ਔਰ ਗੂਹੜ ਰਹਸ ਸਮਝ ਮੇਂ ਆਉਂਦਾ ਹੈ ਕਿ ਤਾਲੀ ਬਗੈਰ ਤਾਲਾ ਚੋਰ ਖੋਲ੍ਹਿਆ ਕਰਦੇਹਨ ਸੋ ਇਸਤੇ ਇਹਭੀ ਸਾਬੂਤ ਹੂਆ ਜੋ ਤਾਲੀ ਰੂਪ ਬਾਣੀ ਭਾਈਜੀ ਸੇ ਬਗੈਰ ਤਾਲਾ ਰੂਪ ਗੁਰਬਾਣੀ ਖੋਲ੍ਹੇਗਾਨਾਮ ਪੜ੍ਹੇਗਾ ਸੋ ਸੋਚ ਅਤੇ ਗੁਰਦ੍ਰੋਹੀ ਅਥਵਾ ਗੁਰੂ ਹੰਤਾ ਰੂਪ ਪਦਵੀ ਕੋ ਪ੍ਰਾਪਤਿ ਹੋਗਾ, ਸੋ ਪ੍ਰਿਜ ਵਰੋ ਪੰਥ ਭੂਖਣੋਂ ਵੀਚਾਰ ਲੌਂ ਜੋ ਪਹਿਲੇ ਤੋ ਭਾਈ ਗੁਰਦਾਸ ਜੀ ਨੇ "ਰਾਗਮਾਲਾ" ਚੜ੍ਹਾਈ ਹੈ ਯਹ ਕਹਿਣਾ ਹੀ ਅਸੰਗਤ ਯਾਨੇ ਝੂਠਾ ਹੈ,ਕਾਹੇਤੇ ਜਬ ਭਾਈ ਗੁਰਦਾਸ ਜੀ ਨੇ ਆਪਣੀ ਰਚਤ ਬਾਣੀ ਕੋ ਹੀ ਗੁਰ ਬਾਣੀ ਦੇ ਬਰਾਬਰ ਚੜ੍ਹਾਉਨਾ ਨਾ ਮੁਨਾਸਬ ਸਮਝਿਆ ਤੋ ਫਿਰ ਆਲਮ ਕ੍ਰਿਤ "ਰਾਗਮਾਲਾ" ਕੋ ਕੈਸੇ ਗੁਰਬਾਣੀ ਦੇ ਤੁਲ ਚੜ੍ਹਾ ਦੀਆ ਤੇ ਜੇ ਕੋਈ ਕਹੈ ਜੋ ਭਾਈ ਜੀ ਨੇ ਆਪ "ਰਾਗਮਾਲਾ" ਰਚ ਕੇ ਚੜ੍ਹਾ ਦਿਤੀ ਹੈ ਤੋ ਪਹਿਲੇ ਤੋ ਵਹੀ ਉਪਰ ਕਾ ਕਥਨ ਅਤੇ ਦੂਸਰਾ ਯਿਹ ਜੋ ਜਬ ਭਾਈ ਗੁਰਦਾਸ ਜੀ ਦੀ ਬਾਣੀ ਤਾਲੀ ਰੂਪ ਹੈ ਤੋ ਪੰਥ ਕੋ ਇਨਕਾਰ ਹੀ ਕਿਉ, ਅਤੇ ਦੂਸਰਾ ਪਖ "ਯਾ ਕਿਸੀ ਸਿਖ ਨੇ" ਸੋ ਪਹਿਲੇ ਤੋ ਭਾਈ ਕਾਹਨਸਿੰਘ ਜੀ ਨੂੰ ਏਹ ਭੀ ਦਸਨਾ ਚਾਹੀਦਾ ਸੀ ਜੋ ਓਹ ਸਿਖ ਕੇਹੜਾ ਅਤੇ ਕੀ ਨਾਮ ਭਲਾ ਜੇ ਭਾਈ ਜੀ ਨੂੰ ਸਿਖ ਨਾਮ ਪਰ ਹੀ ਤ੍ਰਿਪਤੀ ਹੈ ਤੋ ਕਹੀਏ ਜਬ ਭਾਈ ਗੁਰਦਾਸ ਜੀ ਤੋ ਮੇਰੀ ਬਾਣੀ (ਗੁਰੂ ਗ੍ਰੰਥ ਸਾਹਿਬ) ਜੀ ਮੇ ਚੜ੍ਹੇ ਇਤਨੇ ਸੰਕਲਪ ਮਾਤ੍ਰ ਸੇ ਹੀ ਬਾਉਲੀ ਸਾਹਿਬ ਜੀ ਮੇ ਗੋਇੰਦਵਾਲ ਡੂਬਣ ਲਗ ਪੈ ਤੇ "ਰਾਗਮਾਲਾ" ਚੜ੍ਹਾਉਨ ਵਾਲਾ ਸਿਖ ਕਿਸ ਤਰਹਿ ਬਚਗਯਾ ਅਤੇ ਗੁਰੂ ਜੀ ਨੇ ਉਸਨੂੰ ਕੁਛ ਭੀ ਨ ਕਹਿਆ ਅਤੇ ਕੋਈ ਭੀ ਦੰਡ ਨ ਦੀਆ, ਅਤੇ ਜੇ ਕਹੈਂ ਜੋ ਕਿਸੀ ਸਿਖ ਨੇ ਚੋਰੀ ਚੜ੍ਹਾਈ ਹੈ ਸੋ ਬਣੇ ਨਹੀ ਕਿਉਂਕਿ (ਗੁਰੂ) ਜੀ ਕੋਈ ਅਲਪੱਗ ਨਾ ਥੇ ਜੋ ਇਤਨੀ ਨਿਜਾਦ੍ਰੀ ਦੇਖਕੇ ਭੀ ਖਿਮਾ ਕਰਜਾਂਦੇ ਇਸਤੇ ਭਾਈ ਕਾਹਨ ਸਿੰਘ ਨਾਭਾ ਨਵਾਸ਼ੀ ਜੀ ਕੀ ਗਵਾਹੀ ਸਮੀਚੀਨ ਨਹੀ ਅਸੰਗਤ ਯਾਨੇ ਮਿਥਿਆ ਭਾਸ਼ਣ ਰੂਪ ਹੋਣੇਤੇ ਅਪ੍ਰਮਾਣ ਨੀਯ ਹੈ, ਇਤੀ ਨੌਵਾ ਪ੍ਰਸ਼ਨ:—

(੧੦) ਇਸ ਦਸਵੇ ਪ੍ਰਸ਼੍ਨ ਮੇ ਜੋ ਗਵਾਹੀ ਕਰਤਾ ਸੂਰਜ ਪ੍ਰਕਾਸ਼ ਕੀ ਛਾਪਾ ਟੈਪ ਪਤ੍ਰਾ ਨੰਬਰ ੪੯੬, ਰਾਸ ੩, ਅੰਸੂ ੪੭, ਅੰਕ ੩੯, ੪੦, ੪੧, ਕੀ ਦੀ ਹੈ ਸੋਭੀ ਕਈ ਕਾਰਣੋਂ ਸੇ ਅਪਰਮਾਣ ਹੈ, ਪਹਿਲਾ ਕਾਰਣ ਯਹਿ ਸੂਰਜ ਪ੍ਰਕਾਸ਼ ਭਾਈ ਸੰਤੋਖ ਸਿੰਘ ਜੀ ਨੇ ਸੰਮਤ ਬਿਕ੍ਰਮੀ ੧੯੦੦ ਸੌ ਮੇਂ ਤਯਾਰ ਕੀਆ ਹੈ ਅਤੇ ਉਸੀ ਜ਼ਮਾਨਾ ਮੇ ਇਕ ਭਾਈ ਸੋਭਾ ਸਿੰਘ ਨਾਮੀ ਸਿੰਘ ਸ੍ਰੀ ਅੰਮ੍ਰਿਤਸਰ ਜੀ ਧਰਮਸ਼ਾਲਾ ਠਾਕੁਰ ਦਯਾਲ ਸਿੰਘ ਜੀ ਮੇ ਬ੍ਰਾਜਮਾਨ ਥੇ ਅਤੇ ਪਹਿਲੇ



Sri Satguru Jagjit Singh Ji eLibrary NamdhariElibrary@gmail.com

ਆਪ ਪਟਿਆਲੇ ਕੇ ਲਾਇਕ ਅਹਿਲਕਾਰ ਥੇ ਸੋ ਸਭ ਸੇ ਪਹਿਲੇ "ਰਾਗਮਾਲਾ" ਪਰ ਦੂਸ਼ਨ ਇਨ ਸਾਹਿਬੋਂ ਨੇ ਹੀ ਉਠਾਯਾ ਥਾ ਅਤੇ ਇਨ੍ਹੋਂ ਨੇ ਕਰਤਾ ਸੂਰਜ ਪ੍ਰਕਾਸ਼ ਭਾਈ ਸੰਤੋਖ ਸਿੰਘ ਜੀ ਕੋ ਕੈਥਲ ਮੇਂ ਜਾਕਰ ਐਸੇ ਐਸੇ ਉਲਝਾ ਰੂਪ ਪ੍ਰਸ਼ਨ ਕਰਕੇ ਭ੍ਰਮਾ ਦੀਆ ਅਤੇ ਏਹੁ ਫਰਜੀ ਸੰ: ੯੯੧ ਦੀ ਪੋਥੀ ਭੀ ਦਿਖਾਈ ਸਾਥ ਯਿਹ ਭੀ ਕਹਿ ਦੀਆ ਕਿ ਤੁਸੀ "ਰਾਗਮਾਲਾ" ਦਾ ਖੰਡਨ ਲਿਖ ਦੇਵੋ ਤੇ ਜੋ ਪਾਪ ਹੋਵੇਗਾ ਸੋ ਮੇਰੇ ਜ਼ਿਮੇ, ਇਸ ਪੇਚ ਮੇਂ ਆਕਰ ਭਾਈ ਸੰਤੋਖ ਸਿੰਘ ਜੀ ਨੇ "ਰਾਗਮਾਲਾ" ਕਾ ਖੰਡਨ ਕੀਆ, ਕਦਾਚਿਤ ਪ੍ਰੇਮੀ ਕਹੇਂ ਕਿ ਇਸ ਕਥਨ ਕਾ ਸਾਬੂਤ ਕੀ ਸੋ ਲੋ ਸਾਬੂਤ ਭੀ ਪ੍ਰੇਮੀਓਂ ਕੀ ਦ੍ਰਿਸ਼ਟੀ ਗੋਚਰ ਕਰਦਾ ਹਾਂ, ਊਪਰ ਕਹੇ ਮਹਾਤਮਾ ਭਾਈ ਸੋਭਾ ਸਿੰਘ ਜੀ ਨੇ ਇਕ ਆਮ ਦੀਵਾਨ ਸ੍ਰੀ ਅੰਮ੍ਰਿਤਸਰ ਜੀ ਤਖਤ ਅਕਾਲ ਬੁੰਗੇ ਸਾਹਿਬ ਮੇ ਕੀਆ ਜਿਸਮੇ ਗ੍ਰੰਥੀ ਭਾਈ ਜਵਾਹਰ ਸਿੰਘ ਜੀ ਅਤੇ ਭਾਈ ਭਗਤਿ ਸਿੰਘ ਜੀ ਔਰ ਭਾਈ ਦੀਵਾਨ ਸਿੰਘ ਜੀ ਸੇ ਆਦਿ ਸਭੀ ਥੇ ਅਤੇ ਠਾਕਰ ਦਯਾਲ ਸਿੰਘ ਜੀ ਸੇ ਆਦਿ ਸਰਬ ਨ੍ਰਿਮਲੇ ਸੰਤ, ਬ੍ਰਹਮ ਬੂਟਾ ਜੀ ਸੇ ਆਦਿ ਸਰਬ ਉਦਾਸੀ ਸੰਤ ਇਤਾਦੀ ਜੋ ਗੁਰੂ ਘਰ ਦੇ ਮੁਖੀ ਥੇ ਸਭ ਦੀਵਾਨ ਮੇਂ ਉਪਸਥਿਤ ਥੇ ਤਬ ਭਾਈ ਸੋਭਾ ਸਿੰਘ ਜੀ ਨੇ ਕਹਿਆ ਅਤੇ "ਰਾਗਮਾਲਾ" ਖੰਡਣ ਰੂਪ ਯੁਗਤੀਆਂ ਸਭੀ ਕਹੀਆਂ ਅੰਤਕੋ ਯਹ ਭੀ ਪ੍ਰਗਟ ਕੀਆ ਕਿ "ਰਾਗਮਾਲਾ" ਨਾ ਪੜ੍ਹਨੇ ਸੇ ਜੋ ਪਾਪ ਹੋਵੇ ਸੋ ਸਭ ਮੇਰੇ ਜ਼ਿਮੇ ਰਹਾ ਬਾਦ ਊਪਰ ਲਿਖੇ ਪੰਥ ਮੁਖੀਆਂ ਨੇ ਸਲਾਹ ਦਿਤੀ ਅਤੇ ਫੈਸਲਾ ਕੀਤਾ ਜੋ ਬੇਨਤੀ ਰੂਪ ਅਰਦਾਸਾ (ਸ੍ਰੀਗੁਰੂ) ਜੀ ਕੇ ਆਗੇ ਸੋਧੋ ਅਤੇ ਸਾਲ ਭਰ ਦੀ ਮੋਹਲਤ ਰਖੋ ਉਪ੍ਰੰਤ ਸਲਾਹ ਕੇ ੫ ਪਯਾਰੇ ਸਣ ਕੇਸੀ ਇਸ਼ਨਾਨਕੀਆ ਖੂਬਸ਼ਸਤ੍ਰ ਬਸਤ੍ਰੋਂ ਸ ਪਵਿਤ੍ਰ ਹੋ ਇਕ ਮਨ ਅਰਦਾਸਾ ਸੋਧਿਆ (ਪ੍ਰਿਥਮ ਭਗਉਤੀ ਸਿਮਰਕੇ ਗੁਰੂ ਨਾਨਕ ਲਈਂ ਧਯਾਏ) ਸੇ (ਸਭ ਥਾਈ ਹੋਇ ਸਹਾਇ) ਅੰਤ ਦਸਮੇਸ਼ ਪਿਤਾ ਜੀ ਦਾ ਸਿਮਰਣ ਕਰ ਅਤੇ ਸਭ ਗੁਰਦੁਯਾਰੇ ਸ਼ਹੀਦ ਮਰੀਦ ਹਠੀ ਜਪੀ ਤਪੀ ੫ ਪਯਾਰੇ ਸਾਹਿਬਜ਼ਾਦੇ ਮੁਕਤੇ ਝੰਡੇ ਬੁੰਗੇ ਆਦੀ ਸਰਬਕਾ ਸਮਰਨਕਰ ਅੰਤਕੋ ਪ੍ਰਾਰਥਨਾ ਕੀ ਕਿ ਹੇ ਦੀਨ ਦਯਾਲ ਜੀ ਜੇ ਤੋ "ਰਾਗਮਾਲਾ" ਗੁਰਬਾਣੀ ਹੈ ਤੋ ਤੋਂ ਭਾਈ ਸੋਭਾ ਸਿੰਘ ਜੀ ਦੀ ਜ਼ਬਾਨ ਮੇ ਕੀੜੇ ਪਵੇਂ ਅਤੇ ਕੁਸ਼੍ਟੀ ਹੋ ਕੇ ਮਰੇ ਅਤੇ ਜੇ ਗੁਰਬਾਣੀ ਨਹੀ ਤੋਂ ਸਾਲ ਭਰ ਸੇ ਬਾਦ ਇਨਕੇ ਨਿਰੋਗ ਰਹਿਨੇ ਪਰ ਅਸੀ ਸਭ ਲੋਕ "ਰਾਗਮਾਲਾ" ਕਾ ਤਯਾਗ ਕਰ ਦੇਂਗੇ ਸੋ ਐਸੇ ਅਰਦਾਸਾ ਸੋਧਨੇ ਕੇ ਬਾਦ ੮ ਦਿਨ ਕੇ ਹੀ ਭਾਈ ਸੋਭਾ ਸਿੰਘ ਜੀ ਸਖਤ ਬੀਮਾਰ ਹੋਗੈ ਅਤੇ ਜ਼ਬਾਨ ਮੇਂ ਕੀੜੇ ਭੀ ਪੈਗੇ ਅਤੇ ਸਾਲ ਭਰ ਮੇ ਰਿਝ ੨ ਕੇ ਅੰਤ ਮੇਂ ਓਨਾਂ ਨੇ ਕਾਗਜ਼ ਪਰ ਕਲਮ ਸੇ ਲਿਖ ਕੇ ਦੱਸਿਆ ਜੋ ਮੇਰੇ ਨਾਮ ਸੇ ਸਾਧ ਸੰਗਤਿ ਨੇ ਅਰਦਾਸਾ ਸੋਧਿਆ ਸੀ ਸੋ ਮੈਨੇ ਆਪਣੇ ਕੀਤੇ ਕਰਮ ਦਾ ਫਲ ਭੋਗ ਲੀਤਾ ਹੈ ਅਤੇ ਅਬ ਮੈਨੂੰ ਚੁਕਵਾ ਕੇ ਦ੍ਰਬਾਰ ਸਾਹਿਬ ਲੈ ਚਲੋ ਔਰ ਮੇਰੀ ਤਰਫ ਸੇ ਮਾਫੀ ਰੂਪ ਅਰਦਾਸਾ ਸੋਧਕੇ ਬੇਨਤੀ ਕੀਤੀ ਜਾਵੇ ਜੋ ਮੇਰਾ ਸ਼ਰੀਰ ਛੁਟ ਜਾਵੇ ਅਤੇ ਦਰਬਾਰ ਸਾਹਿਬ ਦੇ ਰੋਜ਼ਨਾਮਚੇ ਮੇਂ ਲਿਖਿਆ ਜਾਵੇ ਜਿਸ ਤਰਹਿ ਮੈਨੇ ਅਪਨੇ ਕਰਮ ਦਾ ਫਲ ਭੁਗਤਿਆ ਹੈ ਤਾ ਕੇ ਫਿਰ ਕੋਈ ਕਬੀ ਗੁਰਬਾਣੀਆਂ ਪਰ ਸ਼ੰਕਾ ਨ ਕਰੇ ਸੋ ਲੇਖ ਮੈਨੇ ਦਰਬਾਰ ਸਾਹਿਬ ਦੇ ਰੋਜ਼ਨਾਮਚੇ ਵਿਚੋਂ ਬਹੁਤ ਹੀ ਤਾਲਾਸ ਕਰਵਾਯਾ ਅਤੇ ਭਾਈ ਭੋਲਾ ਸਿੰਘ ਜੀ ਮੁਨਸ਼ੀ ਨੇ ਬਹੁਤ ਦਿਨਾ ਦੇ ਬਾਦ ਊਪਰ ਕਹਾ ਪ੍ਰਸੰਗ ਦੱਸਿਆ ਜੋ ਮੈਨੇ ਲਿਖਕੇ ਪੰਥ ਦੀ ਦ੍ਰਿਸ਼੍ਟੀਗੋਚਰ ਕੀਤਾ ਹੈ:—

(ਦੂਸ੍ਰਾ) ਕਾਰਣ ਭਾਈ ਸੰਤੋਖ ਸਿੰਘ ਜੀ ਕੀ ਗਵਾਹੀ ਅਪ੍ਰਮਾਣਤਾ ਮੇਂ ਯਹ ਹੈ ਕਿ ਊਪ੍ਰ ਕਹੇ ਅੰਕ ੪੦ ਮੇਂ ਭਾਈ ਜੀ ਸੰਸੇ ਸੰਯੁਗਤ ਲਿਖਤੇ ਹੈਂ ਯਥਾ (ਇਹ ਸੁਧ ਨਹੀ ਲਿਖੀ ਏਹ ਗੁਰਨੇਵਕਿਧੋ ਸਿਖ ਕਾਹੂੰ ਲਿਖ ਦੀਨ) ਕਿਉਂ ਮਿਤ੍ਰਵਰੋ ਬੀਚਾਰ ਲੋ ਜਬ ਕਰਤਾ ਸੂਰਜ ਪ੍ਰਕਾਸ਼ ਜੀ ਤੀਸਰੀ ਰਾਸਕੇ ਅੰਸੂ ੪੭ ਅੰਕ ੪੦ ਮੇ ਸਾਫ ਲਿਖਦੇ ਹਨ ਜੋ ਮੈਨੂੰ ਮਾਲੂਮ ਨਹੀ ਕਿ "ਰਾਗਮਾਲਾ" ਸ੍ਰੀ ਗੁਰੂ ਜੀ ਨੇ ਲਿਖੀ ਹੈ ਅਥਵਾ ਕਿਸੀ ਸਿਖਨੇ ਜਬ ਭਾਈ ਜੀ ਨੂੰ ਮਾਲੂਮ ਹੀ ਨਹੀ ਤੋ ਫਿਰ ਉਨਕੀ ਗਵਾਹੀ ਮਾਨਣੇ ਯੋਗ ਕੈਸੇ, ਸੋ ਪ੍ਰਿਯਵਰ ਖਾਲਸਾ ਜੀ ਲੋ ਅਬ ਆਪਕੋ ਮੈ ਮਾਨਣੇ ਯੋਗ ਗਵਾਹੀ ਦਸਦਾ ਹਾਂ, ਗੁਰਬਿਲਾਸ ੬ ਪਾਤਸ਼ਾਹ (ਸ੍ਰੀ ਗੁਰੂ ਹਰਿਗੋਬਿੰਦ ਜੀ) ਕਾ ਜਿਸਮੇਂ ਸੰਬਾਦ ਭਾਈ ਮਨੀ ਸਿੰਘ ਜੀ ਅਤੇ ਭਾਈ ਭਗਤਿ ਸਿੰਘ ਜੀ ਕਾ ਹੈ ਅਤੇ ਸਾਥ ਹੀ ਦੂਸ੍ਰੇ ਗੁਰਭਾਈ ਭਾਈ ਧਰਮ ਸਿੰਘ ਜੀ ਭੀ ਸ੍ਰੋਤਾ ਥੇ ਤਿਨਕੇ ਚੇਲੇ ਭਾਈ ਸੋਹਨ ਨਾਮੇ ਕਵੀ ਕ੍ਰਿਤ ਗੁਰਬਿਲਾਸ ਜੋ ਸੰ: ਬਿ: ੧੭੭੪ ਮੇਂ ਆਰੰਭ ਜੇਠ ਮਹੀਨੇ ਕਰ ੧੫



Sri Satguru Jagjit Singh Ji eLibrary NamdhariElibrary@gmail.com

ਮਹੀਨੇ ਸੰ: ੧੭੭੫ ਸ੍ਰਾਵਣ ੨੧ ਕੋ ਸਮਾਪਤ ਕੀਆ ਸੋ ਇਸ ਗ੍ਰੰਥ ਕੇ ਪਹਿਲੇ ਐਸਾ ਗੁਰੂ ਇਤਹਾਸਕ ਗ੍ਰੰਥ* ਕੋਈ ਭੀ ਨਹੀ ਯਾਤੇ ਪ੍ਰਮਾਣਨੀਕ ਹੈ !! ਕਿਉਂ ਕਿ ਇਹ (ਗ੍ਰੰਥ ਸ੍ਰੀ ਗੁਰੂ ਦਸਮੇਸ਼) ਪਿਤਾ ਜੀ ਕੇ ਜੋਤੀ ਜੋਤਿ ਸਮਾਉਣ ਸੇ ੧੦ ਬਰਸ ਪੀਛੇ ਹੀ ਤਯਾਰ ਹੋ ਗਿਯਾ ਸੀ ਕਿਉਂ ਕਿ ਗੁਰੂ ਪਿਤਾ (ਸ੍ਰੀ ਗੁਰੂ ਗੋਬਿੰਦ ਸਿੰਘ) ਜੀ ਜੋਤੀ ਜੋਤਿ ੧੭੬੫ ਮੇ ਸਮਾਏ ਹੈ, ਅਤੇ ੧੭੭੫ ਮੇਂ ਏਹ ਗ੍ਰੰਥ (ਸ੍ਰੀ ਗੁਰੂ) ੬ ਪਾਤਸ਼ਾਹ ਜੀ ਕੇ ਗੁਣਾ ਨੂੰ ਬਾਦ ਕਥਨ ਕਰਤਾ ਤਯਾਰ ਹੂਆ ਹੈ ਅਤੇ ਗ੍ਰੰਥ ਕੇ ਚੌਥੇ ਅਧਯਾਇ ਕੇ ੬੫੧ ਦੋਹਰੇ ਮੇਂ ਇਉਂ ਲਿਖਾ ਹੈ ।।ਦੋ:।। "ਰਾਗਨ ਕੀ ਬਿਨਤੀ ਸੁਨੀ ਗੁਰੁ ਅਰੁਜਨੁ ਸੁਖ ਖਾਨ" ।। ਰਾਗਮਾਲ ਤਬ ਹੀ ਰਚੀ ਭੋਗ ਤਾਹਿ ਪਰ ਠਾਨ ।।੬੫੧।।

ਜਬ ਸ੍ਰੀ ਗੁਰੂ ਸਾਹਿਬ ਜੀ "ਰਾਗਮਾਲਾ" ਕੋ ਰਚਕਰ ਭੋਗ ਕੀ ਸਮਾਪਤੀ ਕੀਤੀ ਤਿਸੀ ਸਮੇ ਭਾਈ ਬੰਨੋ ਸਾਹਿਬ ਜੀ ਲੰਮੇ ਦੇਸ ਕੀ ਸੰਗਤਿ ਸੰਜੁਗਤ ਸ੍ਰੀ ਅੰਮ੍ਰਿਤਸਰ ਜੀ ਮੇਂ, ਕਰਣ ਕਾਰਣ ਜੋਤੀ ਸ੍ਵਰੂਪ ਜਗਤਾਧਾਰ ਸ੍ਰੀ ਗੁਰੂ ਪੰਚਮ ਪਾਤਸਾਹਿ ਜੀ ਕੇ ਦਰਸ਼ਨਾਰਥ ਆਏ, (ਸ੍ਰੀ ਗੁਰੂ ਜੀ) ਭਾਈ ਬੰਨੋ ਜੀ ਕੋ ਹੁਕਮ ਦੀਆ ਕਿ ਭਾਈ ਜੀ ਲਵਪੁਰ ਮੇਂ ਜਾ ਕੇ ਜਿਲਦ ਬੰਧਵਾ ਲਿਆਓ, ਭਾਈ ਬੰਨੋਂ ਜੀ ਨੇ ਬੇਨਤੀ ਕੀਤੀ ਜੀ ਸਚੇ ਪਾਤਸ਼ਾਹ ਜੀ ਆਗਿਆ ਹੋਵੇ ਤੋ ਮਾਗਟ ਮੇਂ ਲੰਮੇਂ ਦੀ ਸੰਗਤਿ ਨੂੰ ਦਰਸਨ ਭੀ ਕਰਾ ਲਿਆਵਾਂ ।। ਹੁਕਮ ਹੂਆ ਜੋ ਮਾਗਟ ਮੇ ਏਕ ਰਾਤ ਹੀ ਰਹਿਣਾ ।। ਭਾਈ ਜੀ ਸਤਿਬਚਨ ਕਹੈ ਪਧਾਰੇ ਅਤੇ ਰਸਤੇ ਮੇ ਪਾਂਚ ੨ ਕੋਸ ਪਰ ਮਕਾਮ ਕਰਤੇ ਹੂਏ ਮਾਂਗਟ ਪਹੁੰਚ ਕੇ ਏਕ ਹੀ ਰਾਤ ਨਿਵਾਸ਼ ਕਰ ਫਿਰ ਪਾਂਚ ੨ ਕੋਸ ਕੀ ਮਨਜ਼ਲ ਕਰਤੇ ਲਾਹੌਰ ਵਾਪਸ ਆਏ ਪ੍ਰੂੰਚੇ ਆਤੇ ਜਾਤੇ ਰਸਤੇ ਮੇ ਲਿਖਵਾਕੇ ਤੇ ਦੂਸ੍ਰੀ ਬੀੜ ਭੀ ਤਯਾਰ ਕ੍ਰਾ ਲਈ ਪ੍ਰੂੰਚੇ ਭਾਈ ਬੰਨੋ ਜੀ ਕੋ ਏਕ ਪੋਥੀ ਰਸਤੇ ਮੇ ਕਿਸੀ ਸਿਖ ਪਾਸੋ ਮਿਲੀ ਜਿਸਮੇ ਕੁਛਕ ਬਾਣੀਆਂ ਔਰ ਜ਼ਿਯਾਦਾ ਪਹਿਲੀ ਬੀੜੋਂ ਸਨ ਜੋ ਆਪਨੀ ਲਿਖਵਾਈ ਬੀੜ ਪਰ ਚੜ੍ਹਾ ਲਈਆਂ ਅਤੇ ਸਭ ਕੇ ਅੰਤ ਪਰ ਗੁਰੂ ਮੋਹਰ "ਰਾਗਮਾਲ" ਲਿਖੀ ਯਥਾ ਸੂਰਦਾਸ ਦਾ ਸ਼ਬਦ ਸਾਰਾ ਜਿਸਦੀ ਆਦਿ ਬੀੜ ਮੇ ਇਕ ਤੁਕ ਥੀ (ਛਾਡ ਮਨ ਹਰਿ ਬੇਮੁਖਨ ਕੋ ਸੰਗ) ਇਹ ਸ਼ਬਦ ਸੰਪੂਰਨ ਲਿਖਿਆ ਅਤੇ ੧ ਸ਼ਬਦ ਮੀਰਾਬਾਈ ਦਾ ਲਿਖਿਆ ਪੁਨਾ (ਜਿਤਦਰ ਲਖ ਮਹਿੰਦਾ) ਦੇ ਤੀਨ ਸਲੋਕ ਫਿਰ (ਬਾਇਆਤਾਸ) ਦੇ ਸੋਲਾਂ ਸਲੋਕ ਆਗੇ (ਰਾਇ ਮੁਕਾਮ ਰਾਜੇ ਸਿਵਨਾਭ ਕੀ) ਅੰਤ (ਰਾਗਮਾਲਾ) ਯਥਾ ੬ ਗੁਰੂ ਗੁਰਬਿਲਾਸ ਦੋਤੁਕਾ ਚੌਪਈ ਦੀਆ ।।

ਚੌਪਈ ।। ਰਾਇਮੁਕਾਮ ਸ਼ਿਵਨਾਭ ਲਿਖਾਈ ।।
ਰਾਗਮਾਲ ਪੀਛੇ ਲਿਖ ਪਾਈ ।।੬੭੭।।

ਸੋ ਇਸ ਪ੍ਰਕਾਰ ਬਾਣੀਆਂ ਦੀ ਸਮਾਪਤੀ ਕਰ ਦੋਨੋਂ ਜਿਲਦਾ ਬੰਧਵਾ ਸ੍ਰੀ ਅੰਮ੍ਰਿਤਸਰ ਜੀ ਮੇ ਭਾਈ ਜੀ ਪਹੁੰਚੇ।

ਦੋ: ।। ਆਵਤਿ ਦੇਖ ਗੁਰੂ ਗ੍ਰੰਥ ਕੋ ਉਠੇ ਪ੍ਰਭੂ ਹਰਿਖਾਏ ।।
ਕਰਬੰਦਨ ਸ੍ਰੀ ਗ੍ਰੰਥ ਕੋ ਬੈਠੇ ਢਿਗ ਤਬਆਏ ।।੬੭੯।।
ਦੋਏ ਗ੍ਰੰਥ ਜੀ ਦੇਖ ਕੇ ਸ੍ਰੀ ਮੁਖਕੀਨ ਉਚਾਰ ।।
ਭਾਈ ਬੰਨੋ ਕਿਆ ਕੀਓ ਕਹੋ ਸਤ ਨਿਰਧਾਰ ।।੬੮੦।।

---

*ਮੈਨੇ ਏਹ ਗ੍ਰੰਥ ਲਿਖਤ ਦੇ ਪ੍ਰਾਚੀਨ ਕਈ ਦੇਖੇ ਹਨ ਪੋਠੋਹਾਰ ਇਲਾਕਾ ਰਾਵਲਪਿੰਡੀ ਯਥਾ (੧) ਸੁਖੋ ਚੌਧਰੀ ਹਜਾਰਾ ਸਿੰਘ ਦੇ ਘਰ, (੨) ਹਜ਼ਰੋ ਧਰਮਸਾਲਾ ਸ੍ਰੀਮਾਨਜ ਸੰਤ ਆਤਮਾ ਸਿੰਘ ਜੀ, (੩) ਖਾਸ ਫਤੇਜੰਗ ਜੋ ਬਹੁਤ ਹੀ ਪ੍ਰਾਚੀਨ ਹੈ, (੪) ਮਾਲਵੇ ਦੇਸ਼ ਪਕਾ ਪਥ੍ਰਾਲਾ ਸ੍ਰੀਮਾਨਜ ਜੀਵਨ ਸਿੰਘ ਨਿਹੰਗ ਜੀ ਕੇ ਪਾਸ ।। ਇਤਾਦੀ ਔਰ ਭੀ ਬਹੁਤ ਦੇਖੇ ਹਨ ।।



Sri Satguru Jagjit Singh Ji eLibrary NamdhariElibrary@gmail.com

ਚੌਪਈ ॥ ਬੰਨੋਂ ਕਹਾ ਪ੍ਰਭੂ ਤੁਮ ਜਾਨੋ ॥
ਸੰਗਤਿ ਹਿਤ ਮੈਂ ਉਦਮ ਠਾਨੋਂ ॥
ਪਰਉਪਾਕ ਗੁਰ ਤਾਹਿ ਦਿਖਰਾਏ ॥

ਦਸਖਤ ਕਰੇ ਸੋ ਪ੍ਰਭ ਸੁਖਦਾਏ ॥੬੮੧॥
ਸ੍ਰੀ ਮੁਖ ਕਹਾ ਬੀੜ ਦੋ ਭ਼ਈ ॥
ਇਕ ਗੁਰਦਾਸ ਇਕ ਬੰਨੋਂ ਕਈ ॥
ਗੁਰਦਾਸ ਬੀੜ ਪਰ ਦਸਖਤ ਕਰੇ ॥
ਸੰਮਤ ਲਿਖਿਓ ਅਧਕ ਸੁਖ ਭਰੇ ॥੬੮੨॥
ਸੰਮਤ ਸੋਲਾਸੈ ਸੁਖਕਾਰੀ ॥
ਇਕ ਸਠ ਤਾਕੇ ਊਪਰ ਧਾਰੀ ॥
ਭਾਦ੍ਰੋ ਸੁਦੀ ਏਕਮ ਸੁਖਦਾਈ ॥
ਸ੍ਰੀ ਗ੍ਰੰਥ ਭਜੋ ਪੂਰ ਸੁਹਾਈ ॥੬੮੩॥
ਤਤਕਰਾ ਮੇਂ ਸੰਮਤ ਲਿਖਧਾਰਾ ॥
ਦਯਾਸਿੰਧ ਕੀਅ ਪਰ ਉਪਕਾਰਾ ॥
ਬੰਨੋ ਕੋ ਅਸ ਬਚ ਫਰਮਾਏ ॥
ਤਾਰੋ ਦੇਸ ਕੋ ਆਨੰਦ ਪਾਏ ॥੬੮੪॥

ਪਯਾਰੇ ਭਾਈਓ ਜ਼ਰਾ ਖਯਾਲ ਸੇ ਬੀਚਾਰੋ ਜੋ ਭਾਈ ਬੰਨੋ ਜੀ ਨੇ ਕੈਸਾ ਉਪਕਾਰ ਕੀਤਾ ਕਦਾਚਿਤ ਭਾਈ ਬੰਨੋ ਜੀ ਦੂਸ੍ਰੀ ਬੀੜ ਨ ਬਣਾਉਂਦੇ ਤੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਾ ਦੀਦਾਰ ਘਰ ਘਰ ਨਸੀਬ ਨਾ ਹੁੰਦਾ ਪਸ ਇਤਨੇ ਮੇਂ ਹੀ ਖਯਾਲ ਕਰ ਲੋ ਜਬ ਪੰਥ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋ ਹੀ ਨਹੀ ਪ੍ਰਾਪਤਿ ਹੂਆ ਤੋ ਹਮੇਂ ਤੁਮੇਂ ਕਹਾਂ, ਵਿਚਾਰਵਾਨੋਂ ਐਸੇ ਪਰਉਪਕਾਰੀ ਭਾਈ ਬੰਨੋ ਜੀ, ਜਿਨਕੋ ਭਾਈ ਕਾਹਨ ਸਿੰਘ ਨਾਭਾ ਨਿਵਾਸੀ ਜੀ ਭਾਰੀ ਇਲਜ਼ਾਮ ਗੁਰਮਤ ਸੁਧਾਕਰ ਦੇ ੪੯੯ ਸਫੇ ਪਰ ਹੁਕਮ ਅਦੂਲੀ ਕਾ ਦਿੰਦੇ ਹਨ ਬਜ਼ੁਰਗੋ ਜਬ ਸ੍ਰੀ ਗੁਰੂ ਪੰਚਮ ਪਾਤਸ਼ਾਹ ਜੀ ਉਨਕੀ ਵਾਧੂ ਬਾਨੀਆਂ ਕੋ ਮਨਜ਼ੂਰ ਕਰ ਅਤੀ ਪ੍ਰਸਨਤਾਂ ਸੇ ਦਸਤਖਤ ਅਪਨੇ ਪਵਿਤ੍ਰ ਹਸ੍ਤਕਮਲੋਂ ਸੇ ਕਰ ਦੀਏ ਅਤੇ ਛਠਮ ਪਾਤਸ਼ਾਹ ਜੀ ਸੇ ਮਾਰੂ ਰਾਗ ਕੇ ਅੰਤ ਮੇਂ ਕਰਾ ਦੀਏ ਮੋਹਰ ਸੰਯੁਗਤ, ਤੋ ਫਿਰ ਹੁਕਮ ਅਦੂਲੀ ਹੀ ਕਿਆ, ਪੁਨਾ ਆਗੇ ਊਪਰ ਕਥਨ ਕੀਏ ਗੁਰ ਬਿਲਾਸ ਕੇ ਚੌਥੇ ਅਧਯਾਏ ਕਾ ਪ੍ਰਸੰਗ ਔਰ ਭੀ ਸੁਣ ਲੋ ਯਥਾ ਸ੍ਰੀ ਗੁਰੂ ਪੰਚਮ ਜੀ ਆਗਿਆ ਦਿਦੇਂ ਹਨ ॥

॥ਚੌਪਈ॥ ਕੀ ਦੋਤੁਕ॥

ਬੇਦ ਪੁਰਾਨ ਅਬ ਸਭ ਮਥ ਲੀਨੇ ॥
ਸਭ ਕਾ ਸਾਰ ਗ੍ਰੰਥ ਜੀ ਕੀਨੇ ॥੬੯੪॥
ਮ੍ਰਿਤੁ ਪਾਛੇ ਇਹਿ ਗੀਤ ਸੁ ਕਰੋ ॥
ਗੁਰੂ ਗ੍ਰੰਥ ਕਾ ਪਾਠ ਸੁ ਧਰੋ ॥
ਪਾਵੋ ਭੋਗ ਰਾਗਮਾਲਾ ਪੜ੍ਹ ॥
ਛਿਨਮੇ ਪਾਪ ਜਾਹਿ ਤਾਕੇ ਸੜ ॥੬੯੫॥



Sri Satguru Jagjit Singh Ji eLibrary NamdhariElibrary@gmail.com

ਕੜਾਹਿ ਪੁਸ਼ਾਕ ਤਿਹ ਨਮਿਤ ਕਰਾਵੇ ॥
ਨਰਕ ਦੁਆਰ ਕੋ ਸੋ ਨਹਿੰ ਜਾਵੇ । ਚੌ: ਦੀਆਂ ਦੋ ਤੁਕਾਂ
ਦੋ: ॥ ਧਾਰ ਪ੍ਰੇਮ ਗੁਰੂ ਗ੍ਰੰਥ ਕਾ ਕਰੇ ਪਾਠ ਮਨ ਲਾਇ ॥
ਰਾਗਮਾਲ ਪੜ੍ਹ ਪ੍ਰੇਮ ਸੋ ਭੋਗ ਜਪਜੀ ਤੇ ਪਾਇ ॥੭੦੯ ॥

ਕਿਉਂ ਮਿਤ੍ਰ ਜੀ ਅਬ ਤੋ ਪ੍ਰਾਚੀਨ ਗ੍ਰੰਥ ਕੇ ਪ੍ਰਮਾਣ ਸੁਣ ਲੈ ਜੋ "ਰਾਗਮਾਲਾ" ਸ੍ਰੀ ਗੁਰੂ ਪੰਚਮ ਪਾਤਸ਼ਾਹ ਜੀ ਰਾਗੋਂ ਕੀ ਬੇਨਤੀ ਸੇ ਰਚਕਰ ਲਿਖੀ ਅਤੇ ਭੋਗ ਦੀ ਸਮਾਪਤੀ ਰੂਪ ਮੋਹਰ ਲਗਾਈ ਅਤੇ ਫਿਰ ਦੂਸਰੀ ਬੀੜ ਮੇ ਭਾਈ ਬੰਨੋ ਜੀ ਭੀ ਵਾਧੂ ਬਾਣੀਆ ਚੜ੍ਹਾ ਅੰਤ ਮੇਂ "ਰਾਗਮਾਲਾ" ਲਿਖੀ ਪੁਨਾ ਸ੍ਰੀ ਗੁਰੂ ਜੀ ਕੀ ਆਗਿਆ ਰੂਪ ਦੋ ਪ੍ਰਕਾਰ ਕੀ ਵਿਧੀ, ਕਿ ਮ੍ਰਿਤੁਕ ਪੀਛੇ ਭੋਗ ਰਾਗਮਾਲਾ ਪੜ੍ਹ ਕੇ ਸਮਾਪਤੀ ਕਰੋ ਤੁਮਾਰੇ ਸਭ ਪਾਪ ਨਸ਼ਟ ਹੋ ਜਾਵੇਂਗੇ ਅਤੇ ਪ੍ਰੇਮ ਸੇ ਪਾਠ ਕਰੋ ਤੋ ਰਾਗਮਾਲਾ ਪੜ੍ਹ ਭੋਗ ਜਪਜੀ ਤੇ ਪਾਵੋ ਧਰਮ, ਅਰਥ, ਕਾਮ, ਮੋਖ, ਕੀ ਪ੍ਰਾਪਤੀ ਹੋਗੀ, ਪੁਨਾ ਪ੍ਰਮਾਣ ਯਥਾ (ਸ੍ਰੀ ਗੁਰੂ ੬ ਪਾਤਸ਼ਾਹ) ਜੀ (ਪੰਚਮ ਸ੍ਰੀ ਗੁਰੂ ਜੀ) ਕੇ ਜੋਤੀ ਜੋਤ ਸਮਾਉਣੇ ਉਪ੍ਰੰਤ ਬਾਬੇ ਬੁੱਢੇ ਸਾਹਿਬ ਜੀ ਸੇ ਭੋਗ ਸ੍ਰੀ ਗੁਰੂ ਗ੍ਰੰਥ ਜੀ ਕਾ ਪਵਾਯਾ ਹੈ ॥ ਗੁਰ: ੬ ਗੁਰੂ ਅਧਯਾਏ ੮ ਕੇ ੧੩॥ ਦੋ: ॥ ਲੈ ਆਗਿਆ ਸਭਕੀ ਤਬੈ ਬੁੱਢੇ ਪਾਇਓ ਭੋਗ ॥ ਰਾਗਮਾਲ ਪੜ੍ਹ ਪ੍ਰੇਮ ਸੋ ਗੁਰੂ ਗ੍ਰੰਥ ਜੀ ਜੋਗ ॥ ੧੩॥ ਕਿਉਂ ਪ੍ਰਿਯਵਰਜੀ ਅਬਤੋਂ ਨਿਰਸੰਦੇਹਤਾਭਈ ਕਿਉਂ ਕਿ ਇਸ ਗ੍ਰੰਥ ਸੇ ਪਹਿਲੇ ਐਸਾ ਗੁਰੂ ਇਤਹਾਸਕ ਗ੍ਰੰਥ ਕੋਈ ਭੀ ਨਹੀ ਬਣਿਆ ਸੋ ਐਸਾ ਪ੍ਰਾਚੀਨ ਜੋ ੧੭੭੫ ਕਾ ਪ੍ਰਮਾਣੀਕ ਗ੍ਰੰਥ ਹੈ ਇਸਤੇ ਗੁਰੂ ਕੇ ਪ੍ਰੇਮੀ ਨਿਰਹਠੀ ਤੋ ਜ਼ਰੂਰ ਹੀ ਮਾਨੇ ਗੇ, ਅਤੇ ਜੋ ਕੇਵਲ ਹਠਧਰਮੀ ਖੁਦਗਰਜ਼ੀ ਪੰਥ ਮੇ ਫੁਟਪਾਉਣ ਵਾਲੇ ਹਨ ਸੋ ਨ ਮਾਨੇ ਤੋ ਉਨਕੀ ਮਰਜ਼ੀ, ਅਫਸੋਸ ਹੈ ਕਿ ਪ੍ਰਾਚੀਨ ਖਾਲਸਾ ਤੋ ਬੜੀ ਘਾਲਨਾ ਘਾਲਨ ਵਾਲੇ ਹਠੀ ਜਪੀ ਤਪੀ ਸੂਰ ਬੀਰਾਂ ਕੋ ਪੰਥ ਆਗੂ ਪੰਥਮੁਖੀਆ ਯਾ ਪੰਥ ਵਿਦ੍ਵਾਨਪਨੇ ਕਾ ਖਿਤਾਬ ਬਖਸ਼ਿਆ ਕਰਦੇ ਸਨ ਪ੍ਰੰਚੇ ਅਸਮਨ ਕਾਲ ਯਾਨੇ ਮਾਲਕ ਇਸਜ਼ਮਾਨਾਕੇ ਖਾਲਸਾ ਬਿਨਾ ਸੋਚੇ ਸਮਝੇ ਹੀ ਖੁਦਗਰਜ਼ਾਂ ਸ੍ਵੈਅਰਥੀਆਂ ਮਿਥਿਆਵਾਦੀਆਂ ਧੋਖੇਬਾਜ਼ਾਂ ਕੋ ਪੰਥ ਮੁਖੀਆ ਯਾ ਪੰਥਵਿਦ੍ਵਾਨੀ ਕਾ ਖਿਤਾਬ ਬਖਸ਼ ਉਸਨੂੰ ਇਕ ਦਮ ਅਕਾਸ਼ ਮੇ ਚੜ੍ਹਾਂ ਦਿੰਦੇ ਹਨ ਥ੍ਰੰਤੂ ਜਬ ਲਾਹੌਰ ਕੇ ਡਾਕਟਰ ਸਾਹਿਬ ਕੀ ਤਰਹਿ ਪੋਲ ਨਿਕਲਦਾ ਹੈ ਤਾਂ ਭੋਲੇ ਖਾਲਸਾ ਜੀ ਦੀਆਂ ਅੱਖਾਂ ਖੁਲਦੀਆਂ ਹਨ, ਸੋ ਲੋ ਮਿਤ੍ਰੋ ਭਾਈ ਕਾਹਨ ਸਿੰਘ ਨਾਭਾ ਨਿਵਾਸੀ ਪੰਥਵਿਦ੍ਵਾਨ ਕੀ ਇਕ ਹੋਰ ਭੀ ਪੋਲ ਦਿਖਾਉਦਾ ਹਾਂ ਪ੍ਰੇਮੀ ਵੀਚਾਰ ਲੇਂ ॥ ਗੁਰਮਤ ਸੁਧਾਕਰ ਕੇ ਸਫੇ ੩੯੬ ਦੇ ਫੁਟ ਨੋਟਮੇ ਕੈਸੀ ਮਿਥਿਆਵਾਦਤਾ ਲਿਖਦੇ ਹਨ, ਯਥਾ (ਛਿਵੇ ਪਾਤਸ਼ਾਹ) ਜੀ ਕੇ ਗੁਰਬਿਲਾਸ ਮੇ ਕਰਤਾ ਕਾ ਨਾਮੁ ਨਹੀ, ਕਿਉ ਮਿਤ੍ਰੋ ਜ਼ਰਾ ਦਲੀਲ ਦੇ ਬੀਚਾਰਨਾ ਕਿ ਅੱਜ ਕਲ ਦੇ ਕਵੀ ਜੋ ਕੇਵਲ ਵਿਸ਼ੇਜ ਪ੍ਰਾਯਣੋਂ ਕੇ ਗੀਤ ਤਥਾ ਬੈਤਬਾਜ਼ੀ ਆਦੀ ਊਟਪਟਾਂਗ ਲਿਖਣ ਵਾਲੇ ਤੋ ਆਪਣਾ ਨਾਮ ਲਿਖ ਧਰਦੇ ਹਨ ਕਿੰਤੂ ਐਸਾ ਪਵਿਤ੍ਰ ਗੁਰੂ ਜਸ ਕਰਤਾ ਕਵੀ ਦਾ ਨਾਮ ਨ ਹੋਣਾ ਭਲਾ ਭਾਈ ਜੀ ਦੀ ਗੱਪ ਨਹੀ ਤੋ ਹੋਰ ਹੈ ਹੀ ਕਿਆ, ਅਗੇ ਚਲ ਭਾਈ ਜੀ ਅਕਲ ਦੇ ਪੂਰੇ ਇਸੀ ਊਪਰ ਲਿਖੇ ਸਫੇ ਫੁਟਨੋਟ ਦੀ ੧੯ ਸਤ੍ਰਮੇ ਘਰ ਦੇ ਢਕੋਸਲੇ ਲਾ ਮਨਘੜਤ ਗ੍ਰੰਥ ਕਰਤਾ ਦੋ ਕਵੀਆਂ ਦੇ ਨਾਮ ਲਿਖਦੇ ਹਨ, ਯਥਾ ॥ ਭਾਈ ਗੁਰਮੁਖ ਸਿੰਘ ਜੀ ਅਕਾਲ ਬੁੰਗੀਏ, ਅਤੇ ਦਰਬਾਰਾ ਸਿੰਘ ਜੀ ਚੌਕੀਵਾਲੇ, ਅਫਸੋਸ ਜੋ ਇਬਾਰਤ ਦੇ ਸ਼ੁਰੂ ਮੇਂ ਤੋ ਲਿਖਿਆ ਜੋ ਇਸ ਗ੍ਰੰਥ ਦੇ ਕਰਤਾ ਕਾ ਨਾਮ ਹੀ ਨਹੀ ਅਤੇ ਇਬਾਰਤ ਦੀ ੧੯ ਸਤ੍ਰ ਮੇ ਮਨਘੜਤ ਦੋ ਕਵੀ ਭੀ, ਮਮ ਜਿਹਵਾ ਨਾਸਤੀ ਵਤ ਲਿਖ ਦੀਏ, ਯਥਾ ਕਿਸੀ ਨੇ ਕਹਾ ਕਿ ਮੇਰੀ ਜਿਹਵਾ ਨਹੀ, ਸ੍ਰੋਤਾਨੇ ਉਤ੍ਰ ਦੀਆ ਜਬ ਤੇਰੀ ਜ਼ਬਾਨ ਹੀ ਨਹੀ ਤੋ ਤੂੰ ਬੋਲਦਾ ਕਿਸ ਤਰ੍ਹ ਹੈਂ, ਸੋ ਇਸੀ ਤਰਹ ਭਾਈ ਕਾਨ੍ਹ ਸਿੰਘ ਜੀ ਦਾ ਕਥਨ ਹੈ ਪਹਿਲੇ ਤੋਂ ਲਿਖਿਆ ਜੋ ਕਵੀ ਦਾ ਨਾਮ ਹੀ ਨਹੀ ਅਤੇ ਸਾਥ ਹੀ ਨੀਚੇ ਦੋ ਕਵੀਆਂ ਦੇ ਨਾਮ ਭੀ ਲਿਖ ਦਿਤੇ, ਸੋ ਅਬ ਮੈ ਭਾਈ ਜੀ ਸੇ ਪੂਛਤਾ ਹਾਂ ਕਿ ੬ (ਪਾਤਸ਼ਾਹ) ਜੀ ਕੇ ਗੁਰਬਿਲਾਸ ਦੇ ਜੋ ਦੋ ਕਵੀ ਆਪਨੇ ਦਸੇ ਹਨ ਸੋ ਗ੍ਰੰਥ ਮੇਂ ਭਾਈ ਗੁਰਮੁਖ ਸਿੰਘ ਜੀ ਦੀ ਕਵਿਤਾ ਕੇਹੜੀ ਹੈ ਅਤੇ ਭਾਈ ਦਰਬਾਰਾ ਸਿੰਘ ਜੀ ਦੀ ਕਵਿਤਾ ਕੌਨ ਹੈ, ਕਿਉਂ ਜੋ ਕਵੀਆਂ ਦੀ ਯਹ ਰੀਤੀ ਹੈ ਕਿ ਜਬ ਦੂਸ੍ਰੇ ਕਵੀ ਦੀ ਰਚਨਾ ਬਦਲਦੀ ਹੈ ਤੋ ਢੰਗ ਰਚਨਾ ਕਾ



Sri Satguru Jagjit Singh Ji eLibrary NamdhariElibrary@gmail.com

ਨਿਆਰਾ ੨ ਹੋਜਾਂਦਾਹੈ ਯਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੇਂ ਭਟੋਂਕੇ ਸ੍ਵੈਯੋਂ ਮੇਂ ਨੱਲ ਕੱਲ ਆਂਦੀ ਭਟਾਂ ਕੀ ਰਚਨਾ ਨਿਜਾਰੀ ੨ ਹੈ ਅਤੇ ਨਾਮ ਜੁਦਾ ੨ ਹਨ ਪ੍ਰੰਤੂ ਗੁਰਬਿਲਾਸ ੬ (ਪਾਤਸ਼ਾਹ ਜੀ) ਮੇਂ ਤੋ ਐਸੀ ਰਚਨਾਂ ਕਹੀਂ ਭੀ ਨਹੀ ਕਿੰਤੂ ਆਦਿ ਸੇ ਅੰਤ ਪ੍ਰਜੰਤ ਰਚਨਾ ਇਕੋ ਜਹੀ ਹੈ, ਅਤੇ ਅੰਤ ਗੁਰਬਿਲਾਸ ਮੇਂ ਕਵੀ ਦਾ ਨਾਮੁ ਭੀ ਜ਼ਾਹਿਰ ਲਿਖਾ ਹੈ ਪ੍ਰੰਤੂ ਨਾ ਮਾਲੂਮ ਜੁ ਭਾਈ ਕਾਹਨ ਸਿੰਘ ਨਾਭਾ ਨਵਾਜ਼ੀ ਜੀ ਨੇ ਝੂਠ ਗਪੌੜਿਆਂ ਦਾ ਸਾਰਟੀਫਿਕੇਟ ਕਿਉਂ ਵਸੂਲ ਕਰ ਲੀਤਾ ਕਾਹੇਤੇ ਜੋ ਜ਼ਾਹਿਰਾ ਗ੍ਰੰਥ ਕੇ ਅੰਤ ਮੇਂ ਕਵੀ ਦਾ ਨਾਮੁ ਲਿਖਾ ਹੈ ਤੇ ਭਾਈ ਜੀ ਅਪਨੇ ਗੁਰਮਤਿ ਸੁਧਾਕਰ ਮੇ ਲਿਖਦੇ ਹਨ ਜੋ ਗੁਰ ਬਿਲਾਸ ਮੇਂ ਕਵੀ ਦਾ ਨਾਮੁ ਹੀ ਨਹੀ ਲਿਖਾ ਅਤੇ ਸਾਥ ਹੀ ਫਿਰ ਮਨਘੜਤ ਦੋ ਕਵੀਆਂ ਦੇ ਨਾਮ ਭੀ ਦਸ ਦਿਤੇ ਸੋ ਕਿਉਂ ਮਿਤ੍ਰੋਂ ਏਹ ਧੋਖੇਬਾਜ਼ੀ ਨਹੀਂ ਤੋ ਹੋਰ ਹੈ ਭੀ ਕਿਆ ਮਗਰ ਇਸ ਤਰਹਿ ਕੀ ਧੋਖੇਬਾਜੀ ਭਾਈ ਜੀ ਨੇ ਕੀਤੀ ਜੈਸੇ ਕੋਈ ਭਲਾ ਪੁਰਸ਼ ਬਕਰਾ ਉਠਾਈ ਲਿਜਾਉਂਦਾ ਸੀ ਅਤੇ ਚਾਰ ਧੋਖੇਬਾਜ਼ ਸ੍ਵੈਅਰਥੀ ਮਿਲਕੇ ਆਧੇ ੨ ਮੀਲ ਦਾ ਵਕਫਾ ਦੇ ਖੜੇ ਹੋ ਗੈ ਅਤੇ ਵਾਰੋ ਵਾਰੀ ਚਾਰੋਂ ਨੇ ਹੀ ਕਹਾ ਜੋ ਭਲੇ ਲੋਕਾ ਤੂੰ ਕੁੱਤਾ ਕਿਉਂ ਉਠਾਈ ਜਾਂਦਾ ਹੈਂ ਵੁਹ ਭਲਾ ਮਾਨਸ ਹੈਰਾਨੀ ਮੇਂ ਆ ਬਕਰੇ ਕੋ ਛੋੜ ਦੀਆ ਸੋ ਮਹਾਤਮਾ ਜਨੋਂ ਬਿਚਾਰ ਲੋ ਜੋ ਜ਼ਾਹਿਰ ਅੰਤ ਕਵੀ ਦ ਨਾਮ ਲਿਖੇ ਹੂਏ ਨੂੰ ਤੋ ਕਹਿਣਾ ਹੈ ਨਹੀ ਤੇ ਅਨ ਲਿਖੇ ਨਾਮ ਦੋ ਕਵੀਆਂ ਦੇ ਬਣਾ ਧਰਨੇ ਭਲਾ ਧੋਖੇਬਾਜ਼ੀ ਅਤੇ ਗਪੌੜਾ ਨਹੀਂ ਤੋ ਹੋਰ ਕਿਆ ਹੈ, ਸੁ ਲੋ ਮਿਤ੍ਰੋ ਜਿਸ ਪ੍ਰਕਾਰ ਗੁਰ ਬਿਲਾਸ ਦੇ ਅੰਤਲੇ ਧਯਾਇ ਮੇਂ ਕਵੀ ਜੀ ਅਪਨਾ ਨਾਮ ਅਤੇ ਗੁਰੂ ਦਾ ਨਾਮ ਅਤੇ ਸੰਮਤ ਲਿਖਦੇ ਹਨ ਸੋ ਸੁਣ ਲੋ ਅਤੇ ਗ੍ਰੰਥ ਮੁਕਾਬਲਾ ਕਰ ਦੇਖ ਲੋ ॥ ਚੌਪਈ ॥ ਦੀਆਂ ਦੋ ਤੁਕਾ ॥

ਜੇਠਮਾਸ ਮੇਂ ਉਦਮ ਕੀਨੋਂ ॥
ਸੁਨੋਂ ਸੰਤ ਗੁਰ ਕਾ ਬਲ ਲੀਨੋਂ ॥੬੯੮॥
ਮਾਸ ਪੰਚ ਦਸ ਕਵਿਤਾ ਕੀਨੀ ॥
ਗੁਰਪ੍ਰਸਾਦਿ ਅਧਕ ਸੁਖ ਲੀਨੀ ॥
ਨਾਨਕਸਰ ਕੰਠੇ ਹਉਂ ਰਹੋਂ ॥
ਸੁਨੋਂ ਸੰਤ ਏਹ ਸੰਮਤ ਕਹੋਂ ॥੬੯੯॥

ਦੋਹਿਰਾ ॥ ਸਤ੍ਰਾਂ ਸੈ ਬੀਤੇ ਤਬੇ ਬਰਖ ਪਛੱਤ੍ਰ ਜਾਨ ॥
ਸਾਵਨਮਾਸ ਇਕੀਸ ਦਿਨ ਗਇਓ ਸੁਖਦ ਪਹਿਚਾਨ ॥੭੦੦॥
ਸੁਦੀ ਪੱਖ ਦਿਨ ਪੰਚਮੀ ਸ੍ਰੀ ਗੁਰ ਕੇ ਪ੍ਰਸਾਦਿ ॥
ਪਾਇ ਭੋਗ ਗੁਰੂ ਗ੍ਰੰਥ ਕੋ ਕਰਿ ਕਵਿਤਾ ਅਹਿਲਾਦੁ ॥੭੦੧॥
ਨਾਮ ਜਾਨ ਸ੍ਰੀ ਗੁਰੂ ਕੋ ਕਵਿਤਾ ਜਿਹ ਬਲ ਕੀਨ ॥
ਪੁਰਸ਼ੋਤਮ ਜੀ ਧਰਮ ਹਰਿ ਮੋਹਿ ਦਾਸ ਤਿਨਚੀਨ ॥੭੦੨॥
ਪ੍ਰਤੱਖ ਹੋਤ ਗੁਰਦੇਵ ਕੇ ਸੇਵਕ ਸੋਹਿਨ ਨਾਮੁ ॥
ਤਾਤੇ ਜਾਨੋਂ ਦਾਸ ਕਵਿ ਸੰਤ ਪੂਰ ਮਮ ਕਾਮੁ ॥੭੦੩॥

ਕਿਉਂ ਮਹਾਤਮਾਂ ਜਨੋ ਜਬ ਗ੍ਰੰਥ ਦੇ ਅੰਤਮੇਂ ਜ਼ਾਹਿਰ ਕਵੀਦਾ ਨਾਮ ਠਾਮ ਤਥਾ ਗੁਰੂ ਦਾ ਨਾਮ ਅਤੇ ਸੰਮਤ ਲਿਖਾ ਹੈ ਤੋ ਲਿਖੇ ਨਾਮ ਸੰਮਤ ਕੋ ਨੇਸਤਾ ਨਾਬੂਦ ਦਾ ਇਕਰਾਰ ਦੇ ਮਨਘੜਤ ਦੋ ਕਵੀਆਂ ਦੇ ਨਾਮ ਲਿਖਣੇ ਜਿਨਕਾ ਗ੍ਰੰਥ ਮੇਂ ਕਹੀ ਨਾਮ ਥੇਹ ਨਹੀ ਲਿਖਾ ਯਾ ਤੇ ਭਾਈ ਕਾਹਨ ਸਿੰਘ ਜੀ ਦਾ ਵਿਜਰਥ ਹੀ ਪ੍ਰੀਸ਼ੂਮ ਨਹੀ ਤੋ ਹੋਰ ਹੈ ਹੀ ਕਿਆ ਅਤੇ ਸਿਵਾ ਫੂਟ ਦੇ ਹੋਰ ਲਭਤ ਭੀ ਕੁਛ ਨਹੀ ਅਤੇ ਸਾਥ ਹੀ ਯਹ ਭੀ ਸੰਦੇਹ ਮਾਲੂਮ ਹੁੰਦਾ ਹੈ ਜੋ ਕਹੀ ਲਾਹੌਰ ਵਾਲੇ ਡਾਕਟਰ ਕੀ ਤਰਹਿ ਭਾਈ ਜੀ ਭੀ ਪੰਥ ਕੋ ਧੋਖਾ ਨਾ ਦੇ ਰਹੇ ਹੋਵੇਂ ਕਿਉਂਕਿ ਭਾਈ ਦਿੱਤ ਸਿੰਘ ਜੀ ਗਜਾਨੀ ਆਡੀਟਰ ਖਾਲਸਾ ਇਖਬਾਰ ਜੀ ਨੇ ਅਪਨੇ ਇਖਬਾਰ ਮੇਂ ਅਛੀ ਤਰਹਿ ਡਾਕਟਰ ਜੀ ਦੀ



Sri Satguru Jagjit Singh Ji eLibrary NamdhariElibrary@gmail.com

ਪੋਲ ਖੋਲੀ ਸੀ ਜੋ ਸਾਰੇ ਪੰਥ ਮੇਂ ਪ੍ਰਸਿੱਧ ਹੈ ਅਤੇ ਇਸੀ ਤਰਹਕਾ ਸੰਦੇਹ ਕਰਤਾ ਰਹਿਤ ਪ੍ਰਕਾਸ਼ ਪਰ ਭੀ ਮਾਲੂਮ ਹੁੰਦਾ ਹੈ ਨਹੀ ਤੋ ਐਸੇ ਉਪਰ ਲਿਖੇ ਧੋਖਿਓਂ ਵਤ ਗੁਰੂ ਕੇ ਸਿਖ ਪ੍ਰੇਮੀ ਕਬੀ ਭੀ ਨਹੀ ਦੇ ਸਕਦੇ ਅਗੇ ਚਲ ਭਾਈ ਜੀ ਗੁਰਮਤ ਸੁਧਾਕਰ ਦੇ ੩੯੮ ਔਂ ੩੯੯ ਸਫੇ ਪਰ ਮ੍ਰਿਤਕ ਮ੍ਰਿਯਾਦਾ ਅਸਥਾਪਨ ਕੇ ਪ੍ਰਸੰਗ ਮੇਂ ਉਕਤ ਗੁਰਬਿਲਾਸ ਕਾ ਪ੍ਰਮਾਣ ਦਿੰਦੇ ਹਨ ਯਥਾ, ॥ ਮ੍ਰਿਤਕ ਪਾਛੇ ਇਹ ਗੀਤ ਸੁਕਰੋ ॥ ਗੁਰੂ ਗ੍ਰੰਥਕਾ ਪਾਠ ਸੁ ਧਰੋ ॥ ਅਫਸੋਸ ਮਿਤ੍ਰੋ ਦੇਖੋ ਦੋ ਤੁਕਾਂ ਤੋ (ਗੁਰੂ) ਜੀ ਕੇ ਗੁਰਬਿਲਾਸ ਦੀਆਂ ਦਾ ਮ੍ਰਿਤਕ ਮ੍ਰਿਯਾਦਾ ਮੇ ਪ੍ਰਮਾਣ ਦੀਆ ਅਤੇ ਅਗਲੀਆਂ ਦੋ ਤੁਕਾ ਲਿਖਣੇਂ ਭਾਈ ਜੀ ਨੂੰ ਬਹੁਤ ਸ਼ਰਮ ਆ ਗਈ, ਸੋ ਦੋਨੋ ਪੰਗਤੀਆਂ ਏਹ ਹਨ ਜਿਨਾਂ ਨੂੰ ਉਪ੍ਰ ਭੀ ਵਿਸਤਾਰ੍ ਪੂਰਬਕ ਦੋਨੋ ਪ੍ਰਕਾਰ ਕੇ ਭੋਗ ਪਾਉਨੇ ਦੀ ਮ੍ਰਿਯਾਦਾ ਮੇ ਲਿਖਿਆ ਹੈ ਏਥੇ ਤੋ ਸਿਰਫ ਭਾਈ ਜੀ ਦੀ ਯਥਾਰਥ ਵਕਤ੍ਰਤਾ ਦਿਖਾਉਨ ਵਾਸਤੇ ਲਿਖਾ ਹੈ (ਪਾਵੇ ਭੋਗ ਰਾਗਮਾਲਾ ਪੜ੍ਹ ॥ ਛਿਨ ਮੇ ਪਾਪ ਜਾਹਿਂ ਤਾਂਕੇ ਸੜ॥) ਉਮੀਦ ਹੈ ਜੋ ਮੁਨਸਬ ਬੀਚਾਰਵਾਨ ਤੋ ਸੱਤ ਅੱਸਤਕਾ ਦੋਨੋ ਗ੍ਰੰਥਾਂ ਨੂੰ ਮੁਕਾਬਲਾ ਕਰ ਨ੍ਰਿਨੇ ਕਰ ਲੇਂਗੇ ॥ ਅਤੇ ਯਹ ਭੀ ਪਰਖ ਲੇਂਗੇ ਜੋ ਗੁਰਬਿਲਾਸ ੬ (ਗੁਰੂ) ਸਾਹਿਬ ਜੀ ਦਾ ਸਭ ਗੁਰੂ ਇਤੀਹਾਸੋ ਸੇ ਪੁਰਾਨਾ ਹੈ ਯਾਤੇ ਸੂਰਜ ਪ੍ਰਕਾਸ਼ਾਦੀ ਤਿਸਕੇ ਬ੍ਰਾਬਰ ਗਵਾਹੀ ਭੀ ਨਹੀ ਦੇ ਸਕਦੇ, ਕਿਉਂਕਿ ਗੁਰਬਿਲਾਸ ਤੋ ੧੭੭੫ ਮੇ ਸੋਹਨ ਨਾਮ ਕਵੀ ਚੇਲਾ ਭਾਈ ਧਰਮ ਸਿੰਘ ਜੀ ਨੇ ਤਜ਼ਾਰ ਭਾਈ ਮਨੀ ਸਿੰਘ ਜੀ ਕੀ ਆਗਿਆ ਸੇ ਕੀਆ ਹੈ ਅਤੇ ਸੂਰਜ ਪ੍ਰਕਾਸ਼ ਪੂਰੇ ੧੯੦੦ ਸੋ ਮੇਂ ਭਾਈ ਸੰਤੋਖ ਸਿੰਘ ਜੀ ਨੇ ਤਜ਼ਾਰ ਕੀਤਾ ਹੈ, ਅਤੇ ਤਵਾਰੀਖ ਖਾਲਸਾ ਕ੍ਰਿਤ ਭਾਈ ਗਜਾਨ ਸਿੰਘ ਜੀ ਗਜਾਨੀ ਮੋਤੀ ਬਾਗ ਪਟਜ਼ਾਲਾ, ਅਤੇ ਗੁਰਮਤ ਸੁਧਾਕਰ ਕ੍ਰਿਤ ਭਾਈ ਕਾਨ੍ਹ ਸਿੰਘ ਜੀ ਨਾਭਾ ਨਿਵਾਸੀ, ਤੋ ਥੋੜੇ ਹੀ ਚਿਰ ਦੇ ਬਣੇ ਹਨ ਅਤੇ ਕਈ ਲੇਖ ਏਨ੍ਹਾਂ ਦੇ ਅਪ੍ਰਮਾਨ ਰੂਪ ਦਿਖਾ ਵੀ ਦੀਏ ਹਨ, ਸੋ ਕਦਾਚਿਤ ਮਨ ਹਠ ਸੇ ਕੋਈ ਕਹੇ ਭੀ ਜੋ ਰਾਗਮਾਲਾ ਖੰਡਨ ਯੁਗਤੀ ਰੂਪ ਗਵਾਹੀ ਹੀ ਸੂਰਜਪ੍ਰਕਾਸ਼ ਦੀ ਅਸੀ ਸੱਚੀ ਮੰਨਦੇ ਹਾਂ ਤੋ ਉਨ ਸਜਣਾਂ ਨੂੰ ਸੂਰਜ ਪ੍ਰਕਾਸ਼ ਦੇ ਹੋਰ ਲੇਖ ਭੀ ਮਾਨਣੇ ਪਵੇਂਗੇ ॥ ਯਥਾ ਇਸੀ ਉਪਰ ਕਹੀ ਤੀਸਰੀ ਰਾਸ ਕੇ ਸੱਤਵੇਂ ਅੰਸੂ ਮੇਂ ਧੂਪ ਦੀਪ ਘੰਟੇ ਘੜੀਆਲ ਆਰਤੀ ਚੰਦਨ ਕੇ ਸ਼ਰਾਦਿਕੋਂ ਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਾ ਪੂਜਨ ਲਿਖਿਆ ਹੈ ਸੋ ਭੀ ਖਾਲਸੇ ਜੀ ਨੂੰ ਮਾਨਣਾ ਪਵੇਗਾ ਅਤੇ ਔਰ ਜੋ ਮਰਣੇ ਬਿਵਾਹ ਕੇ ਮੌਕਿਆ ਕ੍ਰਿਯਾ ਕਰਮ ਗਰੜ ਪੁਰਾਣਾ ਦੀ ਅਤੇ ਵੈਦਕ ਰੀਤੀ ਬ੍ਰਾਹਮਣਾ ਸੇ ਬਜਾਹ ਆਦੀਸੂਰਜ ਪ੍ਰਕਾਸ਼ ਮੇਂ ਲਿਖੇ ਹੈਂ ਸੋ ਸਭ ਮਾਨਣੇ ਪਵੇਂਗੇ ਕਿਉਂ ਜੋ ਏਹ ਕੋਈ ਕਾਯਦਾ ਨਹੀ ਇਕ "ਰਾਗਮਾਲਾ" ਦੇ ਖੰਡਣ ਰੂਪ ਗਵਾਹੀ ਤੋ ਮਾਨ ਲੀ ਜਾਵੇ ਅਤੇ ਉਪਰ ਕਹੀ ਗਵਾਹੀਓਂ ਕੋ ਨ ਮਾਨਾ ਜਾਵੇ, ਪਸ ਉਪਰ ਕਹੇ ਸਾਬੂਤੋਂ ਸੇ ਸਾਬੂਤ ਹੂਆ ਜੋ ਸੂਰਜ ਪ੍ਰਕਾਸ਼ ਕੀ ਗਵਾਹੀ ਮਾਨਣੇ ਯੋਗ ਨਹੀਂ ਇਤੀ ਦਸਵੇਂ ਪ੍ਰਸ਼ਨ ਕਾ ਉਤ੍ਰ:——

(੧੧) ਪ੍ਰਸ਼ਨ ਜੋ ਗਵਾਹੀ ਸ੍ਰੀਮਾਨ ਪੰ: ਤਾਰਾ ਸਿੰਘ ਜੀ ਕੀ ਦੀ ਹੈ ਸੋ ਭੀ ਮਾਨਣੇ ਯੋਗ ਨਹੀਂ, ਕਾਹੇ ਤੇ ਜੋ ਏਕ ਤੋ ਉਨੋਂ ਨੇ ਸੂਰਜ ਪ੍ਰਕਾਸ਼ ਦੇ ਲੇਖ ਨੂੰ ਦੇਖਕੇ ਹੀ ਲਿਖ ਦੀਆ ਹੈ ਸੋ ਸੂਰਜ ਪ੍ਰਕਾਸ਼ ਕੀ ਗਵਾਹੀ ਉਪਰ ਲਿਖੇ ਕਾਰਨੋਂ ਸੇ ਸਮਾਚੀਨ ਨਹੀਂ ਯਾਤੇ ਸੂਰਜ ਪ੍ਰਕਾਸ਼ ਦੇ ਲੇਖ ਖੰਡਣ ਸੇ ਯਹ ਭੀ ਖੰਡਣ ਹੂਆ ਅਤੇ ਦੂਸਰਾ ਕਾਰਣ ਯਹ ਭੀ ਹੈ ਸ੍ਰੀਮਾਨ ਪੰ: ਤਾਰਾ ਸਿੰਘ ਜੀ ਸ੍ਰੀਰ ਅੰਤ ਮੇਂ ਜੋ ਹਾਲ ਉਨਕਾ ਹੂਆ ਥਾ ਉਨੋਂ ਨੇ ਕਲਮ ਦੁਜਾਤ ਮੰਗਵਾ ਕਾਗਜ਼ ਪਰ ਲਿਖਕੇ ਸ੍ਰੀਮਾਨ ਮ: ਨਿਹਾਲ ਸਿੰਘ ਜੀ ਬ੍ਰਨਾਲੇ ਵਾਲੋਂ ਕੋ ਜੋ ਦਰਵਾਜ਼ਾ ਨਾਭਾ ਡੇਰਾ ਬਾਬਾ ਗਾਂਧਾ ਸਿੰਘ ਜੀ ਪਟਜ਼ਾਲਾ ਮੇਂ ਹੈਂ ਦਸਿਆ, ਜੋ ਅਸਾਡੀ ਜ਼ਬਾਨ ਦਾ ਬੰਦ ਹੋਣਾ ਅਤੇ ਇਤਨਾ ਕਸ਼ਟ ਪਾਉਣਾ ਅਤੇ ਸੁਪਨਾਦੀ ਮੇਂ ਪ੍ਰਤੀਤ ਹੋਣਾ ਰਾਗਮਾਲਾ ਗੁਰਬਾਣੀ ਦੇ ਖੰਡਣ ਕਰਣ ਦਾ ਹੀ ਕਾਰਣ ਹੈ ਸੋ ਅਬਸਰਬਸੰਤ ਮੇਰੀ ਤਰਫੋ ਅਰਦਾਸਾ ਸੋਧੋ ਸ੍ਰੀ ਗੁਰੂ ਜੀ ਸੇ ਮਾਫੀ ਮਾਂਗੋਂ ਜੋ ਸ੍ਰੀਰ ਛੁਟ ਜਾਵੇ ਪ੍ਰੰਚੇ ਏਹ ਤਕਲੀਫ ਮਿਟ ਜਾਵੇ ਸੋ ਉਕਤ ਮਹੰਤ ਜੀ ਅਤੇ ਬਾਬਾ ਜੋਧ ਸਿੰਘ ਜੀ ਚੇਲਾ ਬਾਬਾ ਖੁਦਾ ਸਿੰਘ ਜੀ ਪਟਜ਼ਾਲੇ ਅਬੀ ਮੌਜੂਦ ਹੈਂ ਸਜਨ ਜਨ ਦਰੀਆਫਤ ਕਰਲੇਂ ਇਤੀ ॥

(੧੨) ਪ੍ਰਸ਼ਨ ਮੇ ਤੀਨ ਸ੍ਰੀ ਗੁਰੂ ਗ੍ਰੰਥ ਸਾਹਿਬੋਂ ਕਾ ਪ੍ਰਮਾਨ ਦੇਤੇ ਹੈ ਅਤੇ ਉਦਾਹਰਨ ਪਹਿਲੇ ਏਹ ਲਿਖਦੇ ਹਨ



Sri Satguru Jagjit Singh Ji eLibrary NamdhariElibrary@gmail.com

ਜੋ ਗਜਾਰਾਂ ਅੰਕੋਂ ਕੇ ਪ੍ਰਮਾਣੋਂ ਸੇ ਸਾਬਤ ਹੂਆ ਕਿ ਰਾਗਮਾਲਾ ਜਰੂਰ ਗੁਰਬਾਣੀ ਨਹੀ ਅਤੇ ਨਾ ਹੀ ਗੁਰੂ ਸਾਹਿਬਾਂ ਨੇ ਚੜ੍ਹਾਈ ਹੈ ਪ੍ਰੰਤੂ ਦੀਰਘ ਬਿਚਾਰ ਲਈ ਕਦਾਚਿਤ ਬ੍ਰਿਧ ਸ੍ਰੀ ਗੁਰੂ ਗ੍ਰੰਥ ਸਾਹਿਬਾਨ ਵਿਖੇ ਰਾਗਮਾਲਾ ਨ ਹੋਵੇ ਤੋ ਗੁਰਬਾਣੀ ਦੇ ਸਰਧਾਲੂਆਂ ਲਈ ਕੋਈ ਸ਼ੰਕਾ ਬਾਕੀ ਨਹੀਂ ਰਹਿਦਾ, ੳ,ਅ,ੲ, ਇਨ ਤੀਨ ਅਖਰੋ ਮੇ ਤੀਨ ਗੁਰੂ ਗ੍ਰੰਥ ਸਾਹਿਬੋਂ ਕੇ ਪ੍ਰਮਾਣ ਦੀਏ ਹੈ ਅਗੇ ਦੀਵਾਨ ਦਾ ਫੈਸਲਾ ਹੈ ਜੋ ਜ਼ਰੂਰ ਰਾਗਮਾਲਾ ਨ ਪੜ੍ਹਨੀ ਚਾਹੀਏ ॥

(ਉਤ੍ਰ) ਜੋ ਭਾਈ ਜੀ ਨੇ ਕਹਾ ਹੈ ਕਿ ੧੧ ਪ੍ਰਮਾਣੋਂ ਸੇ ਸਾਬਤ ਹੂਆ ਕਿ ਰਾਗਮਾਲਾ ਗੁਰ ਬਾਣੀ ਨਹੀ ਤੇ ਨਾ ਹੀ ਸਾਡੇ ਗੁਰੂਆਂ ਨੇ ਚੜ੍ਹਾਈ ਹੈ ਯਿਹ ਕਹਿਨਾ ਅਸੰਗਤ ਹੈ ਕਿਉਂਕਿ ਜੋ ਗਵਾਹੀਆਂ ਭਾਈ ਜੀ ਨੇ ਪੰਥ ਮੁਖੀਆਂ ਦੀ ਦਿਤੀਆਂ ਹਨ ਸੋ ਸਾਰੀਆਂ ਹੀ ਇਖਤਲਾਫ ਹਨ ਅਤੇ ਸੰਸੇ ਸੰਜੁਗਤ ਹਨ ਯਥਾ ਸੂਰਜ ਪ੍ਰਕਾਸ਼ "ਇਹ ਸੁਧ ਨਹੀਂ ਲਿਖੀ ਏਹ ਗੁਰੂ ਨੇ ਵ ਕਿਧੋ ਸਿੱਖ ਕਾਹੂੰ ਲਿਖ ਦੀਨ" ਅਤੇ ਕਰਤਾ ਤਵਾਰੀਖ ਗੁਰੂ ਖਾਲਸਾ ਗਜਾਨੀ ਸਿੰਘ ਜੀ ਲਿਖਦੇ ਹਨ ਜੋ ਜਿਸ ਤਰਹ ਭਗਤਾਂ ਭਟਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੇ ਸ੍ਰੀ ਗੁਰੂ ਜੀ ਨੇ ਚੜ੍ਹਾਈ ਹੈ ਉਸੀ ਤਰਹਿ ਆਲਮ ਕ੍ਰਿਤ ਰਾਗਮਾਲਾ ਸ੍ਰੀ ਗੁਰੂ ਜੀ ਨੇ ਚੜ੍ਹਾਈ ਹੈ ਅਤੇ ਕਰਤਾ ਗੁਰਮਤ ਸੁਧਾਕਰ ਭਾਈ ਕਾਹਨ ਸਿੰਘ ਨਾਭਾ ਨਵਾਸੀ ਜੀ ਗੁ: ਸੁ: ਦੇ ਸਫੇ ੪੯੯ ਪਰ ਫੁਟ ਨੋਟ ਮੇ ਲਿਖਦੇ ਹਨ ਜੋ ਨਾ ਮਾਲੂਮ ਕਿ ਭਾਈ ਗੁਰਦਾਸ ਜੀ ਨੇ ਚੜ੍ਹਾਈ ਅਥਵਾ ਕਿਸੀ ਸਿਖਨੇ ਅਤੇ ੨੧ ਬਰਸ ਬੀੜੋਂ ਪਹਿਲੇ ਰਾਗਮਾਲਾ ਬਣੀ ਦਸਦੇ ਹਨ, ਇਸੀ ਤਰਹਿ ਪੰਡਿਤ ਤਾਰਾ ਸਿੰਘ ਜੀ ਗੁਰੂ ਗਿਰਾਰਥ ਕੋਸ਼ ਦੀ ਦੂਜੀ ਜਿਲਦ ਮੇਂ ਦਸਦੇ ਹਨ, ਸੋ ਜਬ ਪੰਥ ਮੁਖੀਆਂ ਦੀ ਰਾਇ ਹੀ ਆਪਸ ਮੇਂ ਨਹੀਂ ਮਿਲਦੀ ਤੋਂ ਸਾਬੂਤ ਕੈਸਾ ਕਿੰਤੂ ਸਾਵਿਰੋਧ ਗਵਾਹੀਆਂ ਹੋਨੇ ਤੇ ਹੀ ਅਸੰਗਤ ਅਤੇ ਬੇ ਸਾਬੂਤ ਹੈਂ ਕਾਹੇ ਤੇ ਜੋ ਭਾਈ ਸੰਤੋਖ ਸਿੰਘ ਜੀ ਤੋ ਸਾਫ ਦਸਦੇ ਹਨ ਜੋ ਸਾਨੂੰ ਏਹ ਮਾਲੂਮ ਨਹੀ ਕੇ ਰਾਗਮਾਲਾ ਗੁਰੂ ਜੀ ਨੇ ਚੜਾਈ ਹੈ ਯਾ ਸਿੱਖ ਨੇ, ਅਤੇ ਭਾਈ ਗਜਾਨ ਸਿੰਘ ਗਿਯਾਨੀ ਜੀ ਲਿਖਦੇ ਹਨ ਗੁਰੂ ਜੀ ਨੇ ਭਗਤਾਂ ਭਟਾਂ ਦੀ ਬਾਣੀ ਵਤ ਰਾਗਮਾਲਾ ਭੀ ਚੜ੍ਹਾਈ ਹੈ, ਅਤੇ ਭਾਈ ਕਾਹਨ ਸਿੰਘ ਜੀ ਲਿਖਦੇ ਹਨ ਜੋ ਭਾਈ ਗੁਰਦਾਸ ਜੀ ਨੇ ਯਾ ਕਿਸੀ ਸਿਖ ਨੇ, ਅਤੇ ਸੰਮਤ ਬੀਚਾਰ ਭੀ ਕੋਈ ੯੧ ਬਰਸ ਬੀੜੋਂ ਪਹਿਲੇ ਤੋ ਕੋਈ ੨੧ ਬਰਸ ਪਹਿਲੇ ਸੋ ਜਿਨਕੀ ਰਾਇ ਹੀ ਇਖਤਲਾਫ ਯਾਨੇ ਨਹੀ ਮਿਲਦੀ ਤੋ ਸਾਬਤ ਹੋਣਾ ਕੈਸੇ ਭਾਵ ਸਾਬਤ ਨਹੀ ਹੂਆ, ਅਤੇ ਜੋ ਊੜੇ ਅੰਕ ਮੇਂ ਪ੍ਰਮਾਣ ਦੀਆ ਗੁਰੂ ਗ੍ਰੰਥ ਸਾਹਿਬ ਤਰਨ ਤਾਰਨ ਵਾਲੇ ਕਾ ਸੋ ਉਨ ਕੀ ਕਥਾ ਬ੍ਰਿਧ ਪ੍ਰਾਚੀਨੋਂ ਸੇ ਐਉਂ ਸੁਣੀ ਹੈ ਕਿ ਜਬ ਭਾਈ ਬੰਨੋਂ ਜੀ ਕੋ ਸ੍ਰੀ ਗੁਰੂ ਪੰਚਮ ਪਾਤਸ਼ਾਹ ਜੀ ਜਿਲਦ ਬੰਧਵਾਣੇ ਦੀ ਆਗਿਆ ਦਿਤੀ ਸੀ ਤੇ ਭਾਈ ਬੰਨੋ ਜੀ ਨੇ ਇਕ ਰਾਤ ਮਾਗਟ ਮੇਂ ਰਖਨ ਦੀ ਭੀ ਆਗਿਆ ਲੈ ਲਈ ਸੀ ਤੇ ਰਸਤੇ ਮੇਂ ਪਾਂਚ ੨ ਕੋਸ ਮਨਜ਼ਲ ਕਰ ਆਉਣੇ ਜਾਣੇ ਮੇਂ ਦੂਸ੍ਰੀ ਬੀੜ ਤਜਾਰਕਰ ਲਈ ਤਿਸੀ ਸਮੇ ਲੰਗਾਹ ਚੌਧਰੀ ਢਿਲੋਂ ਜ਼ਾਤ ਦੇ ਭੀ ਸਾਥ ਥੇ ਅਤੇ ਚੋਰੀ ਭਾਈ ਬੰਨੋਂ ਜੀ ਸੇ ਭੀ ਇਨੋਂ ਨੇ ਖਰੜਿਆਂ ਕੇ ਬਤੌਰ ਤੀਸਰੀ ਪ੍ਰਿਤ ਦੀਆਂ ਸੈਚੀਆਂ ਲਿਖਵਾਉਂਦੇ ਰਹੇ ਅਤੇ ਇਸੀ ਵਾਸਤੇ ਹੀ ਉਨ ਸੈਚੀਓਂ ਮੇ ਰਾਗੋਂ ਕਾ ਕ੍ਰਮ ਭੀ ਪੂਰਾ ਨਹੀ ਸੋ ਭਾਈ ਬੰਨੋਂ ਜੀ ਨੇ ਪੂਰੇ ਕ੍ਰਮ ਸੇ ਲਿਖਵਾਕੇ ਸ੍ਰੀ ਗੁਰੂ ਜੀ ਕੇ ਹਜੂਰ ਸੇ ਆ ਕੇ ਮਨਜ਼ੂਰ ਦਸਤਖਤੋਂ ਸੇ ਕਰਵਾ ਲੀਆ ਅਤੇ ਭਾਈ ਲੰਗਾਹ ਗੁਰੂ ਜੀ ਕੇ ਸਰਾਪ ਭੈਸੇ ਹਜੂਰ ਨ ਲੈ ਗਿਆ ਅਤ ਉਨ ਖਰੜਿਆਂ ਕੋ ਝਬਾਲ ਰਖ ਛਡਿਆ ਉਨ ਖਰੜਿਆਂ ਸੇ ਭਾਈ ਪਾਖਰ ਮਲ ਲੰਗਾਹ ਚੌਧਰੀ ਦੇ ਪੋਤੇ ਨੇ ੧੭੪੫ ਮੇ ਲਿਖ ਕੇ ਤਜਾਰ ਕੀਤਾ। ਇਸ ਵਾਸਤੇ ਉਸ ਝੰਡੇ ਬੁੰਗੇ ਵਾਲੇ ਗੁਰੂ ਗ੍ਰੰਥ ਸਾਹਿਬ ਜੀ ਮੇਂ ਰਾਗਮਾਲਾ ਨਹੀ ਕਿਉਂਕਿ ਚੋਰੀ ਲਿਖਾ ਹੂਆ ਹੋਣੇ ਤੇ ਹੀ ਰਾਗਮਾਲਾ ਲਿਖਣੋਂ ਰਹਿ ਗਈ ਅਤੇ ਨਾ ਹੀ ਉਸ ਬੀੜ ਪਰ ਨੌਂਵੇ ਗੁਰੂ ਜੀ ਕੀ ਬਾਣੀ ਹੈ ਕਿਉਂਕਿ ਕਈ ਕੁ ਗੁਰੂ ਗ੍ਰੰਥ ਸਾਹਿਬ ਜੀ ੧੭੩੫ ਦੇ ਲਿਖੇ ਹੂਏ ਮੌਜੂਦ ਹਨ ਉਨ ਪਰ ਨੌਵੇਂ ਪਾਤਸ਼ਾਹ ਜੀ ਕੀ ਬਾਣੀ ਦਰਜੇ ਬਦਰਜੇ ਚੜੀ ਹੂਈ ਮੌਜੂਦ ਹੈ ਅਤੇ ਇਹ ਊਪਰ ਕਥਨ ਕੀਏ ਗ੍ਰੰਥ ਸਾਹਿਬ ਜੀ ੧੭੪੫ ਮੇ ਲਿਖੇ ਗੈ ਨੌਵੇਂ ਪਾਤਸ਼ਾਹ ਜੀ ਕੀ ਬਾਣੀ ਦਸ ਬਰਸ ਪਹਿਲੇ ਚੜ੍ਹ ਚੁਕੀ ਫਿਰ ਇਸ ਗ੍ਰੰਥ ਸਾਹਿਬ ਪਰ ਨੌਵੇਂ ਪਾਤਸ਼ਾਹ ਜੀ ਕੀ ਬਾਣੀ ਦਾ ਨ ਹੋਣਾ ਸੂਚਨ ਕ੍ਰਾਉਂਦਾ ਹੈ ਜੋ ਯਹ ਚੋਰੀ ਦੇ ਗ੍ਰੰਥ ਸਾਹਿਬ ਹਨ ਅਤੇ ਉਸ ਮੌਕਿਆਂ ਦੇ ਗ੍ਰੰਥ ਸਾਹਿਬ



Sri Satguru Jagjit Singh Ji eLibrary NamdhariElibrary@gmail.com

ਜਿਤਨੇ ਲਿਖੇਗੈ ਹਨ ਉਨ ਸਭਨਾਂ ਪਰ ਹੀ ਸ੍ਰੀ ਗੁਰੂ ਸਾਹਿਬਾਨ ਕੇ ਦਸਤਖਤ ਹਨਗੇ ਸੋ ਇਸ ਪਰ ਗੁਰੂ ਦਸਮੇਸ਼ ਜੀ ਕੇ ਦਸਤਖਤ ਭੀ ਨਹੀ ਹਨ ਯਾਤੇ ਰਾਗਮਾਲਾ ਨਾ ਹੋਨੇ ਸੇ ਰਾਗਮਾਲਾ ਕਾ ਖੰਡਨ ਨਹੀ, ਸੋ ਇਸੀ ਤਰਹ ਭੂਲਸੇ ਆਇੜੇ ਅਖਰ ਦੇ ਗੁਜ਼ਾਂ ਵਾਲੇ ਦੇ ਪਾਸ ਗੋਂਦਲਾਂ ਵਾਲੇ ਪਿੰਡ ਦੇ ਗ੍ਰੰਥ ਸਾਹਬਿ ਮੇ ਅਤੇ (ੲ) ਅੰਕਮੇ ਕਾਨ੍ਹਗੜ੍ਹ ਸ੍ਰਦਾਰ ਹਰਦਮ ਸਿੰਘ ਜੀ ਦੇ ਘਰ ਵਾਲੇ ਗ੍ਰੰਥ ਸਾਹਿਬ ਜੀ ਮੇ ਜੇ ਭੂਲਸੇ ਰਾਗਮਾਲਾ ਰਹਿ ਗਈ ਤੋ ਕਿਆ ਰਾਗਮਾਲਾ ਕਾ ਖੰਡਨ ਹੋ ਗਿਆ ਸੋ ਜੇ ਭੂਲਸੇ ਰਹੀ ਬਾਣੀ ਦਾ ਖੰਡਨ ਸਮਝਦੇ ਹੋ ਤੋ ਕਈ ਗ੍ਰੰਥ ਸਾਹਿਬ ਲਿਖਤ ਦੇ ਮੌਜੂਦ ਹਨ ਜਿਨਾਂ ਮੇਂ ਦਸ ੨ ਪਤ੍ਰੇ ਦੀ ਸੈਂਚੀ ਹੀ ਭੂਲ ਸੇ ਰਹਿ ਗਈ ਹੈ ਅਤੇ ਉਪ੍ਰੰਤ ਸੋਧਨ ਸਮੇ ਲਿਖ ਦਈ ਹੈਂ ਅਥਵਾ ਕਈ ਕੁ ਜੋ ਨਹੀ ਸੋਧੇ ਉਨਮੇਂ ਅਬ ਤਕ ਵੋਹ ਸੈਂਚੀਆਂ ਦੀ ਬਾਣੀ ਵਿਚੋਂ ਰਹੀ ਹੁਈ ਹੈਂ ਕਿਆ ਵਹਿ ਭੀ ਗੁਰਬਾਣੀ ਨਹੀ ਸੋ ਇਸੀ ਤਰਹਿ ਝੰਡੇ ਬੁੰਗੇ ਤਥਾ ਕਾਨ੍ਹਗੜ੍ਹ ਵਾਲੇ ਗ੍ਰੰਥ ਸਾਹਿਬੋਂ ਮੇ ਗੁਰੂ ਜੀ ਆਗੇ ਬੇਨਤੀ ਰੂਪ ਚਿਠੀਆਂ ਪਾ ਕੇ ਹੁਕਮ ਲੈ ਕੇ ਰਾਗਮਾਲਾ ਚੜ੍ਹਾਈ ਹੂਈ ਹੈਂ ਜਬ ਚਿਠੀਆਂ ਪਾਉਣੇ ਸੇ ਹੁਕਮ ਹੀ ਮਿਲ ਗਿਆ ਤੋ ਫਿਰ ਰਾਗਮਾਲਾ ਗੁਰਬਾਣੀ ਕਿਉਂ ਨਹੀਂ ਸੋ ਜੋ ਗੁਰੂਬਾਣੀ ਕੇ ਸ਼੍ਰਧਾਲੂ ਅਤੇ ਪ੍ਰੇਮੀ ਹੈਂ ਸੋ ਤੋ ਰਾਗਮਾਲਾ ਕੋ ਜਰੂਰ ਹੀ ਗੁਰਬਾਣੀ ਜਾਣ ਪਾਠ ਭੋਗ ਸਮੇ ਕਰਦੇ ਹਨ ਅਤੇ ਕਰੇਂਗੇ ਜੋ ਫਰਜ਼ੀ ਸਿਖ ਹਨ ਸੋ ਨ ਕਰੇਂ ਤੋ ਉਨਕੀ ਮਰਜ਼ੀ ॥ ਪ੍ਰਗਟ ਹੋ ਕਿ ਕਰਤਾ ਰਹਿਤ ਪ੍ਰਕਾਸ਼ ਨੇ ਜੋ (ੳ) (ਅ) (ੲ) ਅੰਕੋਂ ਮੇਂ ਊਪਰ ਕਹੇ ਤੀਨ ਗ੍ਰੰਥ ਸਾਹਿਬ ਰਾਗਮਾਲਾ ਖੰਡਣ ਮੇ ਲਿਖੇ ਸੋ ਤੀਨੋਂ ਹੀ ਬਹੁਤ ਪ੍ਰਾਚੀਨ ਬ੍ਰਿਧ ਬਾਬੇ ਨਹੀਂ ਹਨ ਕਿਉਂਕਿ ਏਕ ਕਾਰਣ ਯਹ ਹੈ ਜੋ ਉਨ ਤੀਨੋਂ ਪਰ ਹੀ ਕਿਸੇ ਗੁਰੂਆਂ ਦੇ ਹਸਤਾਖਰ ਦਸ੍ਤਖਤ ਨਹੀਂ ਦੂਸਰਾ ਦੋ ਪਰ ਸੰਮਤ ਹੈ ੧ ਪਰ ੧੭੧੯ ਬਿਕ੍ਰਮੀ ਦੂਸ੍ਰੇਪਰ ੧੭੪੫ ਬਿਕ੍ਰਮੀ ਹੈ ਸੋ ਇਨਮੇਂ ਯਹ ਅਸ਼ੰਕਾ ਹੈ ਕਿ ਨੌਵੇਂ ਗੁਰੂ ਸਾਹਿਬ ਜੀ ਅਤੇ ਦਸਮੇਸ਼ ਗੁਰੂ ਜੀ ਦੀ ਮੌਜੂਦਗੀ ਵਿਚ ਲਿਖੇ ਜਾਵੇਂ ਅਤੇ ਫੇਰ ਦਸ੍ਤਖਤ ਨ ਹੋਣੇ ਯਾ ਤੇ ਜਰੂਰ ਚੋਰੀ ਲਿਖੇ ਹੁਏ ਹੈਂ ਯਾ ਭੂਲ ਹੈ ਸੋ ਜੇਕਰ ਚੋਰੀ ਹੈ ਤੋਂ ਤੋ ਕੋਈ ਬਾਤ ਨਹੀ ਚੋਰੀ ਕੀ ਜਲਦੀ ਮੇ ਖਰੜਾ ਲਿਖਣੋਂ ਰਹਿ ਗਿਆ ਯਾ ਕਹੀਂ ਖਰੜਾ ਉਰੇ ਪਰੇ ਹੋ ਗਿਆ, ਅਤੇ ਜੇ ਭੂਲ ਹੈ ਤੋ ਭੂਲ ਕੋ ਸੁਧਾਰ ਲੈਣੇ ਮੇਂ ਭੀ ਕੋਈ ਦੋਸ਼ ਨਹੀਂ ਸੋ ਦੋਨੋਂ ਗ੍ਰੰਥ ਸਾਹਿਬੋਂ ਪਰ ਭੂਲ ਸੁਧਾਰ ਵਾਸ੍ਤੇ ਸ੍ਰੀ ਗੁਰੂ ਜੀ ਸੇ ਆਗਿਆ ਲੈਣੇ ਵਾਸਤੇ ਚਿਠੀਆਂ ਪਾ ਕੇ ਹੁਕਮ ਲੈ ਕੇ ਰਾਗਮਾਲਾ ਅਤੇ ਨੌਵੇਂ ਗੁਰੂ ਜੀ ਕੀ ਬਾਣੀ ਚੜ੍ਹਾ ਦਿਤੀ ਗਈ ਹੈ, ਅਤੇ ਜੋ ਤੀਸਰੇ ਗੁਰੂ ਗ੍ਰੰਥ ਸਾਹਿਬ ਜੀ ਹਨ ਸੋ ਉਨ ਪਰ ਨ ਸੰਮਤ ਹੈ ਅਤੇ ਮਹਾਰਾਜ ਰਣਜੀਤ ਸਿੰਘ ਜੀ ਦੇ ਅਹਿਲਕਾਰ ਦੇ ਲਿਖਵਾ ਦੇਣੇ ਮੇਂ ਕੋਈ ਪ੍ਰਮਾਣ ਨਹੀਂ ਸ਼ਾਇਦ ਗੁਰਬਾਣੀ ਖੰਡਣ ਕਰਤਾ ਕਮੇਟੀ ਦਾ ਹੀ ਉਪਕਾਰ ਹੋਵੇ, ਪ੍ਰਗਟ ਹੋ ਕਿ ਬਾਰਾਂ ਪ੍ਰਸ਼ਨਾਂ ਨੂੰ ਖੰਡਨ ਕਰ ਪ੍ਰਮਾਣੋਂ ਸੇ ਸਾਬੂਤ ਹੂਆ ਜੋ "ਰਾਗਮਾਲਾ" ਜਰੂਰ ਗੁਰਬਾਣੀ ਹੈ ਅਤੇ ਭੋਗ "ਰਾਗਮਾਲਾ" ਪਰ ਪਾਉਣਾ ਹੀ ਜਰੂਰੀ ਹੈ। ਪ੍ਰੰਤੂ ਵੀਚਾਰ ਏਹੁ ਉਤਪੰਨ ਹੁੰਦਾ ਹੈ ਜੇ ਕਦੀ ਸ੍ਰੀ ਗੁਰੂ ਪੰਚਮ ਪਾਤਸ਼ਾਹ ਜੀ ਕੀਆਂ ਪਹਿਲੀਆਂ ਦੋ ਬੀੜਾਂ ਸੇ ਲੇਕਰ ਜੋ ਜੋ ਗ੍ਰੰਥ ਸਾਹਿਬ ਸ੍ਰੀ ਗੁਰੂ ਦਸਮੇਸ਼ ਜੀ ਪ੍ਰਜੰਤ ਦਸ੍ਤਖਤੀ ਹੈਂ ਅਗ੍ਰ ਉਨ ਪਰ "ਰਾਗਮਾਲਾ" ਹੋਵੇਂ ਤੋ ਗੁਰੂ ਬਾਣੀ ਦੇ ਸ਼੍ਰਧਾਲੂਆਂ ਵਾਸਤੇ ਬਾਕੀ ਕੋਈ ਭੀ ਅਸ਼ੰਕਾ ਨਹੀਂ ਨ੍ਰਿਸੰਦੇਹ ਭੋਗ "ਰਾਗਮਾਲਾ" ਪੜ੍ਹ ਕੇ ਪਾਇਆ ਕਰੇਂ ਜਰੂਰ ਗੁਰਬਾਣੀ ਹੈ:—

(ੳ) ਇਸ ਸੰਕਾ ਦੇ ਨਿਵਾਰਨ ਲਈ ਦੇਖੋ ਸ੍ਰੀ ਗੁਰੂ ਗ੍ਰੰਥ ਸਾਹਿਬ ਕਰਤਾਰਪੁਰ ਜੋ ਅਸਲੀ ਅਤੇ ਸਭ ਸੇ ਪਹਿਲੀ ਬੀੜ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪ ਭਾਈ ਗੁਰਦਾਸ ਜੀ ਕੋ ਪਾਸ ਬਿਠਾਕਰ ਲਿਖਵਾਈ ਸੀ ਅਤੇ ਜਿਸਦਾ ਨਾਮ ਭੀ ਭਾਈ ਗੁਰਦਾਸ ਵਾਲੀ ਕਰਕੇ ਰਖਿਆ ਸੋ ਇਸ ਬੀੜ ਮੇਂ ਆਦਿ ਸੇ ਅੰਤ ਪ੍ਰਜੰਤ ਇਕ ਕਲਮਕੀ ਰਾਗਮਾਲਾ ਹੈ ਅਤੇ ਛੋਟੇ ਬੜੇ ਤਤਕਰਾਂ ਮੇ ਭੀ ਰਾਗਮਾਲਾ ਲਿਖੀ ਹੈ ਸੰਮਤ ਬਿ: ੧੬੬੧ ਤਤਕਰਾ ਮੇ ਲਿਖਾ ਹੈ

ਆਦਿ ਮੇਂ ਗੁਰੂ ਪੰਚਮ ਜੀ ਕੇ ਹਸਤਾਖਰ ਦਸ੍ਤਖਤ ਹੈ:—

ਸ੍ਰੀਗੁਰੂਛਠਮ ਜੀ ਕੇ ਹਸ੍ਤਾਖਰ ਦਸ੍ਤਖ਼ਤ ਕੇਦਾਰਾਰਾਗ ਕੇ ਅੰਤ ਮੇਂ ਅਤੇ ਮੋਹਰ ਹੈ



Sri Satguru Jagjit Singh Ji eLibrary NamdhariElibrary@gmail.com

| | |
|---|---|
| ਦਸਤਖ਼ਤ ਪੰਚਮ ਗੁਰੂ<br><br>੧ਓ ਸਤਿਨਾਮੁ ਕਰਤਾਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ | ਦਸਤਖ਼ਤ ਛਠਮ ਗੁਰੂ<br><br>੧ਓ ਸਤਿਨਾਮੁ ਕਰਤਾਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਸਤਿਗੁਰ ਪ੍ਰਸਾਦਿ ॥ |

ਇਸ ਦਰਬਾਰ ਸਾਹਿਬ ਮੇਂ ਚਲਿਤ੍ਰ ਜੋਤੀ ਜੋਤਿ ਸਮਾਉਣੇ ਕਾ ਸ੍ਰੀ ਗੁਰੂ ਰਾਮਦਾਸ ਜੀ ੪ ਪਾਤਸ਼ਾਹੋਂ ਪ੍ਰਯੰਤ ਲਿਖਾ ਹੈ ॥ ਅਤੇ ਇਸ ਪਹਿਲੀ ਬੀੜ ਮੇਂ ਸੋ ਪੁਰਖਾਦੀ ੪ ਸ਼ਬਦ ਰਹਿਰਾਸ ਮੇਂ ਨਹੀਂ ਹਨ ਇਸ ਦਰਬਾਰ ਦੇ ਦਰਸ਼ਨ ਸੇਵਕ ਨੇ ਕਈ ਦਫਾ ਕੀਏ ਹੈਂ ਬਹੁਤੇ ਸਜਨੋਂ ਕੇ ਸਾਥ ਮਿਲਕੇ ॥

| |
|---|
| ਮੋਹਰ ਛਠਮ ਗੁਰੂ ਜੀ ਕੀ<br><br>ਗੁਰੂ ਨਾਨਕ ਚਰਨ ਸ਼ਰਨ ਸਾਹਿਬ ਹਰਿਗੋਬਿੰਦ ਜੀ |
| ਗੁਰੂ ਜੀ<br>੧ਓ ਸਤਿਨਾਮੁ<br>ਵਾਹਿਗੁਰੂ ਜੀ<br>ਸ੍ਰੀ |

(ਅ) ਜਿਲਾ ਗੁਜ਼ਾਤ ਮਾਂਗਟਭਾਈ ਬੰਨੋਂ ਮੇਂ ਦੂਸ੍ਰੀ ਬੀੜ ਜੋ ਭਾਈ ਬੰਨੋਂ ਜੀ ਨੇ ਕਰਤਾਰਪੁਰ ਵਾਲੀ ਬੀੜ ਦੀ ਜਿਲਦ ਬੰਧਵਾਉਣੇ ਗਿਆ ਹੋਇਆ ਰਸਤੇ ਵਿਚ ਲਿਖਵਾਕੇ ਦੋਨੋਂ ਬੀੜਾਂ ਦੀ ਜਿਲਦ ਬੰਧਵਾਕੇ ਸ੍ਰੀ ਗੁਰੂ ਪੰਚਮ ਪਾਤਸ਼ਾਹ ਜੀ ਆਗੇ ਰਖ ਬੇਨਤੀ ਸੇ ਕਹਾ ਜੋ ਏਹ ਦੂਸ੍ਰੀ ਬੀੜ ਮੈਨੇ ਹਜੂਰ ਦੇ ਹੁਕਮ ਬਗੈਰ ਲਿਖਵਾਈ ਹੈ ਪ੍ਰੰਚੇ ਜਿਸ ਉਤਸ਼ਾਹ ਕੋ ਲੇਕਰ ਲਿਖਵਾਈ ਹੈ ਉਸ ਕੋ ਹਜੂਰ ਅੰਤ੍ਰਯਾਮੀ ਘਟ ਘਟ ਕੇ ਜਾਨਣੇ ਹਾਰ ਜਾਨਤੇਂ ਹੈਂ ॥ ਸ੍ਰੀ ਗੁਰੂ ਜੀ ਅਤੀ ਪ੍ਰਸੰਨਤਾ ਸੇ ਭਾਈ ਬੰਨੋ ਜੀ ਕੋ ਪਰਉਪਕਾਰੀ ਪਨ ਕਾ ਵਰ੍ਹ ਰੂਪ ਲਕਬ ਬਖਸ਼ਿਆ ਅਤੇ ਆਦਿ ਦਸ੍ਤਖ਼ਤ ਆਪ ਕੀਤੇ ਅਤੇ ਆਪਣੀ ਹਥੀ ਸੰਮਤ ੧੬੬੧ ਬਿ: ਲਿਖਿਆ ਅਤੇ ੬ ਗੁਰੂ ਜੀ ਸੇ ਮਾਰੂਰਾਗ ਦੇ ਅੰਤ ਦਸ੍ਤਖ਼ਤ ਮੋਹਰ ਸੰਯੁਗਤ ਕਰਾਏ ॥ ਜਿਸਮੇਂ ਸੰਸਕ੍ਰਿਤੀ ਸਲੋਕੋਂ ਸੇ ਲੇ ਕਰ ਮੁੰਦਾਵਣੀ ਰਾਗ ਮਾਲਾ ਸਜਾਹੀ ਕੀ ਬਿਧ ਪ੍ਰਯੰਤ ਇਕੋ ਕਲਮ ਸੇ ਹੈ ਅਤੇ ਛੋਟੇ ਬੜੇ ਤਤਕਰੇ ਮੇਂ ਭੀ ਰਾਗਮਾਲਾ ਮੌਜੂਦ ਹੈ ਅਤੇ ਭਾਈ ਬੰਨੋਂ ਸਾਹਿਬ ਜੀ ਨੂੰ ਬਖਸ਼ੇ ਹੂਏ ਭਾਈ ਜੀ ਦੀ ਬੰਸ ਦੇ ਪਾਸ ਕਈ ਪਟੈ ਅਤੇ ਹੁਕਮਨਾਵੇ ਅਤੇ ੬ ਪਾਤਸ਼ਾਹੀ ਜੀ ਕੀ ਤਸ਼ਵੀਰ ਭੀ ਮੌਜੂਦ ਹੈ ਇਸ ਦਰਬਾਰ ਜੀ ਦੇ ਦਰਸਨ ਚੇਤ੍ਰ ਚੌਦਸ ਅਮਾਵਸ ਸੰ: ਬਿ: ੧੯੬੪ ਅਤੇ ਨਏ ਸੰਮਤ ਚੜ੍ਹਦੇ ਕੋ ੧੯੬੫ ਮੁਤਾਬਕ ਤੀਨਰੋਜ ਹੂਏ ਅਤੇ ਪਹਿਲੇ ਦਿਨ ਦਾਸ ਦਾ ਵਖਜਾਨ ਭੀ ਰਾਗਮਾਲਾ ਮੰਡਨ ਅਰਥ ਹੂਆ ਅਤੇ ਅੰਤ ਕੋ ਸਭ ਇਸਥਤ ਮਹਾਸ਼ੇ ਪ੍ਰਤਿ ਨਵੇਂਤਨ ਦੀਆ ਜੋ ਆਓ ਅਬ ਬ੍ਰਿਧ ਬਾਬਾ ਜੀ ਕੇ ਦਰਸਨ ਕਰੀਏ ਜੇ ਇਸ ਸਭਸੇ ਬ੍ਰਿਧ ਬਾਬਾ ਜੀ ਮੇ ਰਾਗਮਾਲਾ ਉਸੀ ਸਜਾਹੀ ਕਲਮ ਕੀ ਹੋਵੇ ਤੋ ਮਾਨਲੀਆ ਜਾਵੇ ਕਿ ਰਾਗਮਾਲਾ ਗੁਰਬਾਣੀ ਹੈ, ਸਾਰੀ ਸੰਗਤਿਜੋ ਕ੍ਰੀਬ ਪਾਂਚ ਛੇ ਕੁ ਸੌ ਦੇ ਬਾਹਰ ਦੀ ਅਤੇ ਮਾਂਗਟ ਸ਼ਹਿਰ ਦੀ ਥੀ ਜਿਨਮੇ ਸੇ ਕੁਛ ਕੁ ਨਾਮ ਪ੍ਰਤਿਸ਼ਠਤ ਮਹਾਤਮਾਂ ਦੇ ਦਰਸਾਉਂਦਾ ਹਾਂ, ਸ੍ਰੀਮਾਨਜ ਮਹੰਤ ਰਤਨ ਸਿੰਘ ਜੀ ਸ੍ਰੀ



Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤਸਰ ਜੀ ਡੇਰਾ ਬਾਬਾ ਮਿਸ਼ਰਾ ਸਿੰਘ ਜੀ, ਸ੍ਰੀਮਾਨ ਸੰਤ ਪੰ: ਨੰਦ ਸਿੰਘ ਜੀ ਮੰਡਲੇਸ਼ਰ ਪੂਰਨ ਵਿਦ੍ਵਾਨ ਗੁਰੂ ਬਾਣੀ ਵੇਤਾ ਸ੍ਰੀ ਅੰਮ੍ਰਿਤਸਰ ਜੀ, ਸ੍ਰੀਮਾਨ ਪੰਡਿਤਗਯਾਨੀ ਗੋਪਾਲ ਸਿੰਘ ਜੀ ਮਾਂਗਟ ਭਾਈ ਬੰਨੋਂ ਸ੍ਰੀਮਾਨ ਸੰਤ ਕਰਤਾਰ ਸਿੰਘ ਜ਼ੀ ਪੰਡਿਤ ਗਿਆਨੀ ਥੋਹਾ ਦੁਖਭੰਜਨੀ ਜ਼ਿਲਾ ਰਾਵਲ ਪਿੰਡੀ, ਸ੍ਰੀਮਾਨ ਸੰਤ ਅਰਜਨ ਸਿੰਘ ਜੀ ਗਯਾਨੀ ਹੋਤੀ ਮਰਦਾਨ, ਸ੍ਰੀਮਾਨ ਮਹੰਤ ਪਿਆਰਾ ਸਿੰਘ ਜੀ ਮਾਂਗਟ, ਸ੍ਰੀਮਾਨ ਮਹੰਤ ਲਾਲ ਸਿੰਘ ਜੀ ਗਯਾਨੀ ਸੁਹਾਵਾ ਜ਼ਿਲਾ ਗੁਜ੍ਰਾਤ, ਸ੍ਰੀਮਾਨ ਸੰਤ ਚਰਨ ਸਿੰਘ ਜੀ ਉਪਦੇਸ਼ਕ, ਸ੍ਰੀਮਾਨ ਸੰਤ ਕੇਸ਼ੋ ਸਿੰਘ ਜੀ ਗਯਾਨੀ ਮੁਜ਼ੱਫਰਾਵਾਦ ਰਿਆਸਤ ਕਸ਼ਮੀਰ, ਸ੍ਰੀਮਾਨ ਭਾਈ ਤੇਜਾ ਸਿੰਘ ਜੀ ਉਪਦੇਸ਼ਕ ਚੇਲਾ ਸ੍ਰੀਮਾਨ ਸੰਤ ਅਤਰ ਸਿੰਘ ਜੀ ਮਸਤੂਆਨਾ ਸਬੰਧਤ ਸਿੰਘ ਸਭਾ ਭਸੌੜ, ਸਮੇਤ ਔਰ ਸਿੰਘੋਂ ਸਭਾ ਬਾਸੂ ਵਾਲੋਂ ਕੇ, ਅਤੇ ਸੇਵਕ ਸੰਤ ਟੈਹਲ ਸਿੰਘ ਡੇਰਾ ਲੰਮੇਂ ਜਾਗੀਰ, ਇਨਮਹਾਤਮਾਓਂ ਕੇ ਆਦਿ ਲਗ ਭਗ ਪਾਂਚ ਛੇ ਸੌ ਕੇ ਅਥਵਾ ਕੁਛ ਊਪਰ ਸੰਗਤ ਨੇ ਦਰਸ਼ਨ ਕੀਤੇ ਦੋਨੋਂ ਸ੍ਰੀ ਗੁਰੂਓਂ ਜੀ ਕੇ ਦਸਤਖਤੋਂ ਮੋਹਰ ਸੰਜੁਗ ਰਾਗਮਾਲਾ ਮੁੰਦਾਵਣੀ ਇਕ ਸਯਾਹੀ ਕਲਮ ਕੇ ਹੈ:—

| | |
|---|---|
| ਦਸਤਖ਼ਤ ਸ੍ਰੀ ਗੁਰੂ ਪੰਚਮ ਜੀ<br><br>ੴ ਸਤਿਨਾਮੁ ਕਰਤਾ ਪੁਰਖੁ<br>ਨਿਰਭਉ ਨਿਰਵੈਰ ਅਕਾਲ ਮੂਰਤਿ<br>ਅਜੂਨੀ ਸੈਭੰ ਗੁਰਪ੍ਰਸਾਦਿ ॥ | ਦਸਤਖਤ ੬ ਗੁਰੂ ਜੀ<br><br>ੴ ਸਤਿਨਾਮੁ ਕਰਤਾ ਪੁਰਖੁ<br>ਨਿਰਭਉ ਨਿਰਵੈਰ ਅਕਾਲ ਮੂਰਤਿ<br>ਅਜੂਨੀ ਸੈਭੰ ਸਤਿਗੁਰ ਪ੍ਰਸਾਦਿ ॥<br><br>ਮਾਰੂ ਰਾਗ ਦੇ ਅੰਤਮੇਂ ॥ |
| ਆਦਿਮੇ | |

| ਮੋਹਰ ੬ ਗੁਰੂਜੀ ਕੀ | ਗੁਰੂ ਜੀ |
|---|---|
| ਗੁਰੂ ਨਾਨਕ ਚਰਨ ਸਰਨ ਸਾਹਿਬ ਹਰਿ ਗੋਬਿੰਦ ਜੀ | ੴ ਸਤਿਨਾਮੁ ਵਾਹਿਗੁਰੂ ਜੀ ਸ੍ਰੀ |

ਇਸ ਦੂਸ੍ਰੀ ਬੀੜ ਮੇਂ ਭੀ ਸੋ ਪੁਰਖਾਦੀ ਸ਼ਬਦ ਚਾਰੋ ਰਹਿਰਾਸ ਮੇਂ ਨਹੀ ਹੈ ॥ ਅਤੇ ਜੋਤੀ ਜੋਤ ਸਮਾਉਣੇ ਕਾ ਚਲਿਤ੍ਰ ੪ ਪਾਤਸ਼ਾਹ ਗੁਰੂ ਰਾਮ ਦਾਸ ਜੀ ਤਕ ਇਕ ਕਲਮ ਹੈ ਅਤੇ ਅਗੇ ਪੰਚਮ ਗੁਰੂ ਜੀ ਸੇ ਕਲਮ ਅਲਗ ੨ ਹੈ :—

(ੲ) ਏਹ ਤੀਸਰੀ ਬੀੜ ਸ੍ਰੀ ਗੁਰੂ ਪੰਚਮ ਪਾਤਸ਼ਾਹ ਜੀ ਨੇ ਅਪਨੇ ਸਾਹਮਣੇ ਸੰਮਤ ਬਿ: ੧੬੬੨ ਬੁੜੇ ਸੰਧੂ ਪਾਸੋ ਲਿਖਵਾਈ ਹੈ ਪ੍ਰੇਰਨਾ ਭਾਈ ਮਿਲਖੀ ਪਸ਼ੌਰ ਨਵਾਸ਼ੀ ਕੀ ਸੇ ਜੋ ਅਬ ਰਾਵਲ ਪਿੰਡੀ ਮਹੱਲਾ ਸੈਦ ਪੁਰੀਆਂ ਧਰਮ ਸ਼ਾਲ ਬਾਬਾ ਕੁਸ਼ਾਲ ਸਿੰਘ ਭਲੇ ਵਾਲੀ ਮੇ ਏਹ ਬ੍ਰਿਧ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬ੍ਰਾਜਮਾਨ ਹਨ ਇਕ ਕਲਮ ਕੀ



Sri Satguru Jagjit Singh Ji eLibrary NamdhariElibrary@gmail.com

ਲਿਖਤ ਆਦਿ ਸੇ ਅੰਤਪ੍ਰਜੰਤ ਰਾਗਮਾਲਾ ਮੌਜੂਦ ਹੈ ਅਤੇ ਰਾਗਮਾਲਾ ਦੇ ਸਾਥ ਹੀ ਸਜਾਹੀ ਕੀ ਬਿਧ ਹੈ ਇਸ ਬ੍ਰਿਧ ਬਾਬੇ ਮੇਂ ਸੰਸਕ੍ਰਿਤ ਸਲੋਕੋਂ ਸੇ ਤ੍ਰਕੀਬਵਾਰ ਇਉ ਹੈ ਯਥਾ ਸਲੋਕ ਸੰਸਕ੍ਰਿਤ, ਗਾਥਾ, ਫੁਨੇਹ, ਚੌਬੋਲੇ, ਸਲੋਕ ਵਾਰਾ ਤੇ ਵਧੀਕ, ਮੁੰਦਾਵਣੀ, ਸਲੋਕ ਤੇਰਾ ਕੀਤਾ:, ਸਲੋਕ ਭਗਤਿ ਕਬੀਰ ਜੀ, ਸ: ਸੇਖਫਰੀਦ ਜੀ, ਸ੍ਵੈਯੇ ਭਟਾਂ ਦੇ, ਸ: ਮ: ੧ ਜਿਤ ਦਰ ਲ:, ਸ: ਮ: ੧ ਬਾਇਆਤਸ:, ਰਤਨ ਮਾਲਾ, ਹਕੀਕਤ ਰਾਇ, ਰਾਗਮਾਲਾ, ਸਜਾਹੀ ਕੀ ਬਿਧ, ਜੋਤੀ ਜੋਤ ਸਮਾਉਣੇ ਕਾ ਚਲਿਤ੍ਰ ੪ ਪਾਤਸ਼ਾਹ ਜੀ ਤਕ ਹੈ, ਸ੍ਰੀ ਵਾਹਿਗੁਰੂ ਜੀ ਸ੍ਰੀ ਵਾਹਿਗੁਰੂ ਜੀ ਸ੍ਰੀ ਸਤਿਗੁਰੂ ਜੀ ਕੇ ਹਜੂਰ ਗ੍ਰੰਥ ਸਾਹਿਬ ਸੰਪੂਰਨ ਹੋਇਆ ਲਿਖਿਆ ਭਾਈ ਬੂੜੇ ਸੰਧੂ ਪੰਜਵੀ ਪਾਤਸ਼ਾਹੀ ਦੇ ਹਜੂਰ ਲਿਖਵਾਇਆ ਭਾਈ ਮਿਲਖੀ ਪਸ਼ੌਰ ਦੇ ਵਾਸੀ ॥ ਜੋ ਕੋਈ ਇਸ ਗ੍ਰੰਥ ਸਾਹਿਬ ਜੀ ਦਾ ਦਰਸ਼ਨ ਕਰੇਗਾ ਉਸਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਕੀ ਦੇਹ ਕਾ ਦਰਸ਼ਨ ਹੋਵੇਗਾ ਭੁਲ ਚੁਕ ਬਖਸ਼ਣੀ ਸ੍ਰੀ ਵਾਹਿਗੁਰੂ ਜੀ ਸਤਿ ਜੀ, ਸੰਮਤ ੧੬੬੨ ਵਿਚ ਸੰਪੂਰਣ ਹੋਇਆ ਲਿਖਿਆ, ਅਤੇ ਨੌਵੇਂ ਗੁਰੂ ਜੀ ਦੀ ਬਾਣੀ ਅਬੀ ਤਕ ਨਹੀ ਚੜ੍ਹਾਈ ॥ ਪ੍ਰਿਅਵਰ ਬਜ਼ੁਰਗੋ ਐਸਾ ਲੇਖ ਰਾਗਮਾਲਾ ਸਿਧ ਕਰਤਾ ਕਹੀ ਸ਼ਾਇਦ ਹੀ ਮਿਲੇ ਗਾ ਕਿਉਂਕਿ ਏਕ ਤੋ ਸੌਲਾਂ ਸੌ ਬਾਠ ਮੇ ਸ੍ਰੀ ਗੁਰੂ ਜੀਕੇ ਹਜੂਰ ਲਿਖਾਰੀ ਨੇ ੧ ਬਰਸ ਹੀ ਪੀਛੇ ਲਿਖਿਆ ਭਾਈ ਮਿਲਖੀ ਪਸ਼ੌਰ ਵਾਸੀ ਨੇ ਲਿਖਵਾਯਾ ਅਤੇ ਦੂਸਰਾ ਬਿਨਾ ਵਿਥ ਕੇ ਹੀ ਊਪਰ ਲਿਖੀਆ ਬਾਨੀਆਂ ਲਿਖੀਆਂ ਹੋਈਆਂ ਹਨ ਅਤੇ ਰਾਗਮਾਲਾ ਦੇ ਸਾਥ ਹੀ ਸਜਾਹੀ ਕੀ ਬਿਧ ੪ ਪਾਤਸ਼ਾਹੀ ਤਕ ਜੋਤੀ ਜੋਤ ਸਮਾਉਣਾ ਅੰਤ ਮੇ ਬਿਨਾ ਵਿਥ ਕੇ ਹੀ ਏਹ ਲੇਖ ਲਿਖਕੇ ਆਪ ਸਾਹਿਬਾਨ ਕੋ ਦਰਸਾਇਆ ਹੈ ਤੀਸਰਾ ਲੁਤਫ ਯਹ ਹੈ ਕਿ ਸੋਪੁਰਖ, ਤੂ ਕਰਤਾ ਸਚਿਆਰ, ਤਿਤ ਸਰਵਰੜੇ, ਭਈ ਪ੍ਰਾਪਤਿ, ਆਦਿ ਏਹ ਚਾਰੋ ਸ਼ਬਦ ਰਹਿਰਾਸ ਮੇਂ ਪਹਿਲੀਆਂ ਦੋਨੋਂ ਬੀੜਾ ਪਰ ਨਹੀ ਹਨ ਭਾਵ ਕਿ ਨਾਤੋ ਕਰਤਾਰ ਪੁਰ ਵਾਲੀ ਪਹਿਲੀ ਬੀੜ ਪਰ ਹਨ ਅਤੇ ਨਾ ਹੀ ਦੂਸ੍ਰੀ ਭਾਈ ਬੰਨੋਂ ਵਾਲੀ ਬੀੜ ਪਰ ਹਨ, ਸੋ ਇਸੀ ਤੀਸਰੀ ਬੀੜ ਪਰ ਹੀ ਸ੍ਰੀ ਗੁਰੂ ਪੰਚਮ ਪਾਤਸ਼ਾਹ ਜੀ ਨੇ ਏਹ ਸੋਪੁਰਖਾਦੀ ਸ਼ਬਦ ਰਹਿਰਾਸ ਮੇਂ ੪ ਚੜ੍ਹਾਏ ਹਨ, ਇਸੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸਨ ਕਰ ਮਹਾਰਾਜਾ ਰਣਜੀਤ ਸਿੰਘ ਜੀ ਨੇ ੩੦੦੦੦) ਹਜਾਰ ਕੀ ਜਾਗੀਰ ਦੀ ਥੀ ਜਿਸ ਵਿਚੋ ਅਬ ੧੫੦੦) ਸੌ ਦੀ ਬਾਕੀ ਹੈ ਇਸ ਬ੍ਰਿਧ ਦਰਬਾਰ ਦੇ ਦਰਸਨ ਸਾਵਣ ੨ ਸੰ: ਬਿ: ੧੯੬੫ ਮੁਤਾਬਕ ਵੀਰਵਾਰ ਇਤਨੇ ਪ੍ਰੇਮੀਆਂ ਸੇ ਮਿਲਕੇ ਕੀਤੇ, ਬਾਬਾ ਜਗਤ ਸਿੰਘ ਜੀ ਖਾਸ ਰਾਵਲ ਪਿੰਡੀ ਬਾਬਾ ਬਿਸ਼ਨ ਸਿੰਘਜੀ ਰਾਵਲ ਪਿੰਡੀ ਸਰਦਾਰ ਗੁਰਮੁਖ ਸਿੰਘ ਜੀ ਰਈਸ ਮਿੰਬਰ ਕਮੇਟੀ ਰਾਵ:, ਭਾਈ ਜਵਾਹਰ ਸਿੰਘ ਜੀ ਰਾਵ:, ਭਾਈ ਜੁਜਾਲਾ ਸਿੰਘ ਜੀ ਨਿਹੰਗ, ਭਗਤਿ ਚੇਤਰਾਮ ਜੀ ਪੰਡਿਤ ਰਾਵ:, ਸੰਤ ਟੈਹਿਲ ਸਿੰਘ ਲੰਮੇਂ ਜਾਗੀਰ, ਇਨ ਸਾਤ ਮਹਾਤਮਾਓਂ ਸੇ ਆਠਵੇਂ ਦਾਸ ਨੇ ਦਰਸਨ ਕੀਤੇ ॥

(ਸ) ਜ਼ਿਲਾ ਗੁਜਰਾਤ ਪਿੰਡੀ ਲਾਲਾ, ਭਾਟੀਆਂ ਦੀ ਧਰਮਸ਼ਾਲਾ ਮੇ ਬ੍ਰਿਧ ਸ੍ਰੀ ਗੁਰੂ ਬਾਬਾ ਜੀ ਹੈਂ ਲਿਖਤ ਏਕਕਲਮਕੀ ਆਦਿ ਸੇ ਅੰਤ ਤਕ ਰਾਗਮਾਲਾ ਛੋਟੇ ਬੜੇ ਤਤਕਰਾ ਮੇਂ ਅਤੇ ਅੰਤ ਮੇਂ ਮੌਜੂਦ ਹੈ ਜਿਸਕੇ ਆਦਿ ਦਸਖਤ ੬ ਗੁਰੂਜੀ ਕੇ ਅਤੇ ੬ ਗੁਰੂ ਜੀ ਕੀ ਤਸਵੀਰ ਤਦਵਕਤ ਕੀ ਹੈ ਸੰ:ਬਿ: ੧੬੭੫ ਮੇ ਸੰਪੂਰਨ ਹੁਏ ਹੈਂ ਨਕਲ ਮਾਗਟ ਭਾਈ ਬੰਨੋਂ ਸਾਹਿਬ ਵਾਲੀ ਬੀੜ ਕੀ ਐਨ ਬਐਨ ਹੈ ॥ ਇਸ ਗ੍ਰੰਥ ਸਾਹਿਬ ਜੀ ਦੇ ਦਰਸਨ ਭੀ ਬਹੁਤ ਸੰਗਤ ਸੇ ਮਿਲਕੇ ਦਾਸ ਸੰਤ ਟੈਹਿਲ ਸਿੰਘ ਨੇ ਕੀਤੇ ਸੰਮਤ ੧੯੬੫ ਮੁਤਾਬਕ ਚੇਤ ਸੁਦੀ ੧

ਆਦਿ ਮੇਂ ਦਸੂਖਤ
੫ ਗੁਰੂਜੀ ਕੇ

੧ੴ ਸਤਿ ਨਾਮੁ
ਕਰਤਾਪੁਰਖ
ਨਿਰਭਉ ਨਿਰਵੈਰੁ
ਅਕਾਲ ਮੂਰਤਿ
ਅਜੂਨੀ ਸੈਭੰ
ਗੁਰਪ੍ਰਸਾਦਿ ॥

ਦਸਖਤ ੬ ਗੁਰੂਜੀ

੧ੴ ਸਤਿ ਨਾਮੁ ਕਰਤਾ ਪੁਰਖ
ਨਿਰਭਉ ਨਿਰਵੈਰ ਅਕਾਲ
ਮੂਰਤਿ ਅਜੂਨੀ ਸੈਭੰ
ਗੁਰ ਪ੍ਰਸਾਦਿ ॥



Sri Satguru Jagjit Singh Ji eLibrary NamdhariElibrary@gmail.com

(ਹ) ਇਸ ਬ੍ਰਿਧ ਦਰਬਾਰ ਕਾ ਆਰੰਭ ਸ੍ਰੀ ਗੁਰੂ ਪੰਚਮ ਪਾਤਸ਼ਾਹ ਜੀ ਨੇ ੧੬੬੨ ਮੇ ਆਪਣੇ ਹਥੀਂ ਕੀਤਾ ਅਤੇ ਆਦਿ ਦਸਖਤ ਭੀ ਕੀਤੇ ਇਸ ਬਾਬੇ ਦੇ ਲਿਖਤ ਕਰਤਾ ਬਜ਼ੁਰਗ ਇਲਾਕਾ ਕੋਹਾਟ ਪਿੰਡ ਅਸਮਾਨਾ ਮੇਂ ਨਿਵਾਸ਼ ਕਰਤੇ ਥੇ ਅਤੇ ਕੋਹਾਟ ਬੰਨੋਂ ਆਦੀ ਦੇਸ਼ਦੀ ਸੰਗਤ ਲੈ ਕੇ ਸ੍ਰੀ ਗੁਰੂ ਜੀ ਦੇ ਹਜ਼ੂਰ ਹਾਜਰ ਹੂਆ ਕਰਤੇ ਥੇ ਇਨਹੀ ਬਜ਼ੁਰਗੋਂ ਕੋ ਸ੍ਰੀ ਗੁਰੂ ਪੰਚਮ ਪਾਤਸ਼ਾਹ ਜੀ ਨੇ ਲੰਗ੍ਰ ਵਰਤਾਉਨੇ ਕੀ ਆਗਿਆ ਦਿਤੀ ਸੀ ਅਤੇ ਉਸੀ ਵਕਤ ਦਸੁਖਤ ਕਰਕੇ ਜੋ ਪਹਿਲੀਆਂ ਸੈਚੀਆਂ ਦਾ ਆਰੰਭ ਕਰਾ ਦਿਤਾ ਜਿਸਨੂੰ ਏਸ ਖਾਨਦਾਨ ਦੇ ਬਜ਼ੁਰਗਾਂ ਨੇ ੧੬੯੧ ਮੇ ਸਮਾਪਤ ਕੀਤਾ ਅਤੇ ਰਾਗਮਾਲਾ ਕੇ ਅੰਤਮੇਂ ਦਸੁਖਤ ੬ ਗੁਰੂ ਜੀ ਕੇ ਅਤੇ ੭ ਗੁਰੂ ਜੀ ਕੇ ਅਤੇ ਨੌਵੇਂ ਗੁਰੂ ਜੀ ਕੇ ੧੦ ਗੁਰੂ ਪਿਤਾ ਜੀ ਕੇ ਹਨ ਅਤੇ ਇਨ ਕੀ ਬੰਸ਼ ਮੇਂ ੧੦ ਦਸਮੇ ਗੁਰੂਜੀ ਕੇ ਵਕਤ ਭਾਈ ਪੈਂਧਾ ਸਾਹਿਬ ਮਸ਼ਹੂਰ ਹੂਏ ਹਨ ਇਸੀ ਭਾਈ ਪੈਂਧਾ ਸਾਹਿਬ ਜੀ ਨੇ ਦਮਦਮੇਂ ਸਾਹਿਬ ਗੁਰੂ ਦਸਮੇਸ਼ ਜੀ ਕੇ ਪਾਸ ਜਿਲਦ ਬੰਧਵਾਈ ਹੈ ਇਸੀ ਭਾਈ ਪੈਂਧਾ ਸਾਹਿਬ ਕੇ ਦੋ ਲੜਕੇ ੪੦ ਮੁਕਤਿਓਂ ਮੇਂ ਸਿੰਘ ਸਜੇ ਹੈ ਜਿਨਕੇ ਨਾਮ ਭਾਈ ਗੁਲਾਬ ਸਿੰਘ ਜੀ, ਅਤੇ ਭਾਈ ਪੰਜਾਬ ਸਿੰਘ ਜੀ, ਇਨਕੀ ਬੰਸ ਮੇਂ ਹੀ ਭਾਈ ਬੂਟਾ ਸਿੰਘ ਹਕੀਮ ਰਾਵਲਪਿੰਡੀ ਮਹੱਲਾ ਸ਼ਾਹ ਚਰਾਗ ਸੇ ਆਦਿ ਤਤਕਰਾ ਮੇਂ ਔਰ ਅੰਤ ਮੇਂ ਭੀ ਰਾਗਮਾਲਾ ਮੌਜੂਦ ਹੈ ਅਤੇ ਅੰਤ ਰਾਗ ਮਾਲਾ ਕੇ ੪ ਗੁਰੂਓਂ ਕੇ ਦਸੁਖ਼ਤ ਹੈ ਯਥਾ:—

| ਆ:ਦ:ਪੰ: ਗੁਰੂ ਜੀ | ਅੰ:ਦ: ੬ ਗੁਰੂ ਜੀ | ਅੰ: ਦ: ੭ ਗੁਰੂ ਜੀ | ਅੰ:ਦ: ੯ ਗੁਰੂ ਜੀ |
| --- | --- | --- | --- |
| ੴ ਸਤਿਨਾਮੁ<br>ਕਰਤਾ ਪੁਰਖੁ ਨਿਰ-<br>ਭਉ ਨਿਰਵੈਰ<br>ਅਕਾਲ ਮੂਰਤਿ<br>ਅਜੂਨੀ ਸੈਭੰ<br>ਗੁਰਪ੍ਰਸਾਦਿ ॥ | ੴ ਸਤਿਨਾਮੁ<br>ਕਰਤਾ ਪੁਰਖੁ ਨਿਰ-<br>ਭਉ ਨਿਰਵੈਰ<br>ਅਕਾਲ ਮੂਰਤਿ<br>ਅਜੂਨੀ ਸੈ ਭੰ<br>ਗੁਰਪ੍ਰਸਾਦਿ ॥ | ੴ ਸਤਿ ਨਾਮੁ<br>ਕਰਤਾ ਪੁਰਖੁ ਨਿਰ-<br>ਭਉ ਨਿਰਵੈਰੁ<br>ਅਕਾਲ ਮੂਰਤਿ<br>ਅਜੂਨੀ ਸੈ ਭੰ<br>ਗੁਰਪ੍ਰਸਾਦਿ ॥ | ੴ ਸਤਿ ਨਾਮੁ<br>ਕਰਤਾ ਪੁਰਖੁ ਨਿਰ-<br>ਭਉ ਨਿਰਵੈਰ<br>ਅਕਾਲ ਮੂਰਤਿ<br>ਅਜੂਨੀ ਸੈ ਭੰ<br>ਗੁਰਪ੍ਰਸਾਦਿ ॥ |

ਦਸਮੇ ਪਾਤਸ਼ਾਹੋਂ ਕੇ ਦਸਖਤ ਦੋ ਪਤ੍ਰੋਂ ਪਰ ਹੈ ਪ੍ਰੰਤੂ ਪੜ੍ਹਨੇ ਮੇਂ ਨਹੀ ਆਉਂਦੇ ਕਹੀਂ ਕਹੀਂ ਸਿਰਫ ਫਤੇ ਕਾ ਪਤਾ ਲਗਤਾ ਹੈ ਯਾ ਕਿਸੀ ਏਕ ਅਖਰ ਕਾ ਪਤਾ ਮਾਲੂਮ ਹੁੰਦਾ ਹੈ ਜ਼ਿਆਦਾ ਨਹੀਂ ਇਸ ਬ੍ਰਿਧ ਬਾਬੇ ਦੇ ਦਰਸ਼ਨ ਸ੍ਰੀਮਾਨ ਸੰਤ ਅਤਰ ਸਿੰਘ ਜੀ ਅਤੇ ਬਹੁਤ ਸਾਰੇ ਸਿੰਘ ਕੋਈ ਕ੍ਰੀਬ ਪਚਾਸ ਕੁ ਦੇ ਹੋਂਗੇ ਇਨ ਮਹਾਤਮਾਓਂ ਜੀ ਸੇ ਮਿਲਕੇ ਦਾਸ ਸੰਤ ਟੈਹਿਲ ਸਿੰਘ ਨੇ ਕੀਤੇ ਸ੍ਰਾਵਣ ਪਹਿਲੀ ੧ ਸੰਮਤ ਬਿ: ੧੯੬੫ ਮੁਤਾਬੁਕ ਖਾਸ ਰਾਵਲਪਿੰਡੀ ਭਾਈ ਬੂਟਾ ਸਿੰਘ ਜੀ ਹਕੀਮ ਦੀ ਧਰਮਸਾਲ ਮੇਂ ।

(ਕ)੪ ਚਾਰ ਬ੍ਰਿਧ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ੍ਰੀ ਗੁਰੂ ਦਸਮੇ ਪਿਤਾ ਜੀ ਕੇ ਹਸ੍ਤਾਖਰ ਦਸੁਖਤੋਂ ਸੇ ਸਸ਼ੋਭਤ ਸਰਬ ਖਾਲਸਾ ਜੀ ਦੇ ਜਨਮ ਸਥਾਨ ਪਟਣੇ ਸਾਹਿਬ ਜੀ ਮੇਂ ਬ੍ਰਾਜਮਾਨ ਹੈ ਜਿਨਕੇ ਦਰਸਨ ਹਰ ਏਕਾਦਸੀ ਕੋ ਨਸੀਬ ਹੁੰਦੇ ਹਨ ਇਨ ਬ੍ਰਿਧ ਗ੍ਰੰਥ ਸਾਹਿਬਾਨ ਕੇ ਛੋਟੇ ਤਤਕਰਾ ਮੇਂ ਇਕੋ ਸਜਾਹੀ ਕਲਮ ਕੀ ਰਾਗਮਾਲਾ ਮੌਜੂਦ ਮਹਾਤਮਾ ਜਨ ਦੇਖ ਸਕਤੇ ਹੈਂ:—

(ਖ) ਇਹੁ ਬ੍ਰਿਧ ਬਾਬਾ ਜੀ ਸ੍ਰੀ ਹਜ਼ੂਰ ਅਬਚਲਾ ਨਗਰ ਸਾਹਿਬ ਮੇਂ ਬ੍ਰਾਜ਼ਮਾਨ ਹਨ ਇਸ ਬ੍ਰਿਧ ਬਾਬੇ ਜੀ ਮੇਂ ਦੋ ਜਗਹਿ ਹਸ੍ਤਾਖਰ ਦਸੁਖਤ ਸ੍ਰੀ ਗੁਰੂ ਦਸਮੇਸ਼ ਪਿਤਾ ਜੀ ਕੇ ਹੈਂ ਅਤੇ ਰਾਗਮਾਲਾ ਸਮੇਤ ਛੋਟੇ ਬੜੇ ਤਤਕਰਾ ਕੇ ਅੰਤਮੇ ਏਕ ਹੀ ਕਲਮ ਸਜਾਹੀ ਕੀ ਸਸ਼ੋਭ ਹੋ ਰਹੀ ਹੈ ਸੱਜਨ ਜਨ ਦੇਖ ਸਕਤੇ ਹੈਂ ॥ ਇਸ ਬਾਬੇ ਦੀ ਜਿਲਦ



Sri Satguru Jagjit Singh Ji eLibrary NamdhariElibrary@gmail.com

ਥੋਹੜਾ ਹੀ ਚਿਰ ਹੂਆ ਹੈ ਸੰਤ ਗੁਰਬਖਸ਼ ਸਿੰਘ ਜੀ ਤੇ ਗਜਾਨੀ ਭਾਈ ਅਰਜਨ ਸਿੰਘ ਜੀ ਹੋਤੀ ਵਾਲੋਂ ਨੇ ਬਾਂਧੀ ਹੈ ਅਤੇ ਹਾਂਸ਼ੀਆ ਭੀ ਲਗਾਯਾ ਹੈ ਇਸ ਬਾਬੇ ਮੇਂ ਨੌਵੇ ਪਾਤਸ਼ਾਹ ਜੀ ਕੀ ਬਾਣੀ ਭੀ ਨਹੀਂ ਹੈ ॥

(ਗ) ਇਹ ਬ੍ਰਿਧ ਗੁਰੂ ਗ੍ਰੰਥ ਸਾਹਿਬ ਸ਼ਹਿਰ ਅਟਕ ਮੇ ਗਲੀ ਨਾਗੇ ਦੀ ਧਰਮਸ਼ਾਲਾ ਭਾਈ ਥਾਨ ਸਿੰਘ ਜੀ ਕੋਟਵਾਲੇ ਕੀ ਮੇਂ ਬ੍ਰਾਜਮਾਨ ਹੈਂ ਅਤੇ ਦਸ੍ਤਖਤ ਮ: ੧੦ ਕਰਕੇ ਆਦਿ ਮੰਤ੍ਰ ਜਪੁਜੀ ਗੁਰਪ੍ਰਸਾਦਿ ਤਕ ਤੀਰ ਸੇ ਲਿਖਾ ਹੂਆ ਹੈ ਮਗਰ ਸਿਜਾਣਾ ਪੁਰਸ਼ ਪੜ੍ਹ ਸਕਦਾ ਹੈ ਅਤੇ ਸਮੇਤ ਛੋਟੇ ਬੜੇ ਤਤਕਰਾ ਕੇ ਅੰਤਮੇਂ ਏਕ ਕਲਮ ਸ਼ਜਾਹੀ ਕੀ ਰਾਗਮਾਲਾ ਮੌਜੂਦ ਹੈ ਅਤੇ ਨੌਵੇ ਪਾਤਸ਼ਾਹ ਕੀ ਬਾਣੀਂ ਸਾਰੀ ਬਾਦ ਰਾਗਮਾਲਾ ਸੇ ਅੰਤ ਚੜ੍ਹਾਈ ਹੂਈ ਹੈ ਸੰਮਤ ੧੭ ਸੌ ੩੫ ਪੈਤੀਸ ਕੇ ਲਿਖੇ ਹੂਏ ਹੈਂ ॥ ਇਸ ਬ੍ਰਿਧ ਬਾਬੇ ਜੀ ਦੇ ਦਰਸ਼ਨ ੧੦ ਸ੍ਰਾਵਣ ਸੰ: ੧੯੬੫ ਮੁਤਾਬਕ ਭਾਈ ਗੁਰਦਿਤ ਸਿੰਘ ਜੀ ਤੇ ਭਾਈ ਕਿਸ਼ਨ ਸਿੰਘ ਅਟਕ ਨਵਾਸ਼ੀ ਅਤੇ ਦਾਸ ਸੰਤ ਟੈਹਿਲ ਸਿੰਘ ਲੰਮੇ ਜਾਗੀਰ ਨੇ ਕੀਤੇ ॥

(ਘ) ਇਹ ਬ੍ਰਿਧ ਗੁਰੂ ਗ੍ਰੰਥ ਸਾਹਿਬ ਜੀ ਖਾਸ ਪਸ਼ਾਵਰ ਗਲੀ ਮਹਿਤਿਆ ਦੀ ਭਾਈ ਮੂਲ ਸਿੰਘ ਦੇ ਘਰ ਬ੍ਰਾਜਮਾਨ ਹਨ ਇਸ ਖਾਨਦਾਨ ਮੇ ਭਾਈ ਕਿਸ਼ਨਾ, ਭਾਈ ਦੂਨੀ ਚੰਦ, ਭਾਈ ਮਿਹਰਾ, ਭਾਈ ਸੁਖਾਨੰਦ ਬਵਕਤ ਮੁਗਲੀਆ ਖਾਨਦਾਨ ਦੇ ਦੀਵਾਨ ਥੇ ਅਤੇ ਸ੍ਰੀ ਗੁਰੂ ਦਸਮੇਸ਼ ਪਿਤਾ ਜੀ ਕੇ ਸਿਖ ਥੇ ਪ੍ਰੰਤੂ ਗੁਰਮੁਖੀ ਪੜ੍ਹੇ ਨਹੀ ਥੇ ਅਤੇ ਗੁਰਬਾਣੀ ਦੇ ਅਤੀ ਪ੍ਰੇਮੀ ਥੇ ਇਸ ਹੇਤੂ ਤੇ ਇਨੋਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਫਾਰਸੀ ਮੇ ਲਿਖਕੇ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕੇ ਹਜ਼ੂਰ ਲਿਆਏ ਸ੍ਰੀ ਗੁਰੂ ਜੀ ਨੇ ਅਤੀ ਪ੍ਰਸੰਨ ਹੋ ਦਸਤਖਤ ਕੀਤੇ ਅਤੇ ਅੰਤ ਮੇ ਸਾਰੀ ਬਾਣੀ ਨੌਵੇ ਪਾਤਸ਼ਾਹ ਜੀ ਕੀ ਚੜ੍ਹਵਾਈ ਸਮੇਤ ਛੋਟੇ ਬੜੇ ਤਤਕਰਾ ਕੇ ਅੰਤਮੇਂ ਰਾਗਮਾਲਾ ਮੌਜੂਦ ਹੈ ੯ ਗੁਰੂ ਜੀ ਦੀ ਬਾਣੀ ਰਾਗਮਾਲਾ ਸੇ ਪੀਛੇ ਹੈ ਅਤੇ ਸ੍ਰੀ ਗੁਰੂ ਦਸਮੇਸ਼ ਜੀ ਦੇ ਪਾਸ ਸਮੇਤ ਆਪਣੀ ਤਸਵੀਰ ਕੇ ਨੌਵਾ ਗੁਰੂਆਂ ਦੀਆਂ ਅਸਲੀ ਤਸਵੀਰਾਂ ਸਨ ਜੋ ਸਾਰੀਆਂ ਹੀ ਊਪਰ ਕਹੇ ਦੀਵਾਨਾਂ ਕੋ ਬਖਸ਼ ਦਿਤੀਆਂ ਅਤੇ ਇਕ ਕਟਾਰ ਅਪਨੇ ਕਮਰ ਕਸਿਓਂ ਉਤਾਰਕੇ ਤੇ ਇਕ ਚਰਨ ਦਾ ਜੋੜਾ ਭੀ ਬਖਸ਼ਿਆ ਅਤੇ ਇਕ ਤਸ਼ਵੀਰ ਸ੍ਰੀ ਗੁਰੂ ਨਾਨਕ ਦੇਵ ਜੀ ਕੀ ਮਕੇ ਦੇ ਹਾਜੀ ਬਣ ਕੇ ਜਾਣ ਵਾਲੀ ਭੀ ਉਨ ਤਸ਼ਵੀਰੋਂ ਮੇਂ ਹੈ ਦੋ ਤਸਵੀਰਾਂ ਦੋ ਪ੍ਰੇਮੀ ਸਿੰਘਾਂ ਦੀਆ ਹਨ ਜਿਨਾ ਦਾ ਨਾਮ ਨਹੀਂ ਲਿਖਿਆ ਇਸ ਬ੍ਰਿਧ ਬਾਬੇ ਦੇ ਦਰਸਨ ਇਕ ਸਿੰਘ ਅਤੇ ਦਾਸ ਸੰਤ ਟੈਹਿਲ ਸਿੰਘ ਨੇ ਕੀਤੇ ਸ੍ਰਾਵਣ ੧੨ ਸੰ: ਬਿ: ੧੯੬੫ ਮੁਤਾਬਕ ॥

(ਙ) ਇਸ ਅੰਕ ਮੇਂ ਕਈ ਗੁਰੂ ਗ੍ਰੰਥ ਸਾਹਿਬਾਨ ਕੋ ਦਰਸਾਇਆ ਜਾਤਾ ਹੈ ਮਹਾਤਮਾ ਜਨ ਦ੍ਰੀਆਫਤ ਕਰ ਸਕਤੇ ਹੈ ਸਮਾਨ ਸੇ ਨਾਮ ਠਾਮ ਦ੍ਰਸਾਏ ਜਾਏਂਗੇ ਜੇ ਸਭ ਕੀ ਪੂਰੀ ਤਾਰੀਫ ਲਿਖੇ ਤੋਂ ਗ੍ਰੰਥ ਬਹੁਤ ਬੜ੍ਹ ਜਾਏਗਾ ਧੋਬੜੀ ਸਾਹਿਬ ਅਸਾਮ ਦੇਸ਼ ਮੇਂ ਦਸ੍ਤਖਤ ਦਸਮ ਗੁਰੂ, ਪ੍ਰਜਾਗ ਮੇਂ ਦਸ੍ਤਖਤ ੧੦ ਗੁਰੂ, ਅਲੀਗੜ੍ਹ ਦਸ੍ਤਖਤ ੧੦ ਗੁਰੂ ਇਤਾਦੀ ਪੂਰਬ ਦੇਸ਼ ਮੇਂ ਬਹੁਤ ਹੈਂ ॥

(ਚ) ਇਹ ਬਾਬਾ ਬ੍ਰਿਧ ਜੀ ਡ੍ਰੋਲੀ ਭਾਈ ਕੀ ਮੇਂ ਭਾਈ ਨੰਦ ਚੰਦ ਕੀ ਬੰਸ ਮੇਂ ਹੈਂ ਇਸੀ ਬਾਬੇ ਕੋ ਦਸਮੇਸ ਗੁਰੂ ਜੀ ਸ੍ਰਾਪ ਦੀਆ ਥਾ ਕਿ ਜੋ ਦਰਸਨ ਕਰੇਗਾ ਸੋ ਅੰਧਾ ਹੋ ਜਾਵੇਗਾ ਸੋ ਜਬ ਸ੍ਰੀ ਗੁਰੂ ਦਸਮੇਸ ਜੀ ਮਾਲਵੇ ਮੇਂ ਗਏ ਥੇ ਤਬ ਭਾਈ ਨੰਦ ਜੀ ਦੀ ਸੰਤਾਨ ਸ਼ਰਨ ਆਈ ਅਤੇ ਪਿਤਾ ਦੀ ਭੂਲ ਬਖਸ਼ਾਈ ਅਤੇ ਦਰਸਨ ਦੀ ਆਗਿਆ ਅਤੇ ਅਵਾਜ ਲੈਣੇ ਦੀ ਆਗਿਆ ਦੇ ਦਿਤੀ ਅਤੇ ਮੋਹਰ ਆਪਣੀ ਲਗਾਈ ॥

ਮੋਹਰ ੧੦ ਗੁਰੂ ਜੀ

| |
|---|
| ਸ੍ਰੀ ਅਕਾਲ ਸਹਾਇ<br>ਗੁਰੂ ਗੋਬਿੰਦ ਸਿੰਘ |

ਰਾਗਮਾਲਾ ਸਮੇਤ ਛੋਟ ਬੜੇ ਤਤਕਰੇ ਕੇ ਅੰਤ ਮੇਂ ਏਕ ਕਲਮ ਕੀ ਮੌਜੂਦ ਹੈ ਬਗੈਰ ਨੌਵੇਂ ਪਾਤਸ਼ਾਹੋਂ ਕੀ ਬਾਣੀ ਕੇ ਭਾਈ ਬੰਨੋਂ ਕੀ ਬੀੜ ਕਾ ਸਿਲਸਿਲਾ ਹੈ ॥



Sri Satguru Jagjit Singh Ji eLibrary NamdhariElibrary@gmail.com

(ਛ) ਏਹ ਬਾਬਾ ਜੀ ਬ੍ਰਿਧ ਲਾਹੌਰ ਮਹੱਲਾ ਮੋਹਲਿਆ ਧਰਮਸਾਲ ਰਾਮਗੜ੍ਹੀਆਂ ਭਾਈ ਹੇਮ ਸਿੰਘ ਜੀ ਦੇ ਪਾਸ ਹਨ ਭਾਈ ਹੇਮ ਸਿੰਘ ਜੀ ਨੂੰ ਕਿਸੀ ਦੇ ਘਰੋਂ ਪਤ੍ਰਾ ੨ ਹੂਏ ਰੱਦੀ ਮੇ ਬ੍ਰਾਜੇ ਹੂਏ ਬਾਬੇ ਜੀ ਮਿਲੇ ਸਨ ਭਾਈ ਜੀ ਨੇ ਬੜੇ ਪ੍ਰੇਮ ਸੇ ਲਿਆ ਕਰ ਜਿਲਦ ਕਰਵਾਈ ਸੰਮਤ ੧੭੩੫ ਕੇ ਲਿਖੇ ਹੂਏ ਹੈਂ ਨੌਂਵੇਂ ਗੁਰੂ ਜੀ ਕੀ ਬਾਣੀ ਦਰਜੇ ਬਦਰਜੇ ਹਰੇਕ ਰਾਗੋਂ ਮੇ ਚੜ੍ਹੀ ਹੂਈ ਹੈ ਅਤੇ ਸਮੇਤ ਛੋਟੇ ਬੜੇ ਤਤਕਰਾ ਕੇ ਅੰਤ ਮੇਂ ਇਕੋ ਕਲਮ ਸਯਾਹੀ ਕੀ ਰਾਗਮਾਲਾ ਲਿਖੀ ਹੂਈ ਮੌਜੂਦ ਹੈ ॥

(ਜ) ਇਹ ਬ੍ਰਿਧ ਬਾਬਾ ਜੀ ਸੰ: ੧੬੬੨ ਮੇਂ ਸ਼ੁਰੂ ਕਰ ੧੬੬੩ ਮੇਂ ਸਮਾਪਤ ਹੂਏ ਦਸੁਖ਼ਤੀ ਸ੍ਰੀ ਗੁਰੂ ਪੰਚਮ ਪਾਤਸ਼ਾਹੋਂ ਕੇ ਚੱਕ ਕਾਹਨਾ ਮੁਤਸਿਲ ਅਖਨੂਰ ਰਜਾਸ੍ਤ ਜੰਮੂ ਮੇਂ ਹੈ ਰਾਗਮਾਲਾ ਛੋਟੇ ਬੜੇ ਤਤਕਰੇ ਕੇ ਸਮੇਤ ਅੰਤ ਮੇ ਲਿਖੀ ਹੂਈ ਮੌਜੂਦ ਹੈ ॥

(ਝ) ਏਹ ਬ੍ਰਿਧ ਬਾਬਾ ਜੀ ਖਾਸ ਨਾਭਾ ਸ੍ਰਦਾਰ ਭਾਈ ਪ੍ਰੇਮ ਸਿੰਘ ਜੀ ਦੇ ਘਰ ਮੇਂ ਬ੍ਰਾਜਮਾਨ ਹੈ ਬਹੁਤ ਪ੍ਰਾਚੀਨ ਕਿਤਾਬੀ ਅਤੇ ਛੋਟੀ ਜਿਲਦ ਕੇ ਦਸੁਖ਼ਤੀ ਸ੍ਰੀ ਗੁਰੂ ਸਪਤਮ ਪਾਤਸ਼ਾਹੋਂ ਕੇ ਤੀਨ ਪਤ੍ਰੇ ਆਦ ਤਤਕਰੇ ਕੇ ਗਏ ਹੂਏ ਹੈਂ ਜਿਸਤੇ ਸੰਮਤ ਨਮਾਲੂਮ ਹੈ ਪੂੰਚੇ ਜੋਤੀ ਜੋਤ ਕਾ ਚਲਿਤ੍ਰ ੬ ਗੁਰੂ ਜੀ ਤਕ ਲਿਖਕੇ ਅਗੇ ਲਿਖਾ ਹੈ ਬਾਕੀ ਗੁਰੂਆਂ ਕਾ ਚਰਿਤ੍ਰ ਜੋ ਜੀਵੇਗਾ ਸੋ ਲਿਖੇਗਾ ਗੁਰੂ ਕੀ ਗਲ ਗੁਰੂ ਜਾਣੇ ਸੋ ਰਾਗਮਾਲਾ ਬੜੇ ਤਤਕਰਾ ਮੇਂ ਅਤੇ ਅੰਤਮੇ ਏਕ ਕਲਮ ਸਯਾਹੀ ਕੀ ਲਿਖੀ ਹੂਈ ਮੌਜੂਦ ਹੈ ਯਹ ਬੀੜ ਭਾਈ ਗੁਰਦਾਸ ਜੀ ਕੀ ਹੈ ॥

(ਞ) ਇਹ ਬ੍ਰਿਧ ਬਾਬਾ ਜੀ ਪਟਯਾਲੇ ਪ੍ਰੈਜ਼ੀਡੈਂਟ ਸ੍ਰਦਾਰ ਦੇਵਾ ਸਿੰਘ ਜੀ ਦੇ ਘਰ ਮੇਂ ਬ੍ਰਾਜਮਾਨ ਹਨ ਅਤੇ ਬਹੁਤ ਹੀ ਛੋਟੇ ਅਕਾਰ ਤੇ ਕਤਾਬੀ ਜਿਲਦ ਕੇ ਹਨ ਆਦ ਅੰਤਪ੍ਰਜੰਤ ਏਕ ਹੀ ਸਯਾਹੀ ਕਲਮ ਮੇ ਰਾਗਮਾਲਾ ਮੌਜੂਦ ਹੈ ਅਤੇ ਜੋਤੀ ਜੋਤ ਸਮਾਉਣੇ ਕਾ ਚਲਿਤ੍ਰ ੯ ਗੁਰੂ ਜੀ ਪ੍ਰਜੰਤ ਹੈ ॥

(ਟ) ਏਹ ਦੋ ਬ੍ਰਿਧ ਬਾਬੇ ਪਿੰਡ ਕੁਤਵਾਲ ਜਿਲਾ ਕਾਮਲਪੁਰ ਤਹਸੀਲ ਫਤੇ ਜੰਗ ਧਰਮਸਾਲ ਪੰਚਾਯਤੀ ਮੇਂ ਹੈਂ ਅਤੇ ਜੋਤੀ ਜੋਤ ਸਮਾਉਣੇ ਕਾ ਚਲਿਤ੍ਰ ਸਪਤਮ ਪਾਤਸ਼ਾਹੋਂ ਤਕ ਹੈ ਰਾਗਮਾਲਾ ਸਮੇਤ ਛੋਟੇ ਬੜੇ ਤਤਕਰਾ ਕੇ ਲਿਖੀ ਮੌਜੂਦ ਹੈ ॥

(ਠ) ਇਹ ਬ੍ਰਿਧ ਬਾਬਾ ਜੀ ਸ੍ਰੀ ਅੰਮ੍ਰਿਤਸਰ ਜੀ ਬੁੰਗਾ ਸਿੰਧੀਆਂ ਮੇਂ ਸ੍ਰੀਮਾਨਜ ਪੰ: ਸਰੂਪ ਦਾਸ ਜੀ ਕੇ ਪਾਸ ਹੈਂ ਇਸ ਬਾਬੇ ਜੀ ਮੇਂ ਇਉ ਲਿਖਾ ਹੈ ਸੰ: ੧੭੬੨ ਮੇਂ ਲਿਖ ਪਹੁੰਚੇ ਗੁਰੂ ਜੀ ਪਾਸ ਮਿਤੀ ਮਾਘ ਵਦੀ ੧ (ਨੀਸ਼ਾਣ ਗੁਰੂ ਜੀ ਕੇ ਦਸੁਖ਼ਤ ਮ: ੧੦) ਇਸ ਬਾਬੇ ਜੀ ਮੇ ਭੀ ਇਕ ਕਲਮ ਸਿਆਹੀ ਕੀ ਰਾਗਮਾਲਾ ਛੋਟੇ ਬੜੇ ਤਤਕਰੇ ਮੇਂ ਅਤੇ ਅੰਤ ਮੇ ਮੌਜੂਦ ਹੈ:—

(ਡ) ਏਹ ੩ ਬਾਬੇ ਬ੍ਰਿਧ ਨ੍ਰਿਬਾਣ ਪ੍ਰੀਤਮ ਦਾਸ ਜੀ ਤੇ ਸੰਤੋਖ ਦਾਸ ਜੀ ਨੇ ਮਹਾਰਾਜਾ ਰਣਜੀਤ ਸਿੰਘ ਜੀ ਸੇ ਬਹੁਤ ਪਹਿਲੇ ਕਰਤਾਰਪੁਰ ਵਾਲੇ ਬਾਬੇ ਸੇ ਲਿਖਵਾਕੇ ਦੋ ਬਾਬੇ ਤੋ ਭੇਟ ਦ੍ਰਬਾਰ ਸ੍ਰੀ ਅੰਮ੍ਰਿਤਸਰ ਜੀ ਮੇ ਕੀਤੇ ੧ ਤੋ ਜਿਸ ਬਾਬੇ ਜੀ ਪਰ ਊਪਰ ਅਖੰਡਪਾਠ ਹੋਇਆ ਕਰਦੇ ਹਨ ਅਤੇ ੨ ਬਾਬਾ ਜੀ ਅੰਦ੍ਰ ਹਰਿਮੰਦਰ ਸਾਹਿਬ ਜੀ ਮੇ ਪ੍ਰਕਾਸ਼ ਹੂਆ ਕਰਤੇ ਹੈਂ, ੩ ਬਾਬਾ ਜੀ ਆਪਣੇ ਬਾਂਧੇ ਹੂਏ ਅਖਾੜੇ ਮੇ ਅਸਥਾਪਨ ਕੀਤ ਹੈਂ ਜੋ ਰੋਜ ਪ੍ਰਕਾਸ਼ ਹੁੰਦਾ ਹੈ ਅਖਾੜਾ ਬ੍ਰਹਮ ਬੂਟਾ ਜੀ ਮੇਂ ਮਿਸਲ ਰਾਮਗੜ੍ਹੀਆਂ ਦੇ ਵਕਤ ਜਿਨਮੇਂ ਛੋਟੇ ਬੜੇ ਤਤਕਰੇ ਮੇਂ ਔ ਅੰਤ ਮੇਂ ਰਾਗਮਾਲਾ ਏਕ ਸਿਆਹੀ ਕਲਮ ਕੀ ਮੌਜੂਦ ਹੈ:—

(ਢ) ਇਹ ਬ੍ਰਿਧ ਬਾਬੇ ਤਖਤ ਅਕਾਲ ਬੁੰਗੇ ਸਾਹਿਬ ਜੀ ਮੇ ਬ੍ਰਾਜਮਾਨ ਹੈਂ ਜਿਨਕੋ ਭਾਈ ਸੰਤ ਸਿੰਘ ਜੀ ਗਯਾਨੀ ਨੇ ਭੇਟ ਤਖਤ ਸਾਹਿਬ ਜੀ ਕੀਤੇ ਹੈਂ ਅਤੇ ਇਸ ਬਾਬੇ ਜੀ ਪਰ ਭੀ ਛੋਟੇ ਬੜੇ ਤਤਕਰੇ ਅਤੇ ਅੰਤ ਮੇ ਰਾਗਮਾਲਾ ਮੌਜੂਦ ਹੈ ਯਹ ਭੀ ਉਤਾਰਾ ਕਰਤਾਰਪੁਰ ਵਾਲੇ ਬਾਬੇ ਜੀ ਕਾਹੀ ਹੈ :—



Sri Satguru Jagjit Singh Ji eLibrary NamdhariElibrary@gmail.com

(ਣ) ਇਹ ਬ੍ਰਿਧ ਬਾਬਾ ਜੀ ਸ੍ਰੀ ਹਰਿਗੋਬਿੰਦ ਪੁਰ ਮੇ ਬ੍ਰਾਜਤੇ ਹੈਂ ਇਸ ਬਾਬੇ ਜੀ ਕੋ ਸ੍ਰਦਾਰ ਜੋਧ ਸਿੰਘ ਜੀ ਮਿਸਲ ਰਾਮਗੜ੍ਹੀਆਂ ਨੇ ਕਰਤਾਰਪੁਰ ਵਾਲੀ ਬੀੜ ਸੇ ਲਿਖਵਾ ਕਰ ਗੋਇੰਦਵਾਲ ਸਥਾਪਨ ਕੀਏ ਹੈਂ ਰਾਗਮਾਲਾ ਛੋਟੇ ਬੜੇ ਤਤਕਰੇ ਅਤੇ ਅੰਤਮੇ ਮਉਜੂਦ ਹੈ:—

ਲੌ ਸਜਨੋਂ ਅਬ ਮੈ ਬੇਨਤੀ ਪੂਰਬਕ ਕਹਿਦਾ ਹਾਂ ਜੋ ਏਹ ੨੫ ਦਰਬਾਰ ਜੋ ਊਪਰ ਲਿਖਕੇ ਮਹਾਤਮਾਓਂ ਕੋ ਦਰਸਾਏ ਹੈ ਅਤੇ ਏਹ ਗ੍ਰੰਥ ਸਾਹਿਬ ਸਭ ਸੇ ਪ੍ਰਾਚੀਨ ਅਤੇ ਸ੍ਰੀ ਗੁਰੂ ਸਾਹਿਬੋਂ ਕੇ ਦਸਤਖਤੀ ਹਨ ਹੁਨ ਹਠਾਂ ਨੂੰ ਛਡ ਕੇ ਅਤੇ ਗੁਰਮੁਖ ਬਣ ਕੇ ਰਾਗਮਾਲਾ ਗੁਰਬਾਣੀ ਮੰਨ ਲੌ ਅਤੇ ਨਾ ਆਪਣਾ ਅਮੋਲਕ ਵਕਤ ਖਰਚ ਕਰੋ ਤੇ ਨਾ ਹੀ ਸਾਡਾ ਕ੍ਰਾਓ ਖਾਹਮਖਾਹ ਪੰਥ ਮੇ ਫੁਟ ਦਾ ਨਿਸ਼ਾਨ ਭੀ ਨ ਬਣੋ ਮਿਤ੍ਰੋ ਏਹ ਸਮਾ ਫਿਰ ਨਹੀ ਜੇ ਹਥ ਆਉਣਾ ਕਿਉਂਕਿ ਬਾਬੇ ਬੰਦੇ ਵਤ ਫਿਰ ਪਸਚਾਤਾਪ ਹੀ ਰਹੇ ਜਾਵੇਗਾ ਕਾਹੇ ਤੇ ਓੜਕ ਸੱਚ ਕੀ ਜੈ ਹੈ ਆਉ ਖਾ ਪ੍ਰੇਮੀਓ ਇਸ ਗੁਰੂ ਵਾਕ ਨੂੰ ਕਿਉਂ ਉਲੰਘਣ ਕਰਦੇ ਹੋ ।। (ਆਓ ਭੈਣੇਂ ਗਲ ਮਿਲੋ ਅੰਕਸਹੇਲੜੀਆਹ ।। ਮਿਲਕੇ ਕਰੇਂ ਕਹਾਣੀਆਂ ਸਮਰਥ ਕੰਤ ਕੀਆਹ) ਮਿਤ੍ਰੋ ਏਨਾ ਨੁਕਤੇ ਚੀਨੀਆਂ ਵਿਚ ਤਬਾਹੀ ਨ ਕਰੋ ਆਓ ਮਿਲਕੇ ਬੈਠ ਕੇ ਬੀਚਾਰੋ ਗੁਰਬਾਣੀ ਕੈਸੇ ਮਨ ਰੰਜਨ ਉਪਦੇਸ਼ ਦੇ ਰਹੀ ਹੈ ।। (ਮਿਲਬੇ ਕੀ ਮਹਿਮਾ ਬਰਣ ਨ ਸਾਕੋ ਨਾਨਕ ਪਰੇ ਪਰੀਲਾ) ਪ੍ਰਿਅਵਰੋ ਮਿਲਕੇ ਗੁਰਬਾਣੀ ਕਾ ਵੀਚਾਰ ਕਰੋ ਗੁਰਮੁਖ ਬਣੋਂ, (ਗੁਰਮੁਖ ਵੈਰ ਵਿਰੋਧ ਮਿਟਾਵੇ ।। ਗੁਰਮੁਖ ਸਗਲੀ ਗਣਤ ਚੁਕਾਵੇ) ਮਿਤ੍ਰੋ ਗੁਰਮੁਖਤਾ ਤਦੋਂ ਹੀ ਹੈ ਜੇਕਰ ਮਾਤਾ ਪਿਤਾ ਦੇ ਹੁਕਮ ਅਨੁਸਾਰ ਚਲੀਏ ਤੋਂ ਜੇ ਮਾਤਾ ਪਿਤਾ ਗੁਰੂ ਦੇ ਹੁਕਮ ਨੂੰ ਨੁਕਤੇਚੀਨੀ ਕਰ ਓਨਾਂ ਨੂੰ ਭੂਲੇ ਹੂਏ ਦਸੀਏ ਤੋ ਪੁਤ੍ਰ ਅਤੇ ਸਪੁਤ੍ਰ ਅਤੇ ਸਿਖ ਪਦਵੀ ਸੇ ਖਾਰਜ ਹੂਏ ਹੀ ਜਰੂਰ ਸਮਝਣਾ ਪਵੇਗਾ ਕਿਉਂ ਕਿ (ਮੁਲੰਮਾ ਪਾਜ ਲਹਿਜਾਵਣਿਆਂ) ਮੁਲੰਮੇਂਦੀ ਆਬ ਥੋੜੇ ਹੀ ਦਿਨਾ ਦੀ ਪ੍ਰਾਹੁਨੀ ਹੁੰਦੀ ਹੈ ਅਖਸਰ ਪਾਜ ਉਘੜ ਹੀ ਜਾਇਆ ਕਰਦਾ ਹੈ ਯਾਤੇ ਗੁਰੂਵਾਕ ਮੰਨਕੇ ਪਿਤਾ ਗੁਰੂਓਂ ਸੇ ਝਗੜਾ ਕਰਨਾ ਛਡਕੇ ਗੁਰ ਸਿਖ ਬਣ ਜਾਈਏ ਗੁਰੂ ਵਾਕਜ, (ਕਾਹੇ ਪੂਤ ਝਗਰਤ ਹੋ ਸੰਗ ਬਾਪ।।ਜਿਨਕੇ ਜਨੇ ਵਡੀਰੇ ਹਹੁ ਤੁਮ ਤਾਸੋਂ ਝਗਰਤ ਪਾਪ) ਮਿਤ੍ਰੋ ਜਿਨਾ ਦੀ ਉਸਤਤੀ ਦੂਸ੍ਰੇ ਮਤਾ ਵਾਲੇ ਕਰ ਰਹੇ ਹਨ ਉਨਕੋ ਭੂਲੇ ਹੂਏ ਦਸਨਾ ਹੀ ਝਗੜਾ ਹੈ ਦੇਖੋ ਕਾਨੂਨ ਮੂਸੀਕੀ ਜਿਸ ਵਿਚ ਰਬਾਬ ਸਾਜ ਦਾ ਬਣਾਉਣਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਤੇ ਸਰੰਦਾ ਸ੍ਰੀ ਗੁਰੂ ਅਮਰਦਾਸ ਜੀ ਦਾ ਬਨਾਉਣਾ ਸਾਦਕ ਅਲੀ ਲਾਇਕ ਗਵਈਏ ਲਿਖਦੇ ਹਨ ਅਤੇ ਸ੍ਰੀ ਗੁਰੂ ਜੀ ਦੇ ਸੇਵਕ ਮਹੰਤ ਗਜਾਸਿੰਘ ਗੁਰਦੁਆਰਾ ਗੁਰੂਸਰ ਜੀ ਦਾ ਬਣਵਾਇਆ ਹੂਆ ਤਾਊਸ ਸਾਜ ਪ੍ਰਚਲਤ ਹੈ ਫਿਰ ਉਸ ਰਾਗ ਇਲਮ ਸੇ ਆਪ ਖਾਲੀ ਹੋਵੇ ਅਤੇ ਸ੍ਰੀ ਗੁਰੂ ਸਾਹਿਬਦੇਪੂਰਨ ਆਸ਼ਜ ਨੂੰ ਨਾ ਸਮਝ ਕੇ ਰਾਗ ਮਾਲਾਦੀ ਗੁਰਬਾਣੀ ਪਰ ਨੁਕਤੇ ਚੀਨੀ ਕਰੇਂ ਤੋ ਗੁਰੂ ਪਿਤਾ ਸੇ ਝਗੜਾ ਨਹੀ ਤੋ ਹੋਰ ਹੈ ਹੀ ਕਿਆ ।। ਸੋ ਯਾਤੇ ਗੁਰੂ ਸਿਖ ਨਿਰਹਠ ਯਥਾਰਥ ਵਕਤਾ ਇਸ ਗ੍ਰੰਥ ਨੂੰ ਦੀਰਘ ਦ੍ਰਿਸ਼੍ਰੀ ਸੇ ਵੀਚਾਰ ਕੇ ਉਮੇਦ ਹੈ ਜੋ (ਗੁਰੂ) ਸਾਹਿਬ ਜੀ ਨੂੰ ਹਾਜ਼ਰ ਨਾਜ਼ਰ ਜਾਨ ਕੇ ਅਤੇ ਸਚੇ ਦਿਲ ਸੇ ਰਾਇ ਦੇਵੇਂਗੇ, ਅਤੇ ਜੋ ਸਜਨ ਹਠ ਧਰਮ ਨੂੰ ਅਥਵਾ ਲਿਹਾਜ਼ ਮੇਂ ਯਾਂ ਕਿਸੀ ਦਬਾਬ ਮੇਂ ਆਕੇ ਗਲਤ ਰਾਇ ਦੇਵੇ ਯਾ ਚੁਪ ਵਟ ਜਾਏ ਸੋ ਗੁਰੂ ਸਾਹਿਬ ਕੇ ਦੇਨਦਾਰ ਹੋਂਗੇ ।।

ਦੋ:।।ਬਿਨਤ ਕਰੋਂ ਸਭ ਪੰਥ ਕੋ, ਮੋਮਤਿ ਤੁਛ ਪਹਿਚਾਨ ।।
ਭੂਲ ਖਿਮਾਪਨ ਕੀਜੀਏ, ਸੋਧ ਪੜ੍ਹੋ ਬੁਧਿਮਾਨ ।।੨੦।।
ਬਾਲਕ ਬਾਤੇਂ ਤੋਤਲੀ, ਗ੍ਰਤਲ ਦੂਸ਼ਣੀ ਜੋਇ ।।
ਧਾਰ ਪ੍ਰੇਮ ਸਭ ਸੁਣਤ ਹੈ, ਔਰ ਪੂਛਤ ਖੁਸ਼ ਹੋਇ ।।੨੧।।

ਚੌ:।।ਇਸ ਵਿਧ ਕਵਿਤਾ ਮੇਰੀ ਜਾਨੋਂ ।।
ਯਦੀ ਨ ਠੀਕ ਇਬਾਰਤ ਮਾਨੋਂ ।।



Sri Satguru Jagjit Singh Ji eLibrary NamdhariElibrary@gmail.com

ਪਰ ਵਿਦ੍ਵਾਨ ਪੰਥ ਸਾਰਦੂਲ ॥
ਗ਼ਲਤ ਮਲਤ ਬਚ ਕਰੇਂ ਅਨਕੂਲ ॥
ਔਰ ਨ ਇਛਾ ਮੁਝਕੋ ਕੋਈ ॥
ਗੁਰਬਾਨੀ ਪਰ ਸ਼ੰਕਾ ਹੋਈ ॥
ਕਰਜੋ ਜਤਨ ਮੈ ਇਸ ਉਤਸ਼ਾਹਿ ॥
ਸ੍ਰੀ ਸਤਿਗੁਰ ਕੀਨੋਂ ਨ੍ਰਿਬਾਹਿ ॥੨੨॥

ਦੋ:॥ਸਾਲ ਦੋਇਕੁ ਹੋ ਗਏ, ਦੀਏ ਸ਼ੰਕ* ਕਲੰਕ॥
ਉਤ੍ਰ ਨਹਿ ਵਿਦ੍ਵਾਨ ਕਿਸ ਦੀਨੋਂ ਹੋਇ ਅਸ਼ੰਕ ॥੨੩॥

ਚੌ:॥ਇਸ ਕਾਰਣ ਸੇ ਕਲਮ ਉਠਾਈ ॥
ਯਥਾ ਬੁਧਿ ਸੰਗ ਸ਼ੰਕ ਉਡਾਈ ॥
ਜੇ ਮਦਦ ਗੁਰ ਪ੍ਰੇਮਨ ਪਾਵੋਂ ॥
ਬਾਕੀ ਸ਼ੰਕਾ ਸਭੀ ਉਡਾਵੋਂ ॥੨੪॥

ਦੋ:॥ ਸ੍ਰੀ ਪਰਮਾਤਮ ਦੇਵ ਕੋ, ਬੰਦੋਂ ਬਾਰੰਬਾਰ ॥
ਗ੍ਰੰਥ ਪੰਥ ਸਭ ਸੰਤ ਕੀ, ਬਾਂਛੋ ਚਰਨ ਰਵਾਰ ॥੨੫॥

ਚੌ:॥ਹੇਸਤਿਗੁਰ ਜੀ ਪਰਮ ਕ੍ਰਿਪਾਲੂ ॥
ਕਰੋ ਕ੍ਰਿਪਾ ਪ੍ਰਭ ਦੀਨ ਦਿਆਲੂ ॥
ਨਿਕਸ ਵਿਰੋਧ ਭਾਈਓਂ ਸੇ ਜਾਇ ॥
ਮੇਲ ਜੋਲ ਹੋਵੇ ਸੁਖ ਥਾਇ ॥੨੬॥

ਦੋ:ਸ੍ਰੀ ਗੁਰੂ ਨਾਨਕ ਰੂਪ ਦਸ ਹੇ ਮਨ ਸਦਾ ਧਿਆਇ ॥
ਮੋਖ ਸਾਂਤਿ ਸੁਖ ਦੇਨ ਮੇਂ ਜਿਨਕੋ ਦੇਰ ਨ ਕਾਇ ॥

ਕੁੰਡਲੀਆ॥ਗੁਰੁਆਨਨਗੁਰਕੇਸ਼ਰੀ ਬਾਨੀ ਗੁਰਜਿਨਆਸੁ ॥
ਪੰਚਕਕਾਰ ਮਿਰਯਾਦ ਕੇ ਨੇਮੀ ਪ੍ਰੇਮੀ ਖਾਸੁ ॥

ਨੇਮੀ ਪ੍ਰੇਮੀ ਖਾਸ ਨ੍ਹਾਇ ਸਵੇ ਪਹਿਰ ਥਿਰੰਤੇ ॥
ਕਾਮਾਦਿਕ ਕਕਾਰ ਪੰਚ ਕੇ ਨਸ਼ਟ ਕਰੰਤੇ ॥

ਟੈਹਿਲ ਹਰੀ ਲੈ ਸ਼ਰਨ ਤਿਨ ਬ੍ਰਹਮ ਕਟਾਰ ਕਰ ਜਾਸ ॥
ਬਾਰ ਬਾਰ ਕਰਬੰਦਨਾ ਧਰਪਰ ਧਰ ਕਰਆਸ ॥

---

*੧੨ ਸ਼ੰਕਾ ਰੂਪ ਕਲੰਕ ਰਾਗਮਾਲਾ ਪਰ ਦਿਤਿਆਂ ਕੋ ੨ ਬਰਸ ਹੂਏ ਹੈਂ ।
ਅਠਤਾਲੀ ਸ਼ੰਕਾ ਬਾਕੀ ਹੈਂ ਰਹਿਤ ਪ੍ਰਕਾਸ਼ ਮੇਂ ਜੋ ਕੁਲ ੫੦ ਸਨ ਅਤੇ ਦੋ ਸੰਕਾਓਂ ਪਰ ਉਧਾਰ ਹੋ ਗਯਾ ਹੈ ੧ ਦਸਮ ਗੁਰੂ ਗਿਰਾ ਪ੍ਰਕਾਸਕ ਉਤ੍ਰ ਭੁਲੇਮਾ ਨੰਬ੍ਰ ੮ ਦੂਸ੍ਰਾ ਓਹ ਰਾਗਮਾਲਾ ਮੰਡਨ ਪ੍ਰਬੋਧ ਉਤ੍ਰ ਮੁਸ਼ਕਲ ਨੰਬ੍ਰ ੨



Sri Satguru Jagjit Singh Ji eLibrary NamdhariElibrary@gmail.com

ਚੌ:।।ਲੰਮੇ ਨਾਮ ਡੇਰਾ ਜਾਗੀਰ ।।
ਸੁਭ ਸੁੰਦ੍ਰ ਹੈ ਰਾਵੀ ਤੀਰ ।।
ਤਹਸੀਲ ਚੂੰਹਣੀਆਂ ਜ਼ਿਲਾ ਲਾਹੌਰ ।।
ਸਭ ਦੇਵਨ ਕਾ ਜੋ ਸਿਰਮੌਰ ।।

ਦੋ:।।ਟੈਹਿਲ ਸਿੰਘ ਇਸ ਦਾਸ ਕਾ ਨਾਮਸੁ ਲੇਹੁ ਪਛਾਨ ।।
ਰਾਗਮਾਲ ਮੰਡਲ ਪ੍ਰਬੋਧ ਗ੍ਰੰਥ ਬਨਿਯੋ ਸਮਭਾਨ ।।

ਚੌ:।।ਸਾਵਣ ਸੁਦੀ ਪੁਨਜਾ ਬੁਧਵਾਰ ।।
ਚਾਂਦ ਨਿਧੀ ਰਸ ਪਾਂਡਵ ਸਾਰ ।।
ਸ੍ਰੀ ਸੁਧਾਸਰ ਕੰਠੇ ਮਾਹਿ ।।
ਪੂਰਨ ਕੀਓ ਗ੍ਰੰਥ ਚਿਤ ਚਾਹਿ ।।

ਇਤਿ ਸ੍ਰੀ ਰਾਗਮਾਲਾ ਮੰਡਨ ਪ੍ਰਬੋਧ ਗ੍ਰੰਥੇ ਟੈਹਿਲ ਸਿੰਘ
ਵਿਰਚਤੇ ਦੁਆਦਸ ਸ਼ੰਕਾ ਚੂਰਣੰ ਸਮਾਪਤੰ
ਮਸਤ ਸੁਭ ਮਸਤ ।।

---



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

1533

Sri Satguru Jagjit Singh Ji eLibrary NamdhariElibrary@gmail.com